unfoldingWord™

Open Bible Stories

**unfoldingWord | OPEN BIBLE STORIES**

**an unrestricted visual mini-Bible in any language**

(http://openbiblestories.com)

Open Bible Stories, v. 4.1

Created by Distant Shores Media (http://distantshores.org) and the Door43 world missions community (http://door43.org)

**Checking level 1**

*find out more at* https://unfoldingword.org/quality

**License:**

This work is made available under a Creative Commons Attribution-ShareAlike 4.0 International License (http://creativecommons.org/licenses/by-sa/4.0/)

You are free:

- **Share** — copy and redistribute the material in any medium or format
- **Adapt** — remix, transform, and build upon the material for any purpose, even commercially.

Under the following conditions:

- **Attribution** — You must attribute the work as follows: "Original work available at (http://openbiblestories.com.)" Attribution statements in derivative works should not in any way suggest that we endorse you or your use of this work.
- **ShareAlike** — If you remix, transform, or build upon the material, you must distribute your contributions under the same license as the original.

Use of trademarks: **unfoldingWord** is a trademark of Distant Shores Media and may not be included on any derivative works created from this content. Unaltered content from (http://openbiblestories.com) must include the **unfoldingWord** logo when distributed to others. But if you alter the content in any way, you must remove the **unfoldingWord** logo before distributing your work.

Attribution of artwork: All images used in these stories are © Sweet Publishing (www.sweetpublishing.com) and are made available under a Creative Commons Attribution-Share Alike License (http://creativecommons.org/licenses/by-sa/3.0)

To our brothers and sisters in Christ all over the world—the global church. It is our prayer that God would use this visual overview of His Word to bless, strengthen, and encourage you.

# OPEN BIBLE STORIES

1. ਸ੍ਰਸ਼ਿਟੀ . . . . . . . . . . . . . . . . . . . . . . . . . . . . . . 5
2. ਪਾਪ ਜਗਤ ਵਿਚ ਪ੍ਰਵੇਸ਼ ਕਰਦਾ . . . . . . . . . . . . . . . . . . . . 14
3. ਜਲ ਪਰਲੋ . . . . . . . . . . . . . . . . . . . . . . . . . . . . . . 21
4. ਅਬਰਾਹਾਮ ਨਾਲ ਪ੍ਰਮੇਸ਼ਵਰ ਦਾ ਨੇਮ . . . . . . . . . . . . . . . . . . 30
5. ਵਾਇਦੇ ਦਾ ਪੁੱਤਰ . . . . . . . . . . . . . . . . . . . . . . . . . . 36
6. ਪਰਮੇਸ਼ਵਰ ਇਸਹਾਕ ਲਈ ਮੁਹੈਇਆ ਕਰਦਾ ਹੈ . . . . . . . . . . . . . . 42
7. ਪ੍ਰਮੇਸ਼ਵਰ ਯਕੂਬ ਨੂੰ ਬਰਕਤ ਦੀਂਦਾ ਹੈ . . . . . . . . . . . . . . . . . . 47
8. ਪ੍ਰਮੇਸ਼ਵਰ ਨੇ ਯੂਸਫ ਅਤੇ ਉਸਦੇ ਪਰੀਵਾਰ ਨੂੰ ਬਚਾਇਆ . . . . . . . . 53
9. ਪ੍ਰਮੇਸ਼ਵਰ ਨੇ ਮੂਸਾ ਨੂੰ ਬੁਲਾਇਆ . . . . . . . . . . . . . . . . . . . . 62
10. ਦਸ ਬਵਾਵਾਂ . . . . . . . . . . . . . . . . . . . . . . . . . . . . 71
11. ਪਸਹ . . . . . . . . . . . . . . . . . . . . . . . . . . . . . . . 78
12. ਕੂਚ . . . . . . . . . . . . . . . . . . . . . . . . . . . . . . . . 83
13. ਇਸਰਾਏਲੀਆਂ ਨਾਲ ਪ੍ਰਮੇਸ਼ਵਰ ਦਾ ਨੇਮ . . . . . . . . . . . . . . . . 91
14. ਜੰਗਲ ਵਿਚ ਘੁਮਣਾ ਘੁੰਮਣਾ . . . . . . . . . . . . . . . . . . . . 100
15. ਵਾਇਦੇ ਦਾ ਦੇਸ . . . . . . . . . . . . . . . . . . . . . . . . . 109
16. ਛੁਡਾਉਣ ਵਾਲੇ . . . . . . . . . . . . . . . . . . . . . . . . . . 117
17. ਪ੍ਰਮੇਸ਼ਵਰ ਦਾ ਦਾਊਦ ਨਾਲ ਨੇਮ . . . . . . . . . . . . . . . . . . 127
18. ਵੰਡਿਆ ਹੋਇਆ ਰਾਜ . . . . . . . . . . . . . . . . . . . . . . . 135
19. ਨਬੀ . . . . . . . . . . . . . . . . . . . . . . . . . . . . . . . 143
20. ਗੁਲਾਮੀ ਅਤੇ ਵਾਪਸੀ . . . . . . . . . . . . . . . . . . . . . . 153
21. ਪ੍ਰਮੇਸ਼ਵਰ ਮਸੀਹਾ ਲਈ ਵਾਦਾ ਕਰਦਾ ਹੈ . . . . . . . . . . . . . . 161
22. ਯਹੁੰਨਾ ਦਾ ਜਨਮ . . . . . . . . . . . . . . . . . . . . . . . . 170
23. ਯਸ਼ੂ ਦਾ ਜਨਮ . . . . . . . . . . . . . . . . . . . . . . . . . . 175
24. ਯਹੁੰਨਾ ਯਸ਼ੂ ਨੂੰ ਬਪਤਸਿਮਾ ਦੀਂਦਾ . . . . . . . . . . . . . . . . . 181
25. ਸ਼ੈਤਾਨ ਯਸ਼ੂ ਦੀ ਪਰਖ ਕਰਦਾ . . . . . . . . . . . . . . . . . . . 187
26. ਯਸ਼ੂ ਆਪਣੀ ਸੇਵਕਾਈ ਸ਼ੁਰੂ ਕਰਦਾ . . . . . . . . . . . . . . . . . 192
27. ਚੰਗੇ ਸਾਮਰੀ ਦੀ ਕਹਾਣੀ . . . . . . . . . . . . . . . . . . . . . 198

28. ਧੰਨਵਾਨ ਜਵਾਨ ਹਾਕਮ . . . . . . . . . . . . . . . . . . . . . . . 205
29. ਇਕ ਨਿਰਦਈ ਨੌਂਕਰ ਦੀ ਕਹਾਣੀ . . . . . . . . . . . . . . . . . . . 211
30. ਯਿਸੂ ਪੰਜ ਹਜਾਰ ਦੀ ਭੀੜ ਨੂੰ ਰਜਾਉਂਦਾ . . . . . . . . . . . . . . . 217
31. ਯਿਸੂ ਪਾਣੀ ਉੱਤੇ ਤੁਰਦਾ . . . . . . . . . . . . . . . . . . . . . . . 223
32. ਯਿਸੂ ਭੂਤਾਂ ਨਾਲ ਭਰੇ ਆਦਮੀ ਅਤੇ ਬਿਮਾਰ ਔਰਤ ਨੂੰ ਚੰਗਾ
ਕਰਦਾ ਹੈ . . . . . . . . . . . . . . . . . . . . . . . . . . . . . . . . 228
33. ਇਕ ਕਿਸਾਨ ਦੀ ਕਹਾਣੀ . . . . . . . . . . . . . . . . . . . . . . . 237
34. ਯਿਸੂ ਇਕ ਹੋਰ ਕਹਾਣੀ ਸਖਿਾਉਂਦਾ ਹੈ . . . . . . . . . . . . . . . . 243
35. ਦਯਾਵਾਨ ਪਿਤਾ ਦੀ ਕਹਾਣੀ . . . . . . . . . . . . . . . . . . . . 249
36. **ਰੂਪਾਂਤਰਣ** . . . . . . . . . . . . . . . . . . . . . . . . . . 257
37. **ਯਿਸੂ ਲਾਜਰ ਨੂੰ ਜਿਉਂਦਾ ਕਰਦਾ** . . . . . . . . . . . . . . . . 262
38. **ਯਿਸੂ ਨਾਲ ਧੋਖਾ ਹੁੰਦਾ ** . . . . . . . . . . . . . . . . . . . . . 269
39. **ਯਿਸੂ ਤੇ ਮੁਕੱਦਮਾਂ ਚੱਲਦਾ ** . . . . . . . . . . . . . . . . . . . 278
40. **ਤੁਸੀ ਯਿਸੂ ਨੂੰ ਸਲੀਬ ਦੱਿਤੀ ** . . . . . . . . . . . . . . . . . . 285
41. ਪਰਮੇਸੁਰ ਨੇ ਯਿਸੂ ਨੂੰ ਮੁਰਦਿਆਂ ਵੱਿਚੋ ਜ਼ੀਂਦਾ ਕੀਤਾ . . . . . . . . . . 291
42. ਯਿਸੂ ਵਾਪਸਿ ਸਵਰਗ ਚੱਲੇ ਗਏ . . . . . . . . . . . . . . . . . . . 296
43. ਚਰਚ ਦੀ ਸੁਰੂਆਤ . . . . . . . . . . . . . . . . . . . . . . . . . 303
44. ਪਤਰਸ ਅਤੇ ਯੂਹੰਨਾ ਨੇ ਇੱਕ ਭਖਿਾਰੀ ਨੂੰ ਚੰਗਾ ਕੀਤਾ . . . . . . . . 311
45. ਫ਼ਿਲਿਪੁੱਸ ਅਤੇ ਇਥੋਪੀਆਈ ਅਫ਼ਸਰ . . . . . . . . . . . . . . . . 317
46. **ਪੌਲੁਸ ਦਾ ਮਸੀਹੀ ਬਣਨਾ ** . . . . . . . . . . . . . . . . . . . 325
47. ਪੌਲੁਸ ਅਤੇ ਸੀਲਾਸ ਫ਼ਿਲਿੱਪੈ ਵਚਿ . . . . . . . . . . . . . . . . . . 331
48. ਯਿਸੂ ਨੇ ਵਾਅਦੇ ਕੀਤਾ ਦਾ ਮਸੀਹਾ ਹੈ . . . . . . . . . . . . . . . . 339
49. ਪਰਮੇਸੁਰ ਦੀ ਨਵੀ ਵਾਚਾ . . . . . . . . . . . . . . . . . . . . . . 347
50. ਯਿਸੂ ਦੀ ਵਾਪਸੀ . . . . . . . . . . . . . . . . . . . . . . . . . . . 357

# 1. ਮ੍ਰਗਸ਼ਿਟੀ



ਇਸ ਸ੍ਰਸ਼ਿਟੀ ਦੀ ਸੁਰੁਆਤ ਕੁਝ ਇਸ ਤਰਾਂ ਨਾਲ ਹੋਈ ਪ੍ਰਮੇਸ਼ਵਰ ਨੇ ਸਾਰੀ ਸ੍ਰਸ਼ਿਟੀ ਦੀ ਰਚਨਾ ਕੀਤੀ ਅਤੇ ਇਸ ਵਚਿ ਸਾਰੀਆਂ ਚੀਜਾਂ ਨੂੰ ਛੇ ਦਨਿਾਂ ਵਚਿ ਬਣਾਇਆ | ਪ੍ਰਮੇਸ਼ਵਰ ਦੁਆਰਾ ਧਰਤੀ ਦੀ ਰਚਨ ਤੋਂ ਬਾਅਦ ਇਹ ਖਾਲੀ ਅਤੇ ਹਨੇਰੇ ਨਾਲ ਭਰੀ ਹੋਈ ਸੀ ਅਤੇ ਇਸ ਵਚਿ ਕੁਝ ਵੀ ਰਚਆਿ ਨਹੀਂ ਗਆਿ ਸੀ| ਪਰ ਪ੍ਰਮੇਸ਼ਵਰ ਦਾ ਆਤਮਾ ਪਾਣੀਆਂ ਉੱਤੇ ਮੰਡਰਾਉਂਦਾ ਸੀ |



ਤੱਦ ਪ੍ਰਮੇਸ਼ਵਰ ਨੇ ਕਹਿਾ, " ਰੌਸ਼ਨੀ ਹੋ ਜਾਏ !" ਅਤੇ ਰੌਸ਼ਨੀ ਹੋ ਗਈ | ਪ੍ਰਮੇਸ਼ਵਰ ਨੇ ਦੇਖਆਿ ਕ ਿਰੌਸ਼ਨੀ ਚੰਗੀ ਹੈ ਅਤੇ ਉਸ ਨੇ ਇਸ ਨੂੰ "ਦਨਿ" ਕਹਿਾ | ਉਸ ਨੇ ਇਸ ਨੂੰ ਹਨੇਰੇ ਤੋਂ ਅਲੱਗ ਕੀਤਾ ਅਤੇ ਉਸ ਨੂੰ "ਰਾਤ" ਕਹਿਾ | ਪ੍ਰਮੇਸ਼ਵਰ ਨੇ ਰੌਸ਼ਨੀ ਨੂੰ ਸ੍ਰਸ਼ਿਟੀ ਦੇ ਪਹਿਲੇ ਦਨਿ ਰੱਚਆਿ |



ਸ੍ਰਸ਼ਿਟੀ ਦੇ ਦੂਸਰੇ ਦਨਿ ਪ੍ਰਮੇਸ਼ਵਰ ਨੇ ਆਖਿਆ ਅਤੇ ਧਰਤੀ ਤੋਂ ਉੱਪਰ ਅਕਾਸ਼ ਰਚਿਆ | ਉਸਨੇ ਅਕਾਸ਼ ਦੀ ਰਚਨਾ ਉੱਪਰਲੇ ਅਤੇ ਹੇਠਲੇ ਪਾਣੀਆਂ ਨੂੰ ਅਲੱਗ ਕਰਕੇ ਕੀਤੀ |



ਤੀਸਰੇ ਦਨਿ ਪ੍ਰਮੇਸ਼ਵਰ ਨੇ ਆਖਿਆ ਅਤੇ ਪਾਣੀ ਨੂੰ ਸੁੱਕੀ ਜਮੀਨ ਤੋਂ ਅਲੱਗ ਕੀਤਾ | ਉਸ ਨੇ ਸੁੱਕੀ ਜਮੀਨ ਨੂੰ “ਧਰਤੀ” ਆਖਿਆ ਅਤੇ ਪਾਣੀ ਨੂੰ “ਸਾਗਰ” ਕਹਿਾ | ਪ੍ਰਮੇਸ਼ਵਰ ਨੇ ਦੇਖਿਆ ਕਿ ਜੋ ਕੁਝ ਉਸ ਨੇ ਬਣਾਇਆ ਸੀ ਉਹ ਚੰਗਾ ਹੈ |



ਤੱਦ ਪ੍ਰਮੇਸ਼ਵਰ ਨੇ ਕਹਿਾ, “ਧਰਤੀ ਹਰ ਕਸਿਮ ਦੇ ਪੇੜ ਪੌਦੇ ਉਗਾਵੇ | “ ਅਤੇ ਉਹ ਹੋ ਗਆਿ | ਪ੍ਰਮੇਸ਼ਵਰ ਨੇ ਦੇਖਆਿ ਕਿ ਜੋ ਕੁਝ ਉਸ ਨੇ ਬਣਾਇਆ ਸੀ ਉਹ ਚੰਗਾ ਹੈ |



ਸ੍ਰਸ਼ਿਟੀ ਦੇ ਚੌਥੇ ਦਨਿ, ਪ੍ਰਮੇਸ਼ਵਰ ਨੇ ਆਖਆਿ ਅਤੇ ਸੂਰਜ, ਚੰਦ, ਅਤੇ ਤਾਰੇ ਬਣਾਏ | ਪ੍ਰਮੇਸ਼ਵਰ ਨੇ ਇਹਨਾਂ ਨੂੰ ਧਰਤੀ ਉੱਤੇ ਰੌਸ਼ਨੀ ਦੇਣ ਲਈ ਅਤੇ ਦਨਿ ਅਤੇ ਰਾਤ, ਮੌਸਮ ਅਤੇ ਸਾਲਾਂ ਨੂੰ ਠਹਰਿਾਉਣ ਲਈ ਬਣਾਇਆ | ਪ੍ਰਮੇਸ਼ਵਰ ਨੇ ਦੇਖਆਿ ਕਿ ਜੋ ਕੁਝ ਉਸ ਨੇ ਬਣਾਇਆ ਸੀ ਉਹ ਚੰਗਾ ਹੈ |



ਪੰਜਵੇ ਦਨਿ, ਪ੍ਰਮੇਸ਼ਵਰ ਨੇ ਆਖਿਆ ਅਤੇ ਪਾਣੀ ਵੀਂਚਿ ਤੈਹਰਨ ਵਾਲੇ ਸਾਰੇ ਜੰਤੂਆ ਅਤੇ ਸਾਰੇ ਪੰਛੀਆਂ ਨੂੰ ਬਣਾਇਆ | ਪ੍ਰਮੇਸ਼ਵਰ ਨੇ ਦੇਖਆਿ ਕਿ ਉਹ ਸਭ ਸੱਭ ਚੰਗਾ ਹੈ ਅਤੇ ਉਸ ਨੇਂ ਉਹਨਾਂ ਨੂੰ ਬਰਕਤ ਦੀਂਤੀ |



ਸ੍ਰਸ਼ਿਟੀ ਦੇ ਛੇਵੇਂ ਦਨਿ, “ਪ੍ਰਮੇਸ਼ਵਰ ਨੇ ਆਖਿਆ ਕਿ ਧਰਤੀ ਦੇ ਸਾਰੇ ਜਾਨਵਰ ਹੋ ਜਾਣ !” ਅਤੇ ਇਹ ਉਸੇ ਤਰਾਂ ਹੋ ਗਿਆ ਜਵਿੇਂ ਪ੍ਰਮੇਸ਼ਵਰ ਨੇ ਕਹਿਾ ਸੀ | ਕੁੱਝ ਖੇਤਾਂ ਦੇ ਜਾਨਵਰ, ਕੁੱਝ ਧਰਤੀ ਉੱਤੇ ਰੀਗਣ ਵਾਲੇ, ਅਤੇ ਕੁੱਝ ਜੰਗਲੀ ਜਾਨਵਰ ਸਨ | ਅਤੇ ਪ੍ਰਮੇਸ਼ਵਰ ਨੇ ਦੇਖਆਿ ਕਿ ਉਹ ਸੱਭ ਚੰਗਾ ਸੀ |



ਤੱਦ ਪ੍ਰਮੇਸ਼ਵਰ ਨੇ ਕਹਿਾ, "ਆਓ ਅਸੀ ਆਪਣੇ ਸਵਰੂਪ ਉੱਤੇ ਆਪਣੇ ਵਰਗਾ ਇਨਸਾਨ ਬਣਾਈਏ | ਉਹ ਧਰਤੀ ਅਤੇ ਸਾਰੇ ਜਾਨਵਰਾਂ ਉੱਤੇ ਅਧਕਿਾਰ ਰੱਖਣਗੇ |"



ਤੱਦ ਪ੍ਰਮੇਸ਼ਵਰ ਨੇ ਕੁੱਝ ਮੱਿਟੀ ਲਈ, ਉਸ ਤੋ ਮਨੁੱਖ ਬਣਾਇਆ ਅਤੇ ਉਸ ਵੱਿਚ ਜਿੰਦਗੀ ਦਾ ਸਾਹ ਫੂਕਆਿ | ਇਸ ਮਨੁੱਖ ਦਾ ਨਾਮ ਆਦਮ ਸੀ | ਪ੍ਰਮੇਸ਼ਵਰ ਨੇ ਇਕ ਬਾਗ ਲਗਾਇਆ ਜੱਿਥੇ ਆਦਮ ਰਹਿ ਸਕਦਾ ਸੀ ਅਤੇ ਉਸ ਨੂੰ ਉਥੇ ਉਸ ਦੀ ਦੇਖ ਭਾਲ ਲਈ ਰੱਖਆਿ |



ਬਾਗ ਦੇ ਵਚਿਕਾਰ ਪ੍ਰਮੇਸ਼ਵਰ ਨੇ ਦੋ ਖਾਸ ਦਰੱਖਤ ਲਗਾਏ – ਜਿੰਦਗੀ ਅਤੇ ਬੁਰੇ ਭਲੇ ਦੇ ਗਆਿਨ ਦਾ ਦਰੱਖਤ | ਪ੍ਰਮੇਸ਼ਵਰ ਨੇ ਆਦਮ ਨੂੰ ਕਹਿਾ ਕਿ ਉਹ ਇਕ ਫਲ ਨੂੰ ਛੱਡ ਜੋ ਬੁਰੇ ਭਲੇ ਦੇ ਗਆਿਨ ਦਾ ਹੈ ਬਾਕੀ ਸਾਰੇ ਫਲਾਂ ਤੋਂ ਖਾ ਸਕਦਾ ਹੈ | ਅਗਰ ਉਹ ਇਸ ਫਲ ਤੋਂ ਖਾਏਗਾ ਤਾਂ ਮਰ ਜਾਏਗਾ |



ਤੱਦ ਪ੍ਰਮੇਸ਼ਵਰ ਨੇ ਕਹਿਾ, “ਮਨੁੱਖ ਲਈ ਇਕੱਲਾ ਰਹਣਿਾਂ ਚੰਗਾ ਨਹੀ ਹੈ |” ਪਰ ਕੋਈ ਵੀ ਜਾਨਵਰ ਆਦਮ ਦਾ ਮਦਦਗਾਰ ਨਹੀ ਹੋ ਸਕਦਾ ਸੀ |



ਤੱਦ ਪ੍ਰਮੇਸ਼ਵਰ ਨੇ ਆਦਮ ਉੱਤੇ ਗਹਰਿ ਨੀਂਦ ਭੇਜੀ | ਤੱਦ ਪ੍ਰਮੇਸ਼ਵਰ ਨੇ ਆਦਮ ਦੀ ਇਕ ਪੱਸਲੀ ਲਈ ਅਤੇ ਉਸ ਵਚਿੱਂ ਔਰਤ ਬਣਾਈ ਅਤੇ ਉਸ ਕੋਲ ਲੈ ਆਇਆ |



ਜਦੋਂ ਆਦਮ ਨੇ ਉਸ ਨੂੰ ਦੇਖਿਆ, ਉਸ ਨੇ ਕਹਿਾ, “ਆਖਰਕਾਰ!” ਇਹ ਮੇਰੇ ਵਰਗੀ ਹੈ | ਇਹ “ਔਰਤ” ਅਖਵਾਏਗੀ ਕਉਿਕਂ ਇਹ ਮਨੁੱਖ ਤੋਂ ਬਣਾਈ ਗਈ ਹੈ | ਇਸ ਲਈ ਮਨੁੱਖ ਆਪਣੇ ਮਾਤਾ ਪਤਿਾ ਛੱਡਦਾ ਅਤੇ ਅਪਣੀ ਪਤਨੀ ਨਾਲ ਇਕ ਹੋ ਜਾਂਦਾ ਹੈ |



ਪ੍ਰਮੇਸ਼ਵਰ ਨੇ ਮਨੁੱਖ ਅਤੇ ਔਰਤ ਨੂੰ ਆਪਣੇ ਸਵਰੂਪ ਤੇ ਬਣਾਇਆ | ਉਸ ਨੇ ਉਹਨਾਂ ਨੂੰ ਬਰਕਤ ਦੱਿਤੀ ਅਤੇ ਕਹਿਾ, “ਬਹੁਤ ਸਾਰੇ ਪੁੱਤ ਪੋਤੇ ਪੈਦਾ ਕਰੋ ਅਤੇ ਧਰਤੀ ਭਰ ਦਓਿ |” ਅਤੇ ਪ੍ਰਮੇਸ਼ਵਰ ਨੇ ਦੇਖਆਿ ਕਿ ਜੋ ਕੁਝ ਉਸ ਨੇ ਬਣਾਇਆ ਸੀ ਉਹ ਚੰਗਾ ਹੈ, ਅਤੇ ਉਹ ਇਸ ਸੱਭ ਤੋਂ ਬਹੁਤ ਖੁਸ਼ ਸੀ | ਇਹ ਸੱਭ ਸ੍ਰਸ਼ਿਟੀ ਦੇ ਛੇਵੇਂ ਦਨਿ ਹੋਇਆ |



ਜਦੋਂ ਸੱਤਵਾਂ ਆਇਆ, ਪ੍ਰਮੇਸ਼ਵਰ ਆਪਣਾ ਸਾਰਾ ਕੰਮ ਖਤਮ ਕਰ ਚੁੱਕਾ ਸੀ | ਇਸ ਲਈ ਪ੍ਰਮੇਸ਼ਵਰ ਨੇ ਉਸ ਸੱਭ ਤੋਂ ਅਰਾਮ ਕੀਤਾ ਜੋ ਉਹ ਕਰ ਰਹਿਾ ਸੀ | ਉਸ ਨੇ ਸੱਤਵੇਂ ਦਨਿ ਨੂੰ ਬਰਕਤ ਦੱਿਤੀ ਅਤੇ ਇਸ ਨੂੰ ਪਵੱਿਤਰ ਬਣਾਇਆ ਕਉਿਂਕਿ ਇਸ ਦਨਿ ਉਸ ਨੇ ਆਪਣੇ ਕੰਮ ਤੋਂ ਅਰਾਮ ਕੀਤਾ | ਇਸ ਤਰਾਂ ਪ੍ਰਮੇਸ਼ਵਰ ਨੇ ਸਾਰੀ ਸ੍ਰਸ਼ਿਟੀ ਦੀ ਰਚਨਾ ਕੀਤੀ ਅਤੇ ਇਸ ਵਚਿ ਹਰ ਚੀਜ ਨੂੰ ਬਣਾਇਆ |

:

# 2. ਪਾਪ ਜਗਤ ਵਿਚ ਪ੍ਰਵੇਸ਼ ਕਰਦਾ



ਆਦਮ ਅਤੇ ਉਸ ਦੀ ਪਤਨੀ ਖੂਬਸੂਰਤ ਬਾਗ ਵਿਚ ਬਹੁਤ ਖੁਸ਼ੀ ਨਾਲ ਰਹਿੰਦੇ ਸਨ ਜੋ ਪ੍ਰਮੇਸ਼ਵਰ ਨੇ ਉਹਨਾਂ ਲਈ ਬਣਾਇਆ ਸੀ | ਉਹਨਾਂ ਵਚਿੋਂ ਕਸਿੇ ਦੇ ਵੀ ਕਪੜੇ ਨਹੀ ਸਨ ਪਰ ਉਸ ਤੋਂ ਉਹਨਾਂ ਨੂੰ ਕੋਈ ਵੀ ਸ਼ਰਮ ਨਹੀ ਸੀ ਕਉਿਂਕ ਿਸੰਸਾਰ ਵਚਿ ਕੋਈ ਵੀ ਪਾਪ ਨਹੀ ਸੀ | ਉਹ ਆਮ ਤੌਰ ਤੇ ਬਾਗ ਵਿੱਚ ਘੁੰਮਦੇ ਅਤੇ ਪ੍ਰਮੇਸ਼ਵਰ ਨਾਲ ਗੱਲਾਂ ਕਰਦੇ ਸਨ |



ਪਰ ਬਾਗ ਵਚਿ ਇਕ ਚਾਤਰ ਸੱਪ ਸੀ | ਉਸ ਨੇ ਔਰਤ ਨੂੰ ਪੁੱਛਿਆ, “ਕੀ ਪ੍ਰਮੇਸ਼ਵਰ ਨੇ ਸਚਮੁਚ ਕਹਿਾ ਹੈ ਕ ਿਇਸ ਬਾਗ ਦੇ ਦਰਖਤਾਂ ਦੇ ਫਲ ਨਹੀਂ ਖਾਣੇ?”



ਔਰਤ ਨੇ ਉੱਤਰ ਦਿੱਤਾ, “ਪ੍ਰਮੇਸ਼ਵਰ ਨੇ ਸਾਨੂੰ ਕਹਿਾ ਹੈ ਕਿ ਅਸੀ ਕਿਸੇ ਵੀ ਦਰਖਤ ਦੇ ਫਲ ਨੂੰ ਖਾ ਸਕਦੇ ਹਾਂ ਪਰ ਬੁਰੇ ਭਲੇ ਦੇ ਗਆਿਨ ਦੇ ਫਲ ਨੂੰ ਨਹੀਂ ਖਾ ਸਕਦੇ | ਪ੍ਰਮੇਸ਼ਵਰ ਨੇ ਸਾਨੂੰ ਕਹਿਾ, “ਅਗਰ ਤੁਸੀ ਇਸ ਫਲ ਨੂੰ ਖਾਓ ਯਾ ਇਸ ਨੂੰ ਛੂਓ ਤਾਂ ਤੁਸੀ ਮਰ ਜਾਓਗੇ |”



ਸੱਪ ਨੇ ਔਰਤ ਨੂੰ ਉੱਤਰ ਦਿੱਤਾ, “ਇਹ ਸਚਾਈ ਨਹੀ ਹੈ !” ਤੁਸੀ ਮਰੋਗੇ ਨਹੀ | ਪ੍ਰਮੇਸ਼ਵਰ ਜਾਣਦਾ ਹੈ ਕਿ ਜਵਿੇਂ ਹੀ ਤੁਸੀ ਇਸ ਨੂੰ ਖਾਓਗੇ, ਤੁਸੀ ਪ੍ਰਮੇਸ਼ਵਰ ਵਰਗੇ ਹੋ ਜਾਓਗੇ ਅਤੇ ਉਸ ਦੀ ਤਰਾਂ ਬੁਰੇ ਅਤੇ ਭਲੇ ਨੂੰ ਸਮਝਣ ਲੱਗ ਜਾਓਗੇ |



ਔਰਤ ਨੇ ਦੇਖਿਆ ਕਿ ਫਲ ਸੁੰਦਰ ਹੈ ਅਤੇ ਦੇਖਣ ਨੂੰ ਸਵਾਦ ਲੱਗਦਾ ਹੈ | ਉਹ ਬੁੱਧਵਨ ਬਣਨਾ ਵੀ ਚਾਉਂਦੀ ਸੀ, ਇਸ ਲਈ ਉਸ ਨੇ ਫਲ ਤੋੜਿਆ ਅਤੇ ਖਾਧਾ | ਤੱਦ ਉਸ ਨੇ ਕੁਝ ਆਪਣੇ ਪਤੀ ਨੂੰ ਵੀ ਦਿੱਤਾ, ਜੋ ਉਸ ਦੇ ਨਾਲ ਸੀ ਅਤੇ ਉਸ ਨੇ ਵੀ ਖਾ ਲਿਆ |



ਅਚਾਨਕ ਉਹਨਾਂ ਦੀਆਂ ਅੱਖਾਂ ਖੁੱਲ ਗਈਆਂ ਅਤੇ ਉਹਨਾਂ ਨੇ ਜਾਣਿਆ ਕਿ ਉਹ ਨੰਗੇ ਸਨ | ਉਹਨਾਂ ਨੇ ਆਪਣੇ ਸਰੀਰ ਡੱਕਣ ਲਈ ਪੱਤਿਆਂ ਨੂੰ ਸਿਉਂ ਕੇ ਕਪੜੇ ਬਨਾਉਣ ਦੀ ਕੋਕਸ਼ਿ ਕੀਤੀ |



ਤੱਦ ਆਦਮੀ ਅਤੇ ਉਸਦੀ ਪਤਨੀ ਨੇ ਬਾਗ ਵਚਿ ਆਉਦਆਿ ਪ੍ਰਮੇਸ਼ਵਰ ਦੀ ਆਵਾਜ਼ ਸੁਣੀ | ਉਹ ਦੋਨੋ ਪ੍ਰਮੇਸ਼ਵਰ ਤੋਂ ਛਪਿ ਗਏ | ਤੱਦ ਪ੍ਰਮੇਸ਼ਵਰ ਨੇ ਆਦਮੀ ਨੂੰ ਆਵਾਜ਼ ਮਾਰੀ , “ਤੂੰ ਕੱਿਥੇ ਹੈਂ?” ਆਦਮ ਨੇ ਉੱਤਰ ਦੱਿਤਾ, “ਮੈਂ ਬਾਗ ਵੱਿਚ ਤੇਰੇ ਚੱਲਣ ਦੀ ਅਵਾਜ ਸੁਣੀ ਅਤੇ ਡਰ ਗਆਿ ਕਉਿਂਕ ਿਮੈਂ ਨੰਗਾ ਹਾਂ |” ਇਸ ਲਈ ਮੈਂ ਛੁੱਪ ਗਆਿ |



ਤੱਦ ਪ੍ਰਮੇਸ਼ਵਰ ਨੇ ਉਸ ਤੋਂ ਪੁਛਆਿ, “ਤੈਨੂ ਕਸਿ ਨੇ ਦੱਸਆਿ ਕ ਿਤੂੰ ਨੰਗਾ ਹੈਂ?” ਕੀ ਤੂੰ ਉਹ ਫਲ ਖਾ ਲਆਿ ਜਹਿੜਾ ਮੈਂ ਤੈਨੂ ਖਾਣੇ ਤੋਂ ਮਨ੍ਹਾ ਕੀਤਾ ਸੀ ?” ਆਦਮ ਨੇ ਉੱਤਰ ਦੱਿਤਾ, “ਤੂੰ ਮੈਨੂੰ ਇਹ ਔਰਤ ਦੱਿਤਾ ਉਸ ਨੇ ਮੈਨੂੰ ਇਹ ਫਲ ਦੱਿਤਾ |” ਤੱਦ ਪ੍ਰਮੇਸ਼ਵਰ ਨੇ ਔਰਤ ਨੂੰ ਪੁੱਛਆਿ, “ਤੂੰ ਇਹ ਕੀ ਕੀਤਾ?” ਔਰਤ ਨੇ ਉੱਤਰ ਦੱਿਤਾ, “ਸੱਪ ਨੇ ਮੇਰੇ ਨਾਲ ਚਲਾਕੀ ਕੀਤੀ |”



ਪ੍ਰਮੇਸ਼ਵਰ ਨੇ ਸੱਪ ਨੂੰ ਕਹਿਾ, "ਤੂੰ ਸਰਾਪਤ ਹੈਂ |" ਤੂੰ ਪੇਟ ਭਰ ਰੀਂਗੇਗਾਂ ਅਤੇ ਮਿੱਟੇ ਖਾਵੇਂਗਾ | ਤੂੰ ਅਤੇ ਔਰਤ ਇਕ ਦੂਸਰੇ ਨੂੰ ਨਫਰਤ ਕਰੋਂਗੇ, ਅਤੇ ਤੇਰੇ ਬੱਚੇ ਅਤੇ ਉਸ ਦੇ ਬੱਚੇ ਵੀ ਇਕ ਦੂਸਰੇ ਨੂੰ ਨਫਰਤ ਕਰਨਗੇ | ਔਰਤ ਦੀ ਸੰਤਾਨ ਤੇਰਾ ਸਰਿ ਫੇਹੇਂਗੀ ਅਤੇ ਤੂੰ ਉਸ ਦੀ ਅੱਡੀ ਨੂੰ ਡੱਸੇਂਗਾ |"



ਤੱਦ ਪ੍ਰਮੇਸ਼ਵਰ ਨੇ ਔਰਤ ਨੂੰ ਕਹਿਾ, "ਬੱਚੇ ਦਾ ਜਣਨਾ ਮੈਂ ਤੇਰੇ ਲਈ ਬਹੁਤ ਦਰਦਨਾਕ ਕਰ ਦੇਵਾਂਗਾ | ਤੂੰ ਆਪਣੇ ਪਤੀ ਲਈ ਚਾਹ ਰਖੇਂਗੀ, ਅਤੇ ਉਹ ਤੇਰੇ ਉੱਤੇ ਹੁਕਮ ਚਲਾਵੇਗਾ |"



ਪ੍ਰਮੇਸ਼ਵਰ ਨੇ ਆਦਮੀ ਨੂੰ ਕਹਿਾ, “ਤੂੰ ਅਪਣੀ ਪਤਨੀ ਦੀ ਸੁਣੀ ਅਤੇ ਮੇਰਾ ਹੁਕਮ ਤੋੜਿਆ |” ਹੁਣ ਭੂਮੀ ਸਰਾਪਤ ਹੈ, ਅਤੇ ਭੋਜਨ ਪੈਦਾ ਕਰਨ ਲਈ ਤੈਨੂੰ ਕਠਨ ਮੇਹਨਤ ਕਰਨੀ ਪਵੇਗੀ | ਤੱਦ ਤੂੰ ਮਰ ਜਾਵੇਂਗਾ ਅਤੇ ਤੇਰਾ ਸਰੀਰ ਮੱਿਟੀ ਵਚਿ ਮਲਿ ਜਾਵੇਗਾ |” ਆਦਮ ਨੇ ਅਪਣੀ ਪਤਨੀ ਨੂੰ ਹਵਾ ਨਾਮ ਦੱਿਤਾ, ਜਸਿਦਾ ਮਤਲਬ, “ਜੀਂਦਗੀ ਦੇਣ ਵਾਲੀ”, ਕਉਿਂਕ ਿਉਹ ਸੱਭ ਲੋਕਾਂ ਦੀ ਮਾਤਾ ਬਣੇਗੀ | ਅਤੇ ਪ੍ਰਮੇਸ਼ਵਰ ਨੇ ਆਦਮ ਅਤੇ ਹਵਾ ਨੂੰ ਜਾਨਵਰ ਦੀ ਖੱਲ ਪਹਨਾਈ |



ਤੱਦ ਪ੍ਰਮੇਸ਼ਵਰ ਨੇ ਕਹਿਾ, “ਹੁਣ ਮਨੁੱਖ ਬੁਰੇ ਅਤੇ ਭਲੇ ਨੂੰ ਜਾਣਨ ਦੁਆਰਾ ਸਾਡੇ ਵਰਗਾ ਬਣ ਗਆਿ ਹੈ, ਜਰੂਰੀ ਹੈ ਕ ਿਅਨੰਤਤਾ ਅਤੇ ਜੀਵਨ ਦੇ ਦਰਖਤ ਦੇ ਫਲ ਲਈ ਉਸ ਨੂੰ ਆਗਆਿ ਨਾ ਦੱਿਤੀ ਜਾਏ |” ਇਸ ਲਈ ਪ੍ਰਮੇਸ਼ਵਰ ਨੇ ਆਦਮ ਅਤੇ ਹਵਾ ਨੂੰ ਖੂਬਸੂਰਤ ਬਾਗ ਤੋਂ ਦੂਰ ਭੇਜ ਦੱਿਤਾ | ਪ੍ਰਮੇਸ਼ਵਰ ਨੇ ਸ਼ਕਤੀਸ਼ਾਲੀ ਦੂਤਾਂ ਨੂੰ ਬਾਗ ਦੇ ਦਰਵਾਜੇ ਤੇ ਖੜਾ ਕੀਤਾ ਕ ਿਉਹ ਕਸਿੇ ਨੂੰ ਵੀ ਜੀਂਦਗੀ ਦੇ ਫਲ ਖਾਣ ਨਾਂ ਦੇਣ |

*:*

# 3. ਜਲ ਪਰਲੋ



ਇਕ ਲੰਬੇ ਸਮੇਂ ਬਾਅਦ, ਬਹੁਤ ਸਾਰੇ ਲੋਕ ਸੰਸਾਰ ਵਿਚ ਰਹਿੰਦੇ ਸਨ | ਉਹ ਬਹੁਤ ਬੁਰੇ ਅਤੇ ਜਾਲਮ ਬਣ ਗਏ ਸਨ | ਇਨਾ ਬੁਰਾ ਹੋ ਗਿਆ ਸੀ ਕਿ ਪ੍ਰਮੇਸ਼ਵਰ ਨੇ ਵੱਡੇ ਹੜ੍ਹ ਦੁਆਰਾ ਸਾਰੇ ਸੰਸਾਰ ਨੂੰ ਖਤਮ ਕਰਨ ਦਾ ਫੈਸਲਾ ਕੀਤਾ |



ਪਰ ਨੂਹ ਪ੍ਰਮੇਸ਼ਵਰ ਦੀ ਨਗਿਾਹ ਵਿਚ ਭਲਾ ਪਾਇਆ ਗਿਆ | ਉਹ ਧਰਮੀ ਪੁਰਖ ਸੀ, ਜੋ ਬੁਰਿਆਂ ਲੋਕਾਂ ਵਿਚ ਰਹਿੰਦਾ ਸੀ | ਪ੍ਰਮੇਸ਼ਵਰ ਨੇ ਨੂਹ ਨੂੰ ਜਲ ਪਰਲੋ ਬਾਰੇ ਦੱਸਿਆ ਜਸਿ ਨੂੰ ਭੇਜਣ ਦੀ ਉਸ ਨੇ ਯੋਜਨਾ ਬਣਾਈ ਸੀ | ਉਸ ਨੇ ਨੂਹ ਨੂੰ ਇਕ ਵੱਡੀ ਕਸ਼ਿਤੀ ਬਨਾਉਣ ਲਈ ਕਹਿਾ |



ਪ੍ਰਮੇਸ਼ਵਰ ਨੇ ਨੂਹ ਨੂੰ 140 ਮੀਟਰ ਲੰਬੀ, 23 ਮੀਟਰ ਚੌੜੀ ਅਤੇ 13.5 ਮੀਟਰ ਉੱਚੀ ਕਸ਼ਿਤੀ ਬਨਾਉਣ ਨੂੰ ਕਹਿਾ | ਨੂਹ ਨੇ ਇਸ ਨੂੰ ਲਕੜੀ ਤੋਂ ਬਣਾਉਣਾ ਸੀ ਜਸਿ ਦੀਆਂ ਤੀਨ ਮੰਜਲਾਂ, ਕਈ ਕਮਰੇ, ਇਕ ਛੱਤ ਅਤੇ ਖੜਿਕਆਿਂ ਹੋਣ | ਇਹ ਕਸ਼ਿਤੀ ਨੂਹ ਅਤੇ ਉਸਦੇ ਪਰਵਿਾਰ ਨੂੰ ਅਤੇ ਧਰਤੀ ਦੇ ਹਰ ਪ੍ਰਕਾਰ ਦੇ ਜਾਨਵਰ ਨੂੰ ਜਲ ਪਰਲੋ ਵਚਿ ਸੁਰਖਅਿਤ ਰਖੇਗੀ |



ਨੂਹ ਨੇ ਹੁਕਮ ਮੰਨਆਿ | ਉਸ ਨੇ ਅਤੇ ਉਸਦੇ ਤੀਨ ਪੁੱਤਰਾਂ ਨੇ ਬਲਿਕੁਲ ਉਸ ਤਰਾਂ ਕਸ਼ਿਤੀ ਬਣਾਈ ਜਵਿੇਂ ਪ੍ਰਮੇਸ਼ਵਰ ਨੇ ਉਹਨਾਂ ਨੂੰ ਕਹਿਾ ਸੀ | ਕਸ਼ਿਤੀ ਨੂੰ ਬਨਾਉਣ ਲਈ ਬਹੁਤ ਸਾਲ ਲੱਗੇ ਕਉਿਕਿ ਇਹ ਬਹੁਤ ਵੱਡੀ ਸੀ | ਨੂਹ ਨੇ ਆਉਣ ਵਾਲੀ ਜਲ ਪਰਲੋ ਬਾਰੇ ਲੋਕਾਂ ਨੂੰ ਚੇਤਾਵਨੀ ਦਤਿੀ ਅਤੇ ਕਹਿਾ ਕਿ ਉਹ ਪ੍ਰਮੇਸ਼ਵਰ ਵੱਲ ਮੁੜਨ ਪਰ ਉਹਨਾਂ ਨੇ ਵਸ਼ਿਵਾਸ ਨਾ ਕੀਤਾ |



ਪ੍ਰਮੇਸ਼ਵਰ ਨੇ ਨੂਹ ਅਤੇ ਉਸਦੇ ਪਰਵਿਾਰ ਨੂੰ ਇਹ ਵੀ ਹੁਕਮ ਦੱਿਤਾ ਕਿ ਉਹ ਆਪਣੇ ਲਈ ਅਤੇ ਜਾਨਵਰਾਂ ਲਈ ਕਾਫੀ ਭੋਜਨ ਇਕਠਾ ਕਰਨ | ਜਦੋਂ ਸੱਭ ਕੁਝ ਤਆਿਰ ਸੀ, ਪ੍ਰਮੇਸ਼ਵਰ ਨੇ ਨੂਹ ਨੂੰ ਕਹਿਾ ਕਿ ਹੁਣ ਉਸ ਲਈ, ਉਸ ਦੀ ਪਤਨੀ ਲਈ, ਉਸ ਦੇ ਤਿੰਨ ਪ੍ਰੱਤਰਾਂ ਲਈ ਅਤੇ ਉਹਨਾਂ ਦੀਆਂ ਪਤਨੀਆ ਲਈ ਇਹ ਸਮਾਂ ਹੈ ਕਿ ਉਹ ਕਸ਼ਿਤੀ ਦੇ ਅੰਦਰ ਜਾਣ –ਇਹ ਅੱਠ ਲੋਕ ਸਨ |



ਪ੍ਰਮੇਸ਼ਵਰ ਨੇ ਹਰ ਜਾਨਵਰ ਅਤੇ ਪੰਛੀ ਦੇ ਨਰ ਅਤੇ ਮਾਦਾ ਦਾ ਜੋੜਾ ਨੂਹ ਕੋਲ ਭੇਜਆਿ ਤਾਂ ਕਿ ਜਲ ਪਰਲੋ ਦੇ ਸਮੇਂ ਕਸ਼ਿਤੀ ਵਚਿ ਸੁਰਖਅਿਤ ਰਹਣਿ | ਪ੍ਰਮੇਸ਼ਵਰ ਨੇ ਹਰ ਕਸਿਮ ਦੇ ਪਸ਼ੂਆਂ ਵਚਿੋਂ ਸੱਤ ਨਰ ਅਤੇ ਸੱਤ ਮਾਦਾ ਭੇਜੇ ਜੋ ਬਲੀਆਂ ਲਈ ਇਸਤੇਮਾਲ ਕੀਤੇ ਜਾ ਸਕਦੇ ਸਨ | ਜਦੋਂ ਉਹ ਸੱਭ ਕਸ਼ਿਤੀ ਦੇ ਅੰਦਰ ਸਨ ਤਾਂ ਪ੍ਰਮੇਸ਼ਵਰ ਨੇ ਖ਼ੁੱਦ ਦਰਵਾਜਾ ਬੰਦ ਕੀਤਾ |



ਤੱਦ ਬਾਰਸ਼ ਸ਼ੁਰੂ ਹੋਈ, ਅਤੇ ਬਾਰਸ਼ ਹੀ ਬਾਰਸ਼ ਸੀ | ਬਨਿਾ ਰੁਕੇ ਚਾਲੀ ਦਨਿ ਅਤੇ ਚਾਲੀ ਰਾਤ ਬਾਰਸ਼ ਹੋਈ | ਧਰਤੀ ਦੇ ਅੰਦਰੋ ਵੀ ਪਾਣੀ ਦੇ ਸੋਮੇ ਫੁੱਟ ਨੱਿਕਲੇ | ਸੰਸਾਰ ਵਚਿ ਸੱਭ ਕੁਝ ਪਾਣੀ ਨਾਲ ਡੱਕਆਿ ਗਆਿ ਸੀ, ਇਥੋਂ ਤਕ ਕ ਿਪਰਬਤਾਂ ਦੀਆਂ ਚੋਟੀਆਂ ਵੀ |



ਸੁੱਕੀ ਧਰਤੀ ਉੱਤੇ ਰਹਣਿ ਵਾਲੀ ਹਰ ਚੀਜ ਖਤਮ ਹੋ ਗਈ , ਉਹਨਾਂ ਲੋਕਾਂ ਨੂੰ ਛੱਡ ਕੇ ਜਹਿੜੇ ਕਸ਼ਿਤੀ ਵਚਿ ਸਨ | ਕਸ਼ਿਤੀ ਪਾਣੀ ਉੱਤੇ ਤੈਹਰਦੀ ਰਹੀ ਅਤੇ ਕਸ਼ਿਤੀ ਦੇ ਅੰਦਰ ਸੱਭ ਕੁਝ ਵੈਹਣ ਤੋਂ ਬੱਚਆਿ ਰਹਿਾ |



ਬਾਰਸ਼ ਰੁੱਕਣ ਤੋਂ ਬਾਅਦ ਕਸ਼ਿਤੀ ਪਾਣੀ ਉੱਤੇ ਪੰਜ ਮਹੀਨੇ ਤੈਹਰਦੀ ਰਹੀ ਅਤੇ ਇਸ ਸਮੇਂ ਦੌਰਾਨ ਪਾਣੀ ਹੇਠਾਂ ਉੱਤਰਨਾ ਸ਼ੁਰੂ ਹੋ ਗਿਆ ਸੀ | ਤੱਦ ਇਕ ਦਨਿ ਕਸ਼ਿਤੀ ਪਹਾੜ ਦੀ ਚੋਟੀ ਉੱਤੇ ਟਕਿੀ, ਪਰ ਸੰਸਾਰ ਅਜੇ ਵੀ ਪਾਣੀ ਨਾਲ ਢੱਕਿਆ ਹੋਇਆ ਸੀ | ਅਗਲੇ ਤੀਨਿ ਮਹੀਨਿਆਂ ਬਾਅਦ ਪਰਬਤਾਂ ਦੀਆਂ ਚੋਟੀਆਂ ਦਸਿਣ ਲੱਗੀਆਂ |



ਅਗਲੇ ਹੋਰ ਚਾਲੀ ਦਨਿਾਂ ਬਾਅਦ ਨੂਹ ਨੇ ਕਾਂ ਨਾਮ ਦੇ ਪੰਛੀ ਨੂੰ ਬਾਹਰ ਭੇਜਿਆ ਕਿ ਦੇਖੇ ਕੀ ਪਾਣੀ ਸੁੱਕ ਗਿਆ ਹੈ ਜਾਂ ਨਹੀ | ਕਾਂ ਸੁੱਕੀ ਜਗਾਹ ਦੀ ਭਾਲ ਵਚਿ ਅੱਗੇ ਪੱਿਛੇ ਉੱਡਦਾ ਰਹਿਾ ਪਰ ਕੋਈ ਜਗਾਹ ਨਾ ਮਲਿੀ |



ਬਾਅਦ ਵਿਚ ਨੂਹ ਨੇ ਘੁੱਗੀ ਨਾਮ ਦਾ ਪੰਛੀ ਬਾਹਰ ਭੇਜਿਆ | ਪਰ ਇਹ ਵੀ ਕੋਈ ਸੁੱਕੀ ਜਗਾਹ ਨਾ ਪਾ ਸਕਿਆ ਅਤੇ ਨੂਹ ਕੋਲ ਵਾਪਸ ਆ ਗਇਆ | ਇਕ ਹਫਤੇ ਬਾਅਦ ਉਸ ਨੇ ਘੁੱਗੀ ਨੂੰ ਦੁਬਾਰਾ ਫੇਰ ਭੇਜਿਆ ਅਤੇ ਇਹ ਅਪਣੀ ਚੁੰਜ ਵਿਚ ਜੈਤੂਨ ਦੀ ਲਗਰ ਲੈ ਕੇ ਵਾਪਸ ਆਈ | ਪਾਣੀ ਹੇਠਾਂ ਜਾ ਰਹਿਾ ਸੀ ਅਤੇ ਪੌਦੇ ਦੁਬਾਰਾ ਪੁੰਗਰ ਰਹੇ ਸਨ |



ਨੂਹ ਨੇ ਇਕ ਹਫਤਾ ਹੋਰ ਇੰਤਜ਼ਾਰ ਕੀਤਾ ਅਤੇ ਘੁੱਗੀ ਨੂੰ ਤੀਸਰੀ ਵਾਰ ਭੇਜਿਆ | ਇਸ ਦਫ਼ਾ ਇਸ ਨੂੰ ਬੈਠਣ ਲਈ ਜਗ੍ਹਾ ਮਲਿ ਗਈ ਅਤੇ ਵਾਪਸ ਨਹੀ ਆਈ | ਪਾਣੀ ਸੁੱਕ ਰਹਿਾ ਸੀ !



ਦੋ ਮਹੀਨੇ ਬਾਅਦ ਪ੍ਰਮੇਸ਼ਵਰ ਨੇ ਨੂਹ ਨੂੰ ਕਹਿਾ, "ਤੂੰ ਅਤੇ ਤੇਰਾ ਪਰਿਵਾਰ ਅਤੇ ਸਾਰੇ ਜਾਨਵਰ ਕਸ਼ਿਤੀ ਤੋਂ ਹੁਣ ਬਾਹਰ ਜਾ ਸਕਦੇ ਹੋ |" ਪੁੱਤ ਪੋਤੇ ਪੈਦਾ ਕਰੋ ਅਤੇ ਸਾਰੀ ਧਰਤੀ ਨੂੰ ਭਰ ਦਓਿ | ਇਸ ਲਈ ਨੂਹ ਅਤੇ ਉਸਦਾ ਪਰਿਵਾਰ ਕਸ਼ਿਤੀ ਤੋਂ ਬਾਹਰ ਆਇਆ |



ਕਸ਼ਿਤੀ ਤੋਂ ਬਾਹਰ ਆਉਣ ਦੇ ਬਾਅਦ ਨੂਹ ਨੇ ਇਕ ਵੇਦੀ ਬਣਾਈ ਅਤੇ ਹਰ ਕਸਿਮ ਦੇ ਕੁਝ ਪਸ਼ੂਆਂ ਦੀ ਬਲੀ ਦੱਿਤੀ ਜੋ ਬਲੀ ਲਈ ਵਰਤੇ ਜਾ ਸਕਦੇ ਸੀ | ਪ੍ਰਮੇਸ਼ਵਰ ਬਲੀ ਤੋਂ ਖੁਸ਼ ਸੀ, ਅਤੇ ਉਸਨੇ ਨੂਹ ਅਤੇ ਉਸਦੇ ਪਰਿਵਾਰ ਨੂੰ ਬਰਕਤ ਦੱਿਤੀ |



ਪ੍ਰਮੇਸ਼ਵਰ ਨੇ ਕਹਿਾ, “ਮੈਂ ਵਾਇਦਾ ਕਰਦਾ ਹਾਂ ਕਿ ਅੱਗੇ ਤੋਂ ਕਦੀ ਵੀ ਲੋਕਾਂ ਦੀ ਬੁਰਾਈ ਕਾਰਨ ਜੋ ਉਹ ਕਰਦੇ ਹਨ ਧਰਤੀ ਨੂੰ ਸ਼ਰਾਪ ਨਹੀ ਦੇਵਾਂਗਾ, ਜਾਂ ਸੰਸਾਰ ਨੂੰ ਪਾਣੀ ਨਾਲ ਖਤਮ ਨਹੀਂ ਕਰਾਂਗਾ , ਚਾਹੇ ਲੋਕ ਆਪਣੇ ਬਚਪਨ ਤੋਂ ਹੀ ਦੁਸ਼ਟ ਹਨ |”



ਤੱਦ ਪ੍ਰਮੇਸ਼ਵਰ ਨੇ ਆਪਣੇ ਵਾਇਦੇ ਦੀ ਨਸ਼ਿਾਨੀ ਵਜੋਂ ਇਕ ਸਤਰੰਗੀ ਪੀਘ ਬਣਾਈ | ਜਦ ਕਦੀ ਵੀ ਅਕਾਸ਼ ਵਚਿ ਸਤਰੰਗੀ ਪੀਘ ਦਖਿਾਈ ਦੀਂਦੀ ਹੈ, ਪ੍ਰਮੇਸ਼ਵਰ ਆਪਣੇ ਵਾਇਦੇ ਨੂੰ ਯਾਦ ਕਰਦਾ ਹੈ ਅਤੇ ਉਸਦੇ ਲੋਕ ਵੀ |

*: ਉਤਪਤ 6–8*

# 4. ਅਬਰਾਹਾਮ ਨਾਲ ਪ੍ਰਮੇਸ਼ਵਰ ਦਾ ਨੇਮ



ਜਲ ਪਰਲੋ ਤੋਂ ਕਈ ਸਾਲ ਬਾਅਦ , ਸੰਸਾਰ ਵਚਿ ਦੁਬਾਰਾ ਫੇਰ ਬਹੁਤ ਸਾਰੇ ਲੋਕ ਸਨ ਅਤੇ ਉਹ ਸਾਰੇ ਇਕ ਹੀ ਭਾਸ਼ਾ ਬੋਲਦੇ ਸਨ | ਪ੍ਰਮੇਸ਼ਵਰ ਦੇ ਹੁਕਮ ਅਨੁਸਾਰ ਸਾਰੀ ਧਰਤੀ ਨੂੰ ਭਰਨ ਦੀ ਬਜਾਇ ਉਹ ਸੱਭ ਇਕਠੇ ਹੋਏ ਅਤੇ ਇਕ ਸ਼ਹਰਿ ਬਣਾਇਆ |



ਉਹਨਾਂ ਨੂੰ ਇਸ ਦਾ ਬਹੁਤ ਘੁਮੰਡ ਸੀ, ਅਤੇ ਜੋ ਪ੍ਰਮੇਸ਼ਵਰ ਨੇ ਕਹਿਾ ਸੀ ਉਸ ਦੀ ਉਹਨਾਂ ਨੇ ਕੋਈ ਪਰਵਾਹ ਨਾ ਕੀਤੀ | ਇਥੋਂ ਤੱਕ ਕਿ ਉਹਨਾਂ ਨੇ ਸਵਰਗ ਪਹੁੰਚਣ ਲਈ ਇਕ ਬੁਰਜ਼ ਬਨਾਉਣਾ ਵੀ ਸ਼ੁਰੂ ਕੀਤਾ | ਪ੍ਰਮੇਸ਼ਵਰ ਨੇ ਦੇਖਆਿ ਅਗਰ ਇਹ ਸੱਭ ਮਲਿਕੇ ਬੁਰਾਈ ਕਰਨ ਵਚਿ ਲੱਗੇ ਰਹੇ ਤਾਂ ਇਹ ਹੋਰ ਵੀ ਬਹੁਤ ਸਾਰੀਆਂ ਬੁਰੀਆਂ ਗੱਲਾਂ ਕਰ ਸਕਦੇ ਹਨ |



ਤਾਂ ਪ੍ਰਮੇਸ਼ਵਰ ਨੇ ਉਹਨਾਂ ਦੀ ਭਾਸ਼ਾ ਬਹੁਤ ਸਾਰੀਆਂ ਭਾਸ਼ਾਵਾਂ ਵਿਚ ਬਦਲ ਦੱਤਿੀ ਅਤੇ ਲੋਕਾਂ ਨੂੰ ਸਾਰੇ ਸੰਸਾਰ ਵਚਿ ਖਲਿਾਰ ਦੱਤਿਾ | ਉਹ ਸ਼ਹਰਿ ਜਸਿ ਨੂੰ ਉਹਨਾਂ ਨੇ ਬਨਾਉਣਾ ਸ਼ੁਰੂ ਕੀਤਾ ਸੀ ਬਾਬਲ ਕਹਾਉਦਾ ਸੀ ,ਜਸਿ ਦਾ ਮਤਲਬ, "ਉਲਝਣਾ" |



ਕਈ ਸੌ ਸਾਲ ਬਾਅਦ, ਪ੍ਰਮੇਸ਼ਵਰ ਨੇ ਇਕ ਵਅਿਕਤੀ ਨਾਲ ਗੱਲ ਕੀਤੀ, ਜਸਿ ਦਾ ਨਾਮ ਸੀ ਅਬਰਾਮ | ਪ੍ਰਮੇਸ਼ਵਰ ਨੇ ਉਸ ਨੂੰ ਕਹਿਾ,"ਆਪਣਾ ਦੇਸ ਅਤੇ ਆਪਣਾ ਪਰਵਿਾਰ ਛੱਡ ਅਤੇ ਉਸ ਦੇਸ ਵਚਿ ਜਾਹ ਜਹਿੜਾ ਮੈਂ ਤੈਨੂੰ ਦਖਿਾਉਂਦਾ ਹਾਂ |" ਮੈਂ ਤੈਨੂੰ ਬਰਕਤ ਦੇਵਾਂਗਾ ਅਤੇ ਤੈਨੂੰ ਵੱਡੀ ਕੌਮ ਬਣਾਵਾਂਗਾ | ਮੈਂ ਤੇਰਾ ਨਾਮ ਮਹਾਨ ਕਰਾਂਗਾ ਮੈਂ ਉਹਨਾਂ ਨੂੰ ਬਰਕਤ ਦੇਵਾਂਗਾ ਜਹਿੜੇ ਤੈਨੂੰ ਬਰਕਤ ਦੇਣਗੇ ਅਤੇ ਉਹਨਾਂ ਨੂੰ ਸਰਾਪ ਜਹਿੜੇ ਤੈਨੂੰ ਸਰਾਪ ਦੇਣਗੇ | ਧਰਤੀ ਦੇ ਸਾਰੇ ਘਰਾਣੇ ਤੇਰੇ ਕਾਰਨ ਬਰਕਤ ਪਾਉਣਗੇ |



ਇਸ ਲਈ ਅਬਰਾਮ ਨੇ ਪ੍ਰਮੇਸ਼ਵਰ ਦਾ ਹੁਕਮ ਮੰਨਿਆ | ਉਸ ਨੇ ਅਪਣੀ ਪਤਨੀ ਸਰਾਈ ਦੇ ਨਾਲ ਆਪਣੇ ਸਾਰੇ ਨੌਕਰ ਅਤੇ ਸਾਰੀ ਸੰਪਤੀ ਲਈ ਅਤੇ ਉਸ ਦੇਸ ਵੱਲ ਤੁਰ ਪਿਆ ਜਹਿੜਾ ਪ੍ਰਮੇਸ਼ਵਰ ਨੇ ਉਸ ਨੂੰ ਦਖਿਾਇਆ ਸੀ, ਕਨਾਨ ਦਾ ਦੇਸ |



ਜਦੋਂ ਅਬਰਾਮ ਕਨਾਨ ਵਿਚ ਪਹੁੰਚਿਆ, ਪ੍ਰਮੇਸ਼ਵਰ ਨੇ ਕਹਿਾ, “ਆਪਣੇਂ ਚਾਰੋਂ ਤਰਫ਼ ਦੇਖ | ਮੈਂ ਤੈਨੂੰ ਅਤੇ ਤੇਰੇ ਬੱਚਿਆ ਨੂੰ ਇਹ ਦੇਸ ਵਰਿਾਸਤ ਵਚਿ ਦੇਵਾਂਗਾ ਜੋ ਤੂੰ ਦੇਖ ਰਹਿਾਂ ਹੈਂ | ਤੱਦ ਅਬਰਾਮ ਉਸ ਦੇਸ ਵਚਿ ਵਸ ਗਿਆ |



ਇਕ ਦਨਿ, ਅਬਰਾਮ ਮਲਕਸਿਦਿਕ ਨੂੰ ਮਲਿਿਆ, ਜੋ ਅੱਤ ਮਹਾਨ ਪ੍ਰਮੇਸ਼ਵਰ ਦਾ ਜਾਜਕ ਸੀ | ਮਲਕਸਿਦਿਕ ਨੇ ਅਬਰਾਮ ਨੂੰ ਬਰਕਤ ਦੱਿਤੀ ਅਤੇ ਕਹਿਾ, “ਹੋਵੇ ਕਿ ਅੱਤ ਮਹਾਨ ਪ੍ਰਮੇਸ਼ਵਰ ਜੋ ਸਵਰਗਾ ਅਤੇ ਧਰਤੀ ਦਾ ਮਾਲਕ ਹੈ ਅਬਰਾਮ ਨੂੰ ਬਰਕਤ ਦੇਵੇ |” ਤੱਦ ਅਬਰਾਮ ਨੇ ਆਪਣੀ ਸਾਰੀ ਸੰਪਤੀ ਦਾ ਦੱਸਵਾਂ ਹੱਿਸਾ ਮਲਕਸਿਦਿਕ ਨੂੰ ਦੱਿਤਾ |



ਬਹੁਤ ਸਾਰੇ ਸਾਲ ਬੀਤ ਗਏ, ਪਤ ਅਬਰਾਮ ਅਤੇ ਸਰਾਈ ਦੇ ਕੋਈ ਪੁੱਤਰ ਨਹੀਂ ਸੀ | ਪ੍ਰਮੇਸ਼ਵਰ ਨੇ ਅਬਰਾਮ ਨਾਲ ਗੱਲ ਕੀਤੀ ਅਤੇ ਦੁਬਾਰਾ ਵਾਇਦਾ ਕੀਤਾ ਕਿ ਉਸ ਦੇ ਪੁੱਤਰ ਹੋਵੇਗਾ ਅਤੇ ਉਸ ਦੀ ਸੰਤਾਨ ਅਕਾਸ਼ ਦੇ ਤਾਰਆਿਂ ਜਨਿੀ ਹੋਵੇਗੀ | ਅਬਰਾਮ ਨੇ ਪ੍ਰਮੇਸ਼ਵਰ ਦੇ ਵਾਇਦੇ ਤੇ ਵਸ਼ਿਵਾਸ ਕੀਤਾ | ਪ੍ਰਮੇਸ਼ਵਰ ਨੇ ਘੋਸ਼ਣਾ ਕੀਤੀ ਕਿ ਅਬਰਾਮ ਧਰਮੀ ਹੈ ਕਉਿਂਕਿ ਉਸ ਨੇ ਪ੍ਰਮੇਸ਼ਵਰ ਦੇ ਵਾਇਦੇ ਤੇ ਵਸ਼ਿਵਾਸ ਕੀਤਾ |


ਤੱਦ ਪ੍ਰਮੇਸ਼ਵਰ ਨੇ ਅਬਰਾਮ ਨਾਲ ਨੇਮ ਬੰਨਿਆ | ਨੇਮ ਦੋ ਧਰਿਾਂ ਵਚਿਕਾਰ ਸਮਝੌਤਾ ਹੈ | ਪ੍ਰਮੇਸ਼ਵਰ ਨੇ ਕਹਿਾ, “ਮੈਂ ਤੈਨੂੰ ਤੇਰੇ ਆਪਣੇ ਸਰੀਰ ਵਚਿੋਂ ਇਕ ਪੱਤਰ ਦੇਵਾਂਗਾ” ਮੈਂ ਤੇਰੇ ਸੰਤਾਨ ਨੂੰ ਕਨਾਨ ਦੇਸ ਦੇਵਾਂਗਾ | ਪਰ ਅਬਰਾਮ ਕੋਲ ਅਜੇ ਵੀ ਪੱਤਰ ਨਹੀਂ ਸੀ |

*: ਉਤਪਤ 11–15*

# 5. ਵਾਇਦੇ ਦਾ ਪੁੱਤਰ



ਅਬਰਾਮ ਅਤੇ ਸਰਾਈ ਦੇ ਕਨਾਨ ਵਿਚ ਪਹੁੰਚਣ ਦੇ ਦਸ ਸਾਲ ਬਾਅਦ ਵੀ ਉਹਨਾਂ ਕੋਲ ਕੋਈ ਬੱਚਾ ਨਹੀ ਸੀ | ਇਸ ਲਈ ਅਬਰਾਮ ਦੀ ਪਤਨੀ ਨੇ ਉਸ ਨੂੰ ਕਹਿ, "ਜਦਕਿ ਪ੍ਰਮੇਸ਼ਵਰ ਨੇ ਮੈਨੂੰ ਮਾਂ ਬਣਨ ਦੀ ਆਗਿਆ ਨਹੀਂ ਦੱਿਤੀ ਅਤੇ ਹੁਣ ਮੈਂ ਬੱਚੇ ਪੈਦਾ ਕਰਨ ਲਈ ਕਾਫੀ ਬੁੜੀ ਵੀ ਹੋ ਗਈ ਹਾਂ, ਮੇਰੇ ਕੋਲ ਮੇਰੀ ਗੋਲੀ ਹਾਜਰਾਂ ਹੈਂ | ਉਸ ਨਾਲ ਵੀ ਵਿਆਹ ਕਰ ਲੈ ਤਾਂ ਕਿ ਉਹ ਮੇਰੇ ਲਈ ਬੱਚਾ ਪੈਦਾ ਕਰ ਸਕੇ |"



ਇਸ ਲਈ ਅਬਰਾਮ ਨੇ ਉਸ ਨਾਲ ਵਿਆਹ ਕੀਤਾ | ਹਾਜਰਾਂ ਦੇ ਮੁੰਡਾ ਹੋਇਆ ਅਤੇ ਅਬਰਾਮ ਨੇ ਉਸ ਦਾ ਨਾਮ ਇਸਮਾਇਲ ਰੱਖਿਆ | ਪਰ ਸਰਾਈ ਹਾਜਰਾਂ ਤੋਂ ਈਰਖਾ ਕਰਨ ਲੱਗੀ | ਜਦੋਂ ਇਸਮਾਇਲ ਤੇਰ੍ਹਾਂ ਵਰਿਆਂ ਦਾ ਹੋਇਆ, ਪ੍ਰਮੇਸ਼ਵਰ ਨੇ ਅਬਰਾਮ ਨਾਲ ਫੇਰ ਗੱਲ ਕੀਤੀ |



ਪ੍ਰਮੇਸ਼ਵਰ ਨੇ ਕਹਿਾ, “ਮੈਂ ਅੱਤ ਮਹਾਨ ਪ੍ਰਮੇਸ਼ਵਰ ਹਾਂ | ਮੈਂ ਤੇਰੇ ਨਾਲ ਨੇਮ ਬੰਨਗਾ |” ਤੱਦ ਅਬਰਾਮ ਧਰਤੀ ਤੱਕ ਝੁੱਕਿਆ | ਪ੍ਰਮੇਸ਼ਵਰ ਨੇ ਅਬਰਾਮ ਨੂੰ ਇਹ ਵੀ ਦੱਸਿਆ, “ਤੂੰ ਬਹੁਤੀਆਂ ਜਾਤੀਆਂ ਦਾ ਪਤਿਾ ਹੋਵੇਂਗਾ | ਮੈਂ ਤੈਨੂੰ ਅਤੇ ਤੇਰੇ ਵੰਸ਼ ਨੂੰ ਕਨਾਨ ਦੇਸ ਮਲਿਖ ਦੇ ਰੂਪ ਵਚਿ ਦੇਵਾਂਗਾ ਅਤੇ ਸਦਾਂ ਲਈ ਉਹਨਾਂ ਦਾ ਪ੍ਰਮੇਸ਼ਵਰ ਹੋਵਾਂਗਾ | ਤੂੰ ਆਪਣੇ ਘਰਾਣੇ ਦੇ ਹਰ ਨਰ ਦੀ ਜਰੂਰ ਸੁੰਨਤ ਕਰੇਂਗਾ |”



“ਤੇਰੀ ਪਤਨੀ, ਸਰਾਈ, ਪੁੱਤਰ ਜਣੇਗੀ –ਉਹ ਵਾਇਦੇ ਦਾ ਪੁੱਤਰ ਹੋਵੇਗਾ | ਉਸ ਦਾ ਨਾਮ ਇਸਹਾਕ ਰੱਖੀਂ | ਮੈਂ ਆਪਣਾ ਨੇਮ ਉਸ ਨਾਲ ਬੰਨਾਗਾ, ਅਤੇ ਉਹ ਇਕ ਵੱਡੀ ਜਾਤੀ ਹੋਵੇਗਾ | ਮੈਂ ਇਸਮਾਇਲ ਨੂੰ ਵੀ ਇਕ ਵੱਡੀ ਜਾਤੀ ਬਣਾਵਾਂਗਾ ਪਰ ਮੇਰਾ ਨੇਮ ਇਸਹਾਕ ਨਾਲ ਹੋਵੇਗਾ |” ਤੱਦ ਪ੍ਰਮੇਸ਼ਵਰ ਨੇ ਅਬਰਾਮ ਦਾ ਨਾਮ ਬਦਲ ਕੇ ਅਬਰਾਹਾਮ ਰੱਖਿਆ, ਜਸਿ ਦਾ ਮਤਲਬ “ਬਹੁਤੀਆਂ ਜਾਤੀਆਂ ਦਾ ਪਤਿਾ” | ਪ੍ਰਮੇਸ਼ਵਰ ਨੇ ਸਰਾਈ ਦਾ ਨਾਮ ਵੀ ਬਦਲ ਕੇ ਸਾਰਾਹ ਰੱਖਿਆ, ਜਸਿ ਦਾ ਮਤਲਬ “ਰਾਜਕੁਮਾਰੀ|”



ਉਸ ਦਨਿ ਅਬਰਾਹਾਮ ਨੇ ਆਪਣੇ ਘਰਾਣੇ ਦੇ ਸਾਰੇ ਨਰਾਂ ਦਾ ਖਤਨਾ ਕੀਤਾ . ਲਗ ਭਗ ਇਕ ਸਾਲ ਬਾਅਦ, ਜਦੋਂ ਅਬਰਾਹਾਮ ਸੌ ਸਾਲ ਦਾ ਸੀ ਅਤੇ ਸਾਰਾਹ 90 ਸਾਲ ਦੀ ਸੀ, ਸਾਰਾਹ ਨੇ ਅਬਰਾਹਾਮ ਦੇ ਬੱਚੇ ਨੂੰ ਜਨਮ ਦੱਿਤਾ | ਉਹਨਾਂ ਨੇ ਉਸ ਦਾ ਨਾਮ ਇਸਹਾਕ ਰੱਖਿਆ ਜਵੇਂ ਪ੍ਰਮੇਸ਼ਵਰ ਨੇ ਉਹਨਾਂ ਨੂੰ ਕਰਨ ਲਈ ਕਹਿਾ ਸੀ |



ਜਦੋਂ ਇਸਹਾਕ ਇਕ ਜਵਾਨ ਲੜਕਾ ਸੀ, ਪ੍ਰਮੇਸ਼ਵਰ ਨੇ ਅਬਰਾਹਾਮ ਨੂੰ ਇਹ ਕਹਿੰਦੇ ਹੋਏ ਪਰਖਿਆ, “ਇਸਹਾਕ ਨੂੰ ਲੈ, ਆਪਣੇ ਇਕੋ ਪੁੱਤਰ ਨੂੰ ਅਤੇ ਉਸ ਨੂੰ ਮੇਰੇ ਲਈ ਭੇਂਟ ਕਰਕੇ ਮਾਰ ਦੇ |” ਦੁਬਾਰਾ ਫਰਿ ਅਬਰਾਹਾਮ ਨੇ ਪ੍ਰਮੇਸ਼ਵਰ ਦਾ ਹੁਕਮ ਮੰਨਿਆ ਅਤੇ ਆਪਣੇ ਪੁੱਤਰ ਨੂੰ ਕੁਰਬਾਨ ਕਰਨ ਲਈ ਤਿਆਰ ਹੋ ਗਿਆ |



ਜਵੇਂ ਹੀ ਅਬਰਾਹਾਮ ਅਤੇ ਇਸਹਾਕ ਕੁਰਬਾਨੀ ਦੀ ਜਗ੍ਹਾ ਵੱਲ ਤੁਰ ਗਏ , ਇਸਹਾਕ ਨੇ ਪੁੱਛਿਆ, "ਪਤਿਾ ਜੀ, ਸਾਡੇ ਕੋਲ ਕੁਰਬਾਨੀ ਲਈ ਲਕੜੀ ਹੈ ਪਰ ਲੇਲਾ ਕਥਿੇ ਹੈ ?" ਅਬਰਾਹਾਮ ਨੇ ਉੱਤਰ ਦੱਤਿਾ, "ਮੇਰੇ ਪੁੱਤਰ, ਕੁਰਬਾਨੀ ਲਈ ਲੇਲਾ ਪ੍ਰਮੇਸ਼ਵਰ ਖੁੱਦ ਦੇਵੇਗਾ |"



ਜਦੋਂ ਉਹ ਕੁਰਬਾਨੀ ਦੀ ਜਗਾਹ ਤੇ ਪਹੁੰਚ ਗਏ, ਅਬਰਾਹਮ ਨੇ ਆਪਣੇ ਪੁੱਤਰ ਇਸਹਾਕ ਨੂੰ ਬੰਨਿਆ ਅਤੇ ਉਸਨੂੰ ਵੇਦੀ ਉੱਤੇ ਲਟਿਾ ਦੱਤਿਾ | ਉਹ ਆਪਣੇ ਪੁੱਤਰ ਨੂੰ ਮਾਰਨ ਵਾਲਾ ਹੀ ਸੀ ਕ ਿਪ੍ਰਮੇਸ਼ਵਰ ਨੇ ਉਸਨੂੰ ਕਹਿਾ, "ਰੁੱਕ" ਲੜਕੇ ਨੂੰ ਹਾਨੀ ਨਾ ਪਹੁੰਚਾ ! ਹੁਣ ਮੈਂ ਜਾਣਦਾ ਹਾਂ ਕ ਿਤੂੰ ਮੇਰੇ ਤੋਂ ਡਰਦਾ ਹੈਂ ਕਉਿਂਕ ਿਤੂੰ ਮੇਰੇ ਲਈ ਆਪਣਾ ਇਕਲੌਤਾ ਪੁੱਤਰ ਵੀ ਨਾ ਰੱਖਆਿ |"



ਅਬਰਾਹਾਮ ਨੇ ਨੇੜੇ ਹੀ ਇਕ ਲੇਲੇ ਨੂੰ ਝਾੜੀਆਂ ਵਚਿ ਫਸਿਆ ਦੇਖਿਆ | ਪ੍ਰਮੇਸ਼ਵਰ ਨੇ ਕੁਰਬਾਨੀ ਲਈ ਇਸਹਾਕ ਦੀ ਜਗ੍ਹਾ ਲੇਲਾ ਮੁਹੈਈਆ ਕੀਤਾ | ਅਬਰਾਹਾਮ ਨੇ ਖੁਸ਼ੀ ਨਾਲ ਲੇਲੇ ਨੂੰ ਕੁਰਬਾਨੀ ਲਈ ਭੇਂਟ ਕੀਤਾ



ਤੱਦ ਪ੍ਰਮੇਸ਼ਵਰ ਨੇ ਅਬਰਾਹਾਮ ਨੂੰ ਕਹਿ, "ਕਿਉਂਕਿ ਤੂੰ ਮੈਨੂੰ ਸੱਭ ਕੁੱਝ ਦੇਣ ਲਈ ਤਿਆਰ ਸੀ, ਇਥੋਂ ਤਕ ਕਿ ਆਪਣਾ ਇਕੋ ਇਕ ਪੁੱਤਰ ਵੀ, ਮੈਂ ਤੈਨੂੰ ਬਰਕਤ ਦੇਣ ਦਾ ਵਾਇਦਾ ਕਰਦਾ ਹਾਂ | ਤੇਰਾ ਵੰਸ਼ ਆਕਾਸ਼ ਦੇ ਤਾਰਿਆਂ ਨਾਲੋਂ ਵੀ ਜਿਆਦਾ ਹੋਵੇਗਾ | ਕਿਉਂਕਿ ਤੂੰ ਮੇਰੇ ਹੁਕਮ ਦੀ ਪਾਲਣਾ ਕੀਤੀ ਹੈ, ਸੰਸਾਰ ਦੇ ਸਾਰੇ ਘਰਾਣੇ ਤੇਰੇ ਘਰਾਣੇ ਦੁਆਰਾ ਬਰਕਤ ਪਾਉਣਗੇ |"

*: ਉਤਪਤ 16–22*

# 6. ਪਰਮੇਸ਼ਵਰ ਇਸਹਾਕ ਲਈ ਮੁਹੈਇਆ ਕਰਦਾ ਹੈ



ਜਦੋਂ ਅਬਰਾਹਮ ਬਹੁਤ ਬੁੱਢਾ ਤਾਂ ਉਸ ਦਾ ਪੁੱਤਰ ਇਸਹਾਕ ਜਵਾਨ ਹੋ ਚੁੱਕਾ ਸੀ . ਇਸ ਲਈ ਅਬਰਾਹਮ ਨੇ ਆਪਣੇ ਨੌਕਰ ਨੂੰ ਉਸ ਦੇਸ ਵਚਿ ਭੇਜਅਿਾ ਜਥਿੇ ਉਸ ਦੇ ਰਸ਼ਿਤੇਦਾਰ ਰਹਂਿਦੇ ਸਨ ਤਾਂ ਕਿ ਉਸ ਦੇ ਪੁੱਤਰ ਇਸਹਾਕ ਲਈ ਪਤਨੀ ਲਆਿਵੇ |



ਇਕ ਲੰਬੀ ਯਾਤਰਾ ਦੇ ਬਾਅਦ ਜਥਿੇ ਅਬਰਾਹਮ ਦੇ ਰਸ਼ਿਤੇਦਾਰ ਰਹਂਿਦੇ ਸਨ ਉਥੇ ਪ੍ਰਮੇਸ਼ਵਰ ਨੇ ਨੌਕਰ ਦੀ ਰਬਿਕਾਹ ਤੱਕ ਅਗਵਾਈ ਕੀਤੀ | ਉਹ ਅਬਰਾਹਮ ਦੇ ਭਰਾ ਦੀ ਪੋਤੀ ਸੀ |



ਰਬਿਕਾਹ ਆਪਣਾ ਪਰੀਵਾਰ ਛੱਡਣ ਅਤੇ ਨੌਕਰ ਨਾਲ ਪੱਿਛੇ ਇਸਹਾਕ ਦੇ ਘਰ ਜਾਣ ਲਈ ਤਅਿਾਰ ਹੋ ਗਈ | ਜਦੋਂ ਹੀ ਘਰ ਪਹੁੰਚੀ ਇਸਹਾਕ ਨੇ ਉਸ ਨਾਲ ਵਆਿਹ ਕਰ ਲਆਿ |



ਲੰਬੇ ਸਮੇਂ ਬਾਅਦ ਅਬਰਾਹਮ ਮਰ ਗਆਿ ਅਤੇ ਉਹ ਸਾਰੇ ਵਾਦੇ ਜਹਿੜੇ ਪ੍ਰਮੇਸ਼ਵਰ ਨੇ ਉਸ ਨਾਲ ਨੇਮ ਵਚਿ ਕੀਤੇ ਸਨ ਅੱਗੇ ਇਸਹਾਕ ਤੱਕ ਪਹੁੰਚ ਗਏ | ਪ੍ਰਮੇਸ਼ਵਰ ਨੇ ਵਾਇਦਾ ਕੀਤਾ ਸੀ ਕ ਿਅਬਰਾਹਮ ਦੀ ਸੰਤਾਨ ਬੇਗਣਿਤ ਹੋਵੇਗੀ ਪਰ ਇਸਹਾਕ ਦੀ ਪਤਨੀ ਦੇ ਕੋਈ ਸੰਤਾਨ ਨਹੀਂ ਸੀ |



ਇਸਹਾਕ ਨੇ ਰਬਿਕਾਹ ਲਈ ਪ੍ਰਾਰਥਨਾ ਕੀਤੀ ਅਤੇ ਪ੍ਰਮੇਸ਼ਵਰ ਨੇ ਹੋਣ ਦੱਿਤਾ ਕਿ ਉਹ ਜੁੜਵੇਂ ਬੱਚਿਆਂ ਨਾਲ ਗਰਭਵਤੀ ਹੋਵੇ | ਦੋਵੇਂ ਬੱਚੇ ਜਦੋਂ ਅਜੇ ਰਬਿਕਾਹ ਦੇ ਗਰਭ ਵੱਿਚ ਹੀ ਸਨ ਇਕ ਦੂਸਰੇ ਨਾਲ ਲੜਨ ਲੱਗੇ, ਇਸ ਲਈ ਰਬਿਕਾਹ ਨੇ ਪ੍ਰਮੇਸ਼ਵਰ ਤੋਂ ਪੁੱਛਿਆ ਕਿ ਇਹ ਕੀ ਹੋ ਰਿਹਾ ਸੀ |



"ਪ੍ਰਮੇਸ਼ਵਰ ਨੇ ਰਬਿਕਾਹ ਨੂੰ ਦੱਸਿਆ, "ਦੋ ਪੁੱਤਰਾਂ ਤੋਂ ਦੋ ਜਾਤੀਆਂ ਆਉਣਗੀਆ ਜੋ ਤੇਰੇ ਅੰਦਰ ਹਨ |" ਉਹ ਇਕ ਦੂਸਰੇ ਨਾਲ ਲੜਨਗੇ ਅਤੇ ਵੱਡਾ ਛੋਟੇ ਦੀ ਸੇਵਾ ਕਰੇਗਾ |



ਜਦੋਂ ਬੱਚੇ ਪੈਦਾ ਹੋਏ ਤਾਂ ਵੱਡਾ ਲਾਲ ਰੰਗ ਅਤੇ ਵਾਲਾਂ ਵਾਲਾ ਸੀ ਅਤੇ ਉਹਨਾਂ ਨੇ ਉਸ ਦਾ ਨਾਮ ਇਸਾਓ ਰੱਖਿਆ | ਤੱਦ ਛੋਟਾ ਬੇਟਾ ਇਸਾਓ ਦੀ ਅੱਡੀ ਨੂੰ ਫੜੀ ਬਾਹਰ ਨਕਿਲਆਿ ਅਤੇ ਉਹਨਾਂ ਨੇ ਉਸ ਦਾ ਨਾਮ ਯਕੂਬ ਰੱਖਿਆ

*: ਉਤਪਤ 24:1–25:26*

# 7. ਪ੍ਰਮੇਸ਼ਵਰ ਯਕੂਬ ਨੂੰ ਬਰਕਤ ਦੀਂਦਾ ਹੈ



ਜਵੇਂ ਹੀ ਮੁੰਡੇ ਜਵਾਨ ਹੋਏ ਯਕੂਬ ਘਰੇ ਰਹਣਿਾ ਪਸੰਦ ਕਰਨ ਲੱਗਾ ਪਰ ਇਸਾਓ ਸ਼ਕਿਾਰ ਖੇਡਣਾ ਪਸੰਦ ਕਰਦਾ ਸੀ | ਰਬਿਕਾਹ ਯਕੂਬ ਨੂੰ ਪਆਿਰ ਕਰਦੀ ਸੀ ਪਰ ਇਸਹਾਕ ਇਸਾਓ ਨੂੰ ਪਆਿਰ ਕਰਦਾ ਸੀ |



ਇਕ ਦਨਿ, ਜਦੋਂ ਇਸਾਓ ਸ਼ਕਿਾਰ ਖੇਡ ਕੇ ਘਰ ਵਾਪਸ ਆਇਆ ਤਾਂ ਉਹ ਬਹੁਤ ਭੁੱਖਾ ਸੀ | ਇਸਾਓ ਨੇ ਯਕੂਬ ਨੂੰ ਕਹਿਾ, “ਕਰਿਪਾ ਕਰਕੇ ਮੈਨੂੰ ਕੁੱਝ ਭੋਜਨ ਦੇ ਜੋ ਤੈ ਬਣਾਇਆ ਹੈ |” ਯਕੂਬ ਨੇ ਉੱਤਰ ਦੱਿਤਾ, “ਪਹਲਿਾਂ ਮੈਨੂੰ ਆਪਣਾ ਜੇਠਾ ਹੋਣ ਦਾ ਹੱਕ ਦੇਹ |” ਇਸਾਓ ਨੇ ਯਕੂਬ ਨੂੰ ਆਪਣੇ ਜੇਠਾ ਹੋਣ ਦਾ ਹੱਕ ਦੇ ਦੱਿਤਾ | ਯਕੂਬ ਨੇ ਉਸ ਨੂੰ ਕੁੱਝ ਭੋਜਨ ਦੱਿਤਾ |



ਇਸਹਾਕ ਇਸਾਓ ਨੂੰ ਬਰਕਤ ਦੇਣਾ ਚਹੁੰਦਾ ਸੀ | ਪਰ ਇਸ ਤੋਂ ਪਹਲਿਾਂ ਉਹ ਬਰਕਤ ਦੀਂਦਾ, ਰਬਿਕਾਹ ਅਤੇ ਯਕੂਬ ਨੇ ਇਸਾਓ ਦੀ ਜਗਹ ਯਕੂਬ ਨੂੰ ਪੇਸ਼ ਕਰਕੇ ਉਸ ਨੂੰ ਠੱਗ ਲਿਆ | ਇਸਹਾਕ ਬੁੱਡਾ ਹੋ ਚੁੱਕਾ ਸੀ ਅਤੇ ਦੇਖ ਨਹੀਂ ਸਕਦਾ ਸੀ | ਇਸ ਲਈ ਯਕੂਬ ਨੇ ਇਸਾਓ ਦੇ ਕਪੜੇ ਪਾਏ ਅਤੇ ਆਪਣੀ ਧੋਣ ਅਤੇ ਹੱਥਾਂ ਤੇ ਬੱਕਰੀ ਦਾ ਚਮੜਾ ਲਾ ਲਿਆ |



ਯਕੂਬ ਇਸਹਾਕ ਕੋਲ ਆਇਆ ਅਤੇ ਕਹਿਾ, “ਮੈਂ ਇਸਾਓ ਹਾਂ ਮੈਂ ਇਸ ਲਈ ਆਇਆ ਹਾਂ ਕੀ ਤੂੰ ਮੈਨੂੰ ਬਰਕਤ ਦੇਵੇਂ |” ਜਦੋਂ ਇਸਹਾਕ ਨੇ ਬੱਕਰੀ ਦੇ ਚਮੜੇ ਨੂੰ ਮਹਸੂਿਸ ਕੀਤਾ ਅਤੇ ਕੱਪੜਆਿਂ ਨੂੰ ਸੁੰਘਆਿ ਉਸ ਨੇ ਸਮਝਆਿ ਕੀ ਇਹ ਇਸਾਓ ਹੈ ਅਤੇ ਬਰਕਤ ਦੱਤਿੀ |



ਇਸਾਓ ਯਕੂਬ ਨੂੰ ਨਫਰਤ ਕਰਦਾ ਸੀ ਕਿਉਂਕਿ ਉਸ ਨੇ ਉਸਦੇ ਜੇਠਾ ਹੋਣ ਦਾ ਹੱਕ ਅਤੇ ਬਰਕਤ ਨੂੰ ਖੋਹ ਲਿਆ ਸੀ | ਇਸ ਲਈ ਉਸਨੇ ਪਿਤਾ ਦੀ ਮੌਤ ਤੋਂ ਬਾਅਦ ਯਕੂਬ ਨੂੰ ਮਾਰਨ ਦੀ ਯੋਜਨਾ ਬਣਾਈ |



ਪਰ ਰਬਿਕਾਹ ਨੇ ਉਸ ਦੀ ਯੋਜਨਾ ਨੂੰ ਸੁਣ ਲਿਆ ਸੀ | ਇਸ ਲਈ ਉਸਨੇ ਅਤੇ ਇਸਹਾਕ ਨੇ ਯਕੂਬ ਨੂੰ ਦੂਰ ਉਸਦੇ ਰਿਸ਼ਤੇਦਾਰਾਂ ਕੋਲ ਰਹਣਿ ਲਈ ਭੇਜ ਦੱਿਤਾ |



ਯਕੂਬ ਰਬਿਕਾਹ ਦੇ ਰਿਸ਼ਤੇਦਾਰਾਂ ਕੋਲ ਕਈ ਸਾਲ ਰਹਿਾ | ਉਸ ਸਮੇਂ ਦੌਰਾਨ ਉਸ ਨੇ ਵਿਆਹ ਕਰ ਲਿਆ ਅਤੇ ਉਸਦੇ ਬਾਰਾਂ ਧੀਆਂ ਪੁੱਤਰ ਹੋਏ | ਪ੍ਰਮੇਸ਼ਵਰ ਨੇ ਉਸ ਨੂੰ ਬਹੁਤ ਧਨੀ ਕੀਤਾ |



ਕਨਾਨ ਵਿਚ ਆਪਣੇ ਘਰ ਤੋਂ ਬਾਹਰ ਵੀਹ ਸਾਲ ਬਾਅਦ ਯਕੂਬ ਆਪਣੇ ਪਰੀਵਾਰ, ਨੌਕਰ ਅਤੇ ਪਸ਼ੁਆਂ ਦੇ ਵੱਗਾਂ ਨਾਲ ਵਾਪਸ ਆਇਆ |



ਯਕੂਬ ਬਹੁਤ ਡੱਰਿਆ ਹੋਇਆ ਸੀ ਕਿਉਂਕਿ ਉਹ ਸੋਚਦਾ ਸੀ ਕਿ ਇਸਾਓ ਅਜੇ ਵੀ ਉਸਨੂੰ ਮਾਰਨਾ ਚਾਹੁੰਦਾ ਸੀ | ਇਸ ਲਈ ਉਸ ਨੇ ਬਹੁਤ ਸਾਰੇ ਪਸ਼ੂਆਂ ਦੇ ਵੱਗ ਇਸਾਓ ਲਈ ਤੋਹਫ਼ੇ ਵਜੋਂ ਭੇਜੇ | ਇਸਾਓ ਕੋਲ ਪਸ਼ੁ ਲਿਆਉਣ ਵਾਲੇ ਨੌਕਰਾਂ ਨੇ ਕਹਿ, "ਤੇਰਾ ਦਸ ਯਕੂਬ ਇਹ ਪਸ਼ੁ ਤੈਨੂੰ ਭੇਂਟ ਕਰਦਾ ਹੈ | ਉਹ ਜਲਦੀ ਆ ਰਹਿਾ ਹੈ |"



ਪਰ ਇਸਾਓ ਨੇ ਪਹਲਿਾਂ ਹੀ ਯਕੂਬ ਨੂੰ ਮਾਫ਼ ਕਰ ਦੱਿਤਾ ਸੀ ਅਤੇ ਦੁਬਾਰਾ ਇਕ ਦੂਸਰੇ ਨੂੰ ਦੇਖਣ ਲਈ ਖੁਸ਼ ਸਨ | ਤੱਦ ਯਕੂਬ ਕਨਾਨ ਵਚਿ ਸਾਂਤੀ ਨਾਲ ਰਹਿਾ | ਤੱਦ ਇਸਹਾਕ ਮਰ ਗਇਆ, ਯਕੂਬ ਅਤੇ ਇਸਾਓ ਨੇ ਉਸ ਨੂੰ ਦੱਬ ਦੱਿਤਾ | ਨੇਮ ਦਾ ਵਾਦਾ ਜਹਿੜਾ ਪ੍ਰਮੇਸ਼ਵਰ ਨੇ ਅਬਰਾਹਮ ਨਾਲ ਕੀਤਾ ਸੀ ਹੁਣ ਇਸਹਾਕ ਤੋਂ ਯਕੂਬ ਤੱਕ ਪਹੁੰਚ ਗਇਆ |

*: ਉਤਪਤ 25:27–33:20*

# ੪. ਪ੍ਰਮੇਸ਼ਵਰ ਨੇ ਯੂਸਫ ਅਤੇ ਉਸਦੇ ਪਰੀਵਾਰ ਨੂੰ ਬਚਾਇਆ



ਯੂਸਫ ਦੇ ਭਾਈ ਉਸ ਨੂੰ ਨਫਰਤ ਕਰਦੇ ਸਨ ਕਉਂਕਿ ਉਹਨਾਂ ਦਾ ਪਿਤਾ ਉਸ ਨੂੰ ਸੱਭ ਨਾਲੋਂ ਜਿਆਦਾ ਪਿਆਰ ਕਰਦਾ ਸੀ ਕਉਂਕਿ ਯੂਸਫ ਨੂੰ ਸੁਪਨਾ ਆਇਆ ਸੀ ਕਿ ਉਹ ਉਹਨਾਂ ਦਾ ਹਾਕਮ ਹੋਵੇਗਾ | ਜਦੋਂ ਯੂਸਫ ਆਪਣੇ ਭਾਈਆਂ ਕੋਲ ਆਇਆ, ਉਹਨਾਂ ਨੇ ਉਸ ਨੂੰ ਅਗਵਾ ਕਰ ਲਿਆ ਅਤੇ ਕੁੱਝ ਗੁਲਾਮਾਂ ਦੇ ਵਪਾਰੀਆਂ ਕੋਲ ਵੇਚ ਦਿੱਤਾ |



ਬਹੁਤ ਸਾਲ ਬਾਅਦ, ਜਦੋਂ ਯਕੂਬ ਬੁੱਡਾ ਹੋ ਚੁੱਕਾ ਸੀ ਉਸ ਨੇ ਆਪਣੇ ਚਹੇਤੇ ਪੁੱਤਰ ਯੂਸਫ ਨੂੰ ਭੇਜਿਆ ਕਿ ਉਹ ਆਪਣੇ ਭਾਈਆਂ ਨੂੰ ਦੇਖੇ ਜੋ ਭੇਡਾਂ ਚਾਰਦੇ ਸਨ |



ਇਸ ਤੋਂ ਪਹਲਿਾਂ ਯੂਸਫ ਦੇ ਭਰਾ ਘਰੇ ਵਾਪਸ ਆਉਣ ਉਹਨਾਂ ਨੇ ਯੂਸਫ ਦੇ ਚੋਲੇ ਨੂੰ ਫਾੜਆਿ ਅਤੇ ਬੱਕਰੀ ਦੇ ਲਹੂ ਵਚਿ ਡੋਬਆਿ | ਤੱਦ ਆਪਣੇ ਪਤਿਾ ਨੂੰ ਉਹ ਚੋਲਾ ਦਖਿਾਇਆ ਕਂਿਉਹ ਸਮਝੇ ਕੀ ਕਸਿੇ ਜੰਗਲੀ ਜਾਨਵਰ ਨੇ ਯੂਸਫ ਨੂੰ ਮਾਰ ਦੱਿਤਾ ਹੈ | ਯਕੂਬ ਬਹੁਤ ਉਦਾਸ ਹੋਇਆ |



ਗੁਲਾਮਾ ਦੇ ਵਪਾਰੀ ਯੂਸਫ ਨੂੰ ਮਸਿਰ ਲੈ ਗਏ | ਮਸਿਰ ਬਹੁਤ ਵਸ਼ਿਾਲ ਅਤੇ ਸ਼ਕਤੀਸ਼ਾਲੀ ਦੇਸ ਸੀ ਜੋ ਨੀਲ ਨਦੀ ਦੇ ਕਨਿਾਰੇ ਵਸਿਆ ਹੋਇਆ ਸੀ | ਗੁਲਾਮਾ ਦੇ ਵਪਾਰੀਆਂ ਨੇ ਯੂਸਫ ਨੂੰ ਇਕ ਅਮੀਰ ਅਫਸਰ ਕੋਲ ਵੇਚ ਦੱਿਤਾ | ਯੂਸਫ ਨੇ ਆਪਣੇ ਮਾਲਕ ਦੀ ਬਹੁਤ ਸੇਵਾ ਕੀਤੀ ਅਤੇ ਪ੍ਰਮੇਸ਼ਵਰ ਨੇ ਯੂਸਫ ਨੂੰ ਬਹੁਤ ਬਰਕਤ ਦੱਿਤੀ |



ਉਸ ਦੇ ਮਾਲਕ ਦੀ ਪਤਨੀ ਨੇ ਯੂਸਫ ਨਾਲ ਸਾਉਣ ਦੀ ਕੋਸ਼ਸ਼ਿ ਕੀਤੀ, ਪਰ ਯੂਸਫ ਨੇ ਇਸ ਪ੍ਰਕਾਰ ਪ੍ਰਮੇਸ਼ਵਰ ਦੇ ਵਰਿੁੱਧ ਪਾਪ ਕਰਨ ਨੂੰ ਇਨਕਾਰ ਕੀਤਾ | ਉਹ ਬਹੁਤ ਗੁੱਸਾ ਹੋਈ ਅਤੇ ਯੂਸਫ ਤੇ ਝੂਠਾ ਦੋਸ਼ ਲਾਇਆ ਅਤੇ ਉਸ ਨੂੰ ਫੜ੍ਹ ਕੇ ਜੇਲ ਭੇਜ ਦੱਿਤਾ | ਜੇਲ ਵਚਿ ਵੀ ਯੂਸਫ ਪ੍ਰਮੇਸ਼ਵਰ ਨਾਲ ਵਫ਼ਾਦਾਰ ਰਹਿਾ ਅਤੇ ਪ੍ਰਮੇਸ਼ਵਰ ਨੇ ਉਸ ਨੂੰ ਬਰਕਤ ਦੱਿਤੀ |



ਚਾਹੇ ਯੂਸਫ ਨਰਦੋਸ਼ ਹੀ ਸੀ ਫਰਿ ਵੀ ਦੋ ਸਾਲ ਤੋਂ ਜੇਲ ਵਚਿ ਸੀ | ਇਕ ਰਾਤ ਫਰਾਉਨ ਨੂੰ ਜਸਿ ਨੂੰ ਮਸਿਰੀ ਲੋਕ ਰਾਜਾ ਕਹੰਿਦੇ ਸਨ ਦੋ ਸੁਪਨੇ ਆਏ ਜਸਿ ਨਾਲ ਉਹ ਬਹੁਤ ਪਰੇਸ਼ਾਨ ਹੋਇਆ | ਉਸ ਦਾ ਕੋਈ ਵੀ ਸਲਾਹਕਾਰ ਉਸ ਨੂੰ ਉਸਦੇ ਸੁਪਨਆਿਂ ਦਾ ਮਤਲਬ ਨਾ ਦੱਸ ਸੱਕਆਿ |



ਪ੍ਰਮੇਸ਼ਵਰ ਨੇ ਯੂਸਫ ਨੂੰ ਸੁਪਨਿਆਂ ਦਾ ਤਰਜਮਾ ਕਰਨ ਦੇ ਯੋਗ ਬਣਾਇਆ, ਇਸ ਲਈ ਫਰਾਊਨ ਨੇ ਆਪਣੇ ਲਈ ਯੂਸਫ ਨੂੰ ਜੇਲ ਤੋਂ ਬਾਹਰ ਲਿਆਂਦਾ | ਯੂਸਫ ਨੇ ਉਸ ਲਈ ਸੁਪਨਿਆਂ ਦਾ ਤਰਜਮਾ ਕੀਤਾ ਅਤੇ ਕਹਿਾ, "ਪ੍ਰਮੇਸ਼ਵਰ ਸੱਤ ਸਾਲ ਬਹੁਤ ਫਸਲ ਦੇਵੇਗਾ ਅਤੇ ਅਗਲੇ ਸੱਤ ਸਾਲ ਅਕਾਲ ਦੇ ਹੋਣਗੇ |"



ਫਰਾਉਨ ਯੂਸਫ ਤੋਂ ਬਹੁਤ ਖੁਸ਼ ਹੋਇਆ ਅਤੇ ਉਸ ਨੂੰ ਸਾਰੇ ਮਸਿਰ ਵਚਿ ਦੂਸਰਾ ਸ਼ਕਤੀਸ਼ਾਲੀ ਅਧਕਾਰੀ ਸਥਾਪਤਿ ਕੀਤਾ |



ਯੂਸਫ ਨੇ ਲੋਕਾਂ ਨੂੰ ਕਹਿਾ ਕਿ ਸੱਤ ਸਾਲ ਚੰਗੀ ਫਸਲ ਦੇ ਸਮੇਂ ਬਹੁਤ ਸਾਰਾ ਅਨਾਜ਼ ਜਮ੍ਹਾ ਕਰਨ | ਤੱਦ ਯੂਸਫ ਨੇ ਅਕਾਲ ਦੇ ਦਨਿਾਂ ਵਚਿ ਲੋਕਾਂ ਨੂੰ ਅਨਾਜ਼ ਵੇਚਆਿ ਉਹਨਾਂ ਕੋਲ ਖਾਣ ਲਈ ਪਰਯਾਪਤ ਸੀ |



ਅਕਾਲ ਸਰਿਫ ਮਸਿਰ ਵਚਿ ਹੀ ਡਾਢਾ ਨਹੀ ਸੀ ਪਰ ਕਨਾਨ ਵਚਿ ਵੀ ਜਥਿੇ ਯਕੂਬ ਅਤੇ ਉਸ ਦਾ ਪਰੀਵਾਰ ਰਹੰਿਦੇ ਸਨ |



ਇਸ ਲਈ ਯਕੂਬ ਨੇ ਆਪਣੇ ਵੱਡੇ ਪੁੱਤਰਾਂ ਨੂੰ ਮਸਿਰ ਵਿਚ ਅਨਾਜ਼ ਖਰੀਦਣ ਲਈ ਭੇਜਿਆ | ਭਰਾਵਾਂ ਨੇ ਯੂਸਫ ਨੂੰ ਨਾ ਪਛਾਣਿਆ ਜਦੋਂ ਉਹ ਭੋਜਨ ਖਰੀਦਣ ਲਈ ਯੂਸਫ ਦੇ ਅੱਗੇ ਖੜ੍ਹੇ ਸਨ | ਪਰ ਯੂਸਫ ਨੇ ਉਹਨਾਂ ਨੂੰ ਪਛਾਣ ਲਿਆ ਸੀ |



ਆਪਣੇ ਭਰਾਵਾਂ ਨੂੰ ਪਰਖਣ ਦੇ ਬਾਅਦ ਕਿ ਉਹ ਬਦਲੇ ਹਨ ਜਾਂ ਨਹੀ ਯੂਸਫ ਨੇ ਉਹਨਾਂ ਨੂੰ ਕਿਹਾ, “ਮੈਂ ਤੁਹਾਡਾ ਭਰਾ ਯੂਸਫ ਹਾਂ !” ਨਾ ਡਰੋ ਤੁਸੀ ਬੁਰਾ ਕਰਨ ਦੀ ਕੋਸ਼ਸ਼ਿ ਕੀਤੀ ਜਦੋਂ ਤੁਸੀ ਮੈਨੂੰ ਇਕ ਗੁਲਾਮ ਕਰਕੇ ਵੇਚਿਆ ਸੀ , ਪਰ ਪ੍ਰਮੇਸ਼ਵਰ ਨੇ ਬੁਰਾਈ ਨੂੰ ਭਲਾਈ ਲਈ ਇਸਤੇਮਾਲ ਕਰ ਲਿਆ | ਆਓ ਅਤੇ ਮਸਿਰ ਵਿਚ ਰਹੋ ਤਾਂ ਕਿ ਮੈਂ ਤੁਹਾਡੀ ਅਤੇ ਤੁਹਾਡੇ ਪਰੀਵਾਰਾਂ ਦੇ ਦੇਖ ਭਾਲ ਕਰਾਂ |



ਜਦੋਂ ਯੂਸਫ ਦੇ ਭਰਾ ਘਰ ਮੁੜੇ ਅਤੇ ਆਪਣੇ ਪਤਿਾ ਯਕੂਬ ਨੂੰ ਦੱਸਿਆ ਕਿ ਯੂਸਫ ਜਉਿੰਦਾ ਹੈ ਤਾਂ ਉਹ ਬਹੁਤ ਖੁਸ਼ ਹੋਇਆ |



ਚਾਹੇ ਯਕੂਬ ਬੁੱਡਾ ਆਦਮੀ ਸੀ ਉਹ ਆਪਣੇ ਪਰੀਵਾਰ ਨਾਲ ਮਸਿਰ ਚਲਾ ਗਆਿ ਅਤੇ ਉਹ ਉਥੇ ਰਹੇ | ਇਸ ਤੋਂ ਪਹਲਿਾਂ ਯਕੂਬ ਮਰਦਾ, ਉਸ ਨੇ ਆਪਣੇ ਹਰ ਇਕ ਪੁੱਤਰ ਨੂੰ ਬਰਕਤ ਦੱਿਤੀ |



ਨੇਮ ਦਾ ਵਾਇਦਾ ਜਹਿੜਾ ਪ੍ਰਮੇਸ਼ਵਰ ਨੇ ਅਬਰਾਹਮ ਨੂੰ ਦੀੱਤਾ ਉਹ ਇਸਹਾਕ ਤੱਕ ਚਲਾ ਗਿਆ, ਫਰਿ ਯਕੂਬ ਕੋਲ ਅਤੇ ਫਰਿ ਯਕੂਬ ਦੇ ਬਾਰਾਂ ਪੁੱਤਰਾਂ ਅਤੇ ਉਹਨਾਂ ਦੇ ਪਰੀਵਾਰਾਂ ਤੱਕ ਚਲਾ ਗਿਆ | ਬਾਰਾਂ ਪੁੱਤਰਾਂ ਦੀ ਔਲਾਦ ਇਸਰਾਏਲ ਦੇ ਬਾਰਾਂ ਗੋਤਰ ਬਣੇ |

*:* ਉਤਪਤ *37–50*

# ੯. ਪ੍ਰਮੇਸ਼ਵਰ ਨੇ ਮੂਸਾ ਨੂੰ ਬੁਲਾਇਆ



ਯੂਸਫ ਦੇ ਮਰਨ ਦੇ ਬਾਅਦ ਉਸ ਦੇ ਸਾਰੇ ਰਸ਼ਿਤੇਦਾਰ ਮਸਿਰ ਵਚਿ ਰਹੇ | ਉਹ ਅਤੇ ਉਹਨਾ ਦੀ ਔਲਾਦ ਲਗਾਤਾਰ ਬਹੁਤ ਸਾਲ ਉਥੇ ਰਹੇ ਅਤੇ ਉਹਨਾਂ ਦੇ ਬਹੁਤ ਸਾਰੇ ਬੱਚੇ ਪੈਦਾ ਹੋਏ | ਉਹਨਾਂ ਨੂੰ ਇਸਰਾਏਲੀ ਕਹਿਾ ਗਆਿ |



ਸੈਕੜੇ ਸਾਲਾਂ ਬਾਅਦ ਇਸਰਾਏਲੀਆਂ ਦੀ ਗਣਿਤੀ ਬਹੁਤ ਵੱਧ ਗਈ | ਮਸਿਰੀ ਯੂਸਫ ਨੂੰ ਅਤੇ ਜੋ ਕੁੱਝ ਉਸਨੇ ਕੀਤਾ ਸੀ ਭੁੱਲ ਗਏ ਸਨ| ਮਸਿਰੀ ਇਸਰਾਏਲੀਆਂ ਤੋਂ ਡਰਨ ਲੱਗੇ ਕਉਿਂਕ ਿਉਹ ਬਹੁਤ ਹੋ ਗਏ ਸਨ | ਇਸ ਲਈ ਫਰਾਊਨ ਜੋ ਉਸ ਸਮੇਂ ਮਸਿਰ ਤੇ ਰਾਜ ਕਰਦਾ ਸੀ ਉਸ ਨੇ ਇਸਰਾਏਲੀਆਂ ਨੂੰ ਮਸਿਰੀਆਂ ਦੇ ਗੁਲਾਮ ਬਣਾ ਦੱਿਤਾ |



ਮਿਸਰੀਆਂ ਨੇ ਇਸਰਾਏਲੀਆਂ ਤੇ ਧੱਕਾ ਕੀਤਾ ਕਿ ਉਹ ਬਹੁਤ ਸਾਰੀਆਂ ਇਮਾਰਤਾਂ ਬਣਾਉਣ ਅਤੇ ਇਥੋਂ ਤੱਕ ਕਿ ਸਾਰੇ ਸ਼ਹਰਿ ਵੀ | ਸਖਤ ਮੇਹਨਤ ਨੇ ਉਹਨਾਂ ਦੀ ਜਿੰਦਗੀ ਦੁੱਭਰ ਕਰ ਦਿੱਤੀ ਸੀ, ਪਰ ਪ੍ਰਮੇਸ਼ਵਰ ਨੇ ਉਹਨਾਂ ਨੂੰ ਬਰਕਤ ਦਿੱਤੀ ਅਤੇ ਉਹਨਾਂ ਦੇ ਹੋਰ ਬੱਚੇ ਹੋਏ |



ਫਰਾਉਨ ਨੇ ਦੇਖਿਆ ਕਿ ਇਸਰਾਏਲੀਆਂ ਦੇ ਬਹੁਤ ਬੱਚੇ ਹੋ ਰਹੇ ਹਨ, ਇਸ ਲਈ ਉਸਨੇ ਆਪਣੇ ਲੋਕਾਂ ਨੂੰ ਹੁਕਮ ਦਿੱਤਾ ਕਿ ਇਸਰਾਏਲੀਆਂ ਦੇ ਨਵੇਂ ਜਨਮੇ ਲੜਕਿਆਂ ਨੂੰ ਨੀਲ ਨਦੀ ਵਿਚਿ ਸੁੱਟ ਕੇ ਮਾਰ ਦੇਵੋ |



ਇਕ ਇਸਰਾਏਲੀ ਔਰਤ ਨੇ ਇਕ ਲੜਕੇ ਨੂੰ ਜਨਮ ਦੱਿਤਾ | ਉਹ ਅਤੇ ਉਸਦੇ ਪਤੀ ਨੇ ਉਸ ਬੱਚੇ ਨੂੰ ਛੁਪਾ ਰੱਖਿਆ ਜੱਿਨਾ ਚਿਰ ਛੁਪਾ ਸਕਦੇ ਸਨ |



ਜਦੋਂ ਲੜਕੇ ਦੇ ਮਾਤਾ ਪਿਤਾ ਉਸਨੂੰ ਹੋਰ ਛੁਪਾ ਸਕੇ, ਉਹਨਾਂ ਨੇ ਉਸ ਨੂੰ ਇਕ ਤੈਹਰਨ ਵਾਲੀ ਟੋਕਰੀ ਵਿਚ ਪਾ ਕੇ ਨੀਲ ਨਦੀ ਵਿਚ ਕਾਨਿਆਂ ਕੋਲ ਰੱਖ ਦੱਿਤਾ ਕਿ ਉਹ ਮਰਨ ਤੋਂ ਬਚ ਸਕੇ | ਉਸ ਦੀ ਵੱਡੀ ਭੈਣ ਦੇਖਣ ਲੱਗੀ ਕਿ ਉਸ ਨਾਲ ਕੀ ਹੁੰਦਾ |



ਫਰਾਉਨ ਦੀ ਲੜਕੀ ਨੇ ਟੋਕਰੀ ਦੇਖੀ ਅਤੇ ਉਸ ਵਿਚ ਦੇਖਿਆ | ਜਦੋਂ ਉਸ ਨੇ ਬੱਚੇ ਨੂੰ ਦੇਖਿਆ ਉਸ ਨੇ ਉਸ ਨੂੰ ਆਪਣੇ ਪੁੱਤਰ ਵਜੋਂ ਲੈ ਲਿਆ | ਉਸ ਨੇ ਇਕ ਇਸਰਾਏਲੀ ਔਰਤ ਨੌਕਰਾਨੀ ਨੂੰ ਰੱਖਿਆ ਕੇ ਉਸ ਨੂੰ ਦੁੱਧ ਪਲਿਾਵੇ ਬਨਿਾਂ ਜਾਣੇ ਕਿ ਇਹ ਉਸ ਬੱਚੇ ਦੀ ਮਾਂ ਸੀ | ਜਦੋਂ ਬੱਚਾ ਕਾਫੀ ਵੱਡਾ ਹੋ ਗਿਆ ਕਿ ਉਸ ਨੂੰ ਹੁਣ ਮਾਂ ਦੇ ਦੁੱਧ ਦੀ ਜਰੂਰਤ ਨਹੀ ਸੀ ਉਸ ਨੇ ਬੱਚਾ ਫਰਾਉਨ ਦੀ ਧੀ ਨੂੰ ਦੇ ਦਿੱਤਾ, ਉਸ ਨੇ ਉਸ ਦਾ ਨਾਮ ਮੂਸਾ ਰੱਖਿਆ |



ਇਕ ਦਨਿ ਜਦੋਂ ਮੂਸਾ ਜਵਾਨ ਹੋ ਗਿਆ ਉਸ ਨੇ ਦੇਖਿਆ ਕਿ ਇਕ ਮਿਸਰੀ ਇਕ ਇਸਰਾਏਲੀ ਨੂੰ ਮਾਰ ਰਹਿਾ ਸੀ | ਮੂਸਾ ਨੇ ਆਪਣੇ ਇਸਰਾਏਲੀ ਭਾਈ ਨੂੰ ਬਚਾਉਣ ਦੀ ਕੋਸ਼ਸ਼ਿ ਕੀਤੀ |



ਜਦੋਂ ਮੂਸਾ ਨੇ ਸੋਚਿਆ ਕਿ ਕੋਈ ਨਹੀ ਦੇਖਦਾ ਉਸ ਨੇ ਮਿਸਰੀ ਨੂੰ ਮਾਰ ਦਿੱਤਾ ਅਤੇ ਉਸ ਦੀ ਲਾਸ਼ ਨੂੰ ਦੱਬ ਦਿੱਤਾ | ਪਰ ਕਿਸੇ ਨੇ ਦੇਖ ਲਿਆ ਜੋ ਮੂਸਾ ਨੇ ਕੀਤਾ ਸੀ |



ਜਦੋਂ ਫਰਾਉਨ ਨੇ ਸੁਣਿਆ ਜੋ ਮੂਸਾ ਨੇ ਕੀ ਕੀਤਾ ਸੀ ਤਾਂ ਉਸ ਨੇ ਮੂਸਾ ਨੂੰ ਮਾਰਨ ਦੀ ਕੋਸ਼ਿਸ਼ ਕੀਤੀ | ਮੂਸਾ ਮਿਸਰ ਤੋਂ ਭੱਜ ਕੇ ਜੰਗਲ ਵਿਚ ਚਲਾ ਗਿਆ ਜਿੱਥੇ ਉਹ ਫਰਾਉਨ ਦੇ ਸਿਪਾਹੀਆਂ ਤੋਂ ਸੁਰਖਿਅਤ ਰਹੇਗਾ |



ਮੂਸਾ ਮਸਿਰ ਤੋਂ ਦੂਰ ਜੰਗਲ ਵਿਚ ਆਜੜੀ ਬਣ ਗਿਆ ਸੀ | ਉਸ ਨੇ ਉਸ ਜਗ੍ਹਾ ਦੀ ਇਕ ਔਰਤ ਨਾਲ ਵਿਆਹ ਕੀਤਾ ਅਤੇ ਦੋ ਪੱਤਰ ਹੋਏ |



ਇਕ ਦਨਿ ਜਦੋਂ ਮੂਸਾ ਭੇਡਾਂ ਚਾਰਦਾ ਸੀ ਉਸ ਨੇ ਇਕ ਝਾੜੀ ਦੇਖੀ ਜਸਿ ਨੂੰ ਅੱਗ ਲੱਗੀ ਹੋਈ ਸੀ | ਪਰ ਝਾੜੀ ਖਤਮ ਨਹੀ ਹੋਈ ਸੀ | ਮੂਸਾ ਝਾੜੀ ਵੱਲ ਗਿਆ ਕਿ ਉਸ ਨੂੰ ਚੰਗੀ ਤਰਾਂ ਦੇਖ ਸਕੇ | ਜਵਿੇਂ ਹੀ ਬਲਦੀ ਹੋਈ ਝਾੜੀ ਦੇ ਕੋਲ ਗਿਆ, ਪ੍ਰਮੇਸ਼ਵਰ ਦੀ ਅਵਾਜ ਨੇ ਕਹਿਾ, "ਮੂਸਾ, ਆਪਣੀ ਜੁੱਤੀ ਉਤਾਰ ਦੇਹ | ਤੂੰ ਪਵੱਿਤਰ ਜਗ੍ਹਾ ਤੇ ਖੜ੍ਹਾ ਹੈ |"



ਪ੍ਰਮੇਸ਼ਵਰ ਨੇ ਕਹਿਾ, “ਮੈਂ ਆਪਣੇ ਲੋਕਾਂ ਦੇ ਦੁੱਖ ਨੂੰ ਦੇਖਆਿ ਹੈ | ਮੈਂ ਤੈਨੂੰ ਫਰਾਊਨ ਕੋਲ ਭੇਜਾਂਗਾ ਤਾਂ ਕ ਿਤੂੰ ਇਸਰਾਏਲੀਆਂ ਨੂੰ ਮਸਿਰ ਦੀ ਗੁਲਾਮੀ ਵਚਿੋਂ ਬਾਹਰ ਲਆਿਵੇਂ | ਮੈਂ ਉਹਨਾਂ ਨੂੰ ਕਨਾਨ ਦੇਸ ਦੇਵਾਂਗਾ, ਜਸਿ ਦੇਸ ਦਾ ਵਾਇਦਾ ਅਬਰਾਹਮ, ਇਸਹਾਕ, ਅਤੇ ਯਕੂਬ ਨਾਲ ਕੀਤਾ ਸੀ |



ਮੂਸਾ ਨੇ ਪੁੱਛਆਿ, “ਕੀ ਹੋਵੇਗਾ ਜੇ ਲੋਕ ਪੁੱਛਣ ਕ ਿਮੈਨੂੰ ਕਸਿ ਨੇ ਭੇਜਆਿ ਹੈ, ਮੈਂ ਕ ਿਕਹਾਂਗਾ ?” ਪ੍ਰਮੇਸ਼ਵਰ ਨੇ ਕਹਿਾ, “ਮੈਂ ਹੂੰ ਜੋ ਹੂੰ | ਉਹਨਾਂ ਨੂੰ ਦੱਸ, “ਮੈਂ ਹੂੰ ਜੋ ਹੂੰ ਨੇ ਮੈਨੂੰ ਤੁਹਾਡੇ ਕੋਲ ਭੇਜਆਿ ਹੈ “ ਉਹਨਾਂ ਨੂੰ ਵੀ ਦੱਸ, “ਮੈਂ ਯਹੋਵਾ ਹਾਂ, ਤੁਹਾਡੇ ਬਾਪ ਦਾਦਆਿਂ ਅਬਰਾਹਮ, ਇਸਹਾਕ ਅਤੇ ਯਕੂਬ ਦਾ ਪ੍ਰਮੇਸ਼ਵਰ |” ਇਹ ਮੇਰਾ ਨਾਮ ਹਮੇਸ਼ਾਂ ਲਈ ਹੈ “



ਮੂਸਾ ਡਰਦਾ ਸੀ ਅਤੇ ਫਰਾਉਨ ਕੋਲ ਨਹੀ ਜਾਣਾ ਚਹੁੰਦਾ ਸੀ ਕਉਿਕਂਿ ਉਸ ਨੇ ਸੋਚਆਿ ਕਿ ਉਹ ਚੰਗੀ ਤਰਾਂ ਬੋਲ ਨਹੀ ਸਕਦਾ, ਇਸ ਲਈ ਪ੍ਰਮੇਸ਼ਵਰ ਨੇ ਮੂਸਾ ਦੇ ਭਰਾ ਹਰੂਨ ਨੂੰ ਉਸ ਦੀ ਮੱਦਦ ਲਈ ਭੇਜਆਿ | ਪ੍ਰਮੇਸ਼ਵਰ ਨੇ ਮੂਸਾ ਅਤੇ ਹਰੂਨ ਨੂੰ ਚੇਤਾਵਨੀ ਦੱਿਤੀ ਕਿ ਫਰਾਉਨ ਦਾ ਮਨ ਕਠੋਰ ਹੋਵੇਗਾ |

*: ਕੂਚ 1-4*

# 10. ਦਸ ਬਞ੍ਹਾਞ੍ਹਾਂ



ਮੂਸਾ ਅਤੇ ਹਰੂਨ ਫਰਾਉਨ ਕੋਲ ਗਏ | ਉਹਨਾਂ ਨੇ ਕਹਿਆ, "ਇਸਰਾਏਲ ਦਾ ਪ੍ਰਮੇਸ਼ਵਰ ਇਓ ਕਹੰਿਦਾ ਹੈ, 'ਮੇਰੇ ਲੋਕਾਂ ਨੂੰ ਜਾਂਣ ਦੇਹ !" ਫਰਾਉਨ ਨੇ ਉਹਨਾ ਦੀ ਨਾ ਸੁਣੀ | ਇਸਰਾਏਲੀਆਂ ਨੂੰ ਅਜਾਦ ਕਰਨ ਦੀ ਬਜਾਏ ਉਸ ਨੇ ਉਹਨਾਂ ਨੂੰ ਹੋਰ ਸਖਤ ਮੇਹਨਤ ਕਰਨ ਲਈ ਜੋਰ ਦੱਿਤਾ |



ਫਰਾਉਨ ਲੋਕਾਂ ਨੂੰ ਭੇਜਣ ਤੋ ਇਨਕਾਰ ਕਰਦਾ ਰਹਿਾ, ਇਸ ਲਈ ਪ੍ਰਮੇਸ਼ਵਰ ਨੇ ਮਸਿਰ ਉੱਤੇ ਦਸ ਭਆਿਨਕ ਬਵਾਵਾਂ ਭੇਜੀਆਂ | ਇਹਨਾ ਬਵਾਵਾਂ ਦੁਆਰਾ ਪ੍ਰਮੇਸ਼ਵਰ ਨੇ ਫਰਾਉਨ ਉੱਤੇ ਪਰਗਟ ਕੀਤਾ ਕਂਿ ਉਹ ਫਰਾਉਨ ਅਤੇ ਮਸਿਰੀ ਦੇਵਤਆਿਂ ਨਾਲੋਂ ਜਆਿਦਾ ਸ਼ਕਤੀਸ਼ਾਲੀ ਹੈ |



ਪ੍ਰਮੇਸ਼ਵਰ ਨੇ ਨੀਲ ਨਦੀ ਨੂੰ ਲਹੁ ਬਣਾ ਦੱਤਿਾ, ਪਰ ਫਰਾਊਨ ਅਜੇ ਵੀ ਇਸਰਾਏਲੀਆਂ ਨੂੰ ਜਾਣ ਨਹੀ ਦੇਂਦਿਾ ਸੀ |



ਪ੍ਰਮੇਸ਼ਵਰ ਨੇ ਸਾਰੇ ਮਸਿਰ ਵਚਿ ਡੱਡੂ ਭੇਜੇ | ਫਰਾਊਨ ਨੇ ਮੂਸਾ ਅੱਗੇ ਬੇਨਤੀ ਕੀਤੀ ਕ ਿਡੱਡੂਆਂ ਨੂੰ ਹਟਾਵੇ | ਪਰ ਸਾਰੇ ਡੱਡੂਆਂ ਦੇ ਮਰਨ ਦੇ ਬਾਅਦ ਫਰਾਊਨ ਨੇ ਆਪਣੇ ਮਨ ਨੂੰ ਕਠੋਰ ਕੀਤਾ ਅਤੇ ਇਸਰਾਏਲੀਆਂ ਨੂੰ ਮਸਿਰ ਛੱਡਣ ਨਹੀਂ ਦੱਤਿਾ |



ਇਸ ਲਈ ਪ੍ਰਮੇਸ਼ਵਰ ਨੇ ਪੱਸੂਆਂ ਦੀ ਬਵਾ ਭੇਜੀ | ਫਰਿ ਉਸ ਨੇ ਮੱਖੀਆਂ ਦੀ ਬਵਾ ਭੇਜੀ | ਫਰਾਉਨ ਨੇ ਮੂਸਾ ਅਤੇ ਹਰੂਨ ਨੂੰ ਬੁਲਾਇਆ ਅਤੇ ਕਹਿਾ ਕਿ ਜੇਕਰ ਉਹ ਇਹਨਾਂ ਬਵਾਵਾਂ ਨੂੰ ਰੋਕ ਦੇਣ ਤਾਂ ਇਸਰਾਏਲੀ ਮਸਿਰ ਤੋਂ ਜਾ ਸਕਦੇ ਹਨ | ਜਦੋਂ ਮੂਸਾ ਨੇ ਪ੍ਰਾਰਥਨ ਕੀਤੀ ਪ੍ਰਮੇਸ਼ਵਰ ਨੇ ਮਸਿਰ ਤੋਂ ਮੱਖੀਆਂ ਹਟਾ ਦੱਤੀਆਂ | ਪਰ ਫਰਾਉਨ ਨੇ ਆਪਣਾ ਮਨ ਕਠੋਰ ਕੀਤਾ ਅਤੇ ਲੋਕਾਂ ਨੂੰ ਨਾ ਜਾਣ ਦੱਤਾ |



ਅੱਗੇ, ਪ੍ਰਮੇਸ਼ਵਰ ਨੇ ਮਸਿਰੀਆਂ ਦੇ ਸਾਰੇ ਖੇਤੀਬਾੜੀ ਵਾਲੇ ਪਸ਼ੂਆਂ ਨੂੰ ਬੀਮਾਰ ਕੀਤਾ ਅਤੇ ਉਹ ਮਰ ਗਏ | ਪਰ ਫਰਾਉਨ ਦਾ ਮਨ ਕਠੋਰ ਕੀਤਾ ਅਤੇ ਇਸਰਾਏਲੀਆਂ ਨੂੰ ਨਾ ਜਾਣ ਦੱਤਾ |



ਤੱਦ ਪ੍ਰਮੇਸ਼ਵਰ ਨੇ ਮੂਸਾ ਨੂੰ ਕਹਿਾ ਕਿ ਫਰਾਉਨ ਦੇ ਸਾਹਮਣੇ ਹਵਾ ਵੱਿਚ ਰਾਖ ਸੁੱਟਿ | ਜਦੋਂ ਉਸ ਨੇ ਕੀਤਾ, ਮਸਿਰੀਆਂ ਦੇ ਦੁੱਖ ਦੇਣ ਵਾਲੇ ਫੋੜੇ ਨੱਿਕਲੇ ਪਰ ਇਸਰਾਏਲੀਆਂ ਦੇ ਨਹੀ | ਪ੍ਰਮੇਸ਼ਵਰ ਨੇ ਫਰਾਉਨ ਦੇ ਮਨ ਨੂੰ ਕਠੋਰ ਕੀਤਾ, ਅਤੇ ਫਰਾਉਨ ਇਸਰਾਏਲੀਆਂ ਨੂੰ ਅਜਾਦੀ ਨਾਲ ਨਾ ਜਾਣ ਦੱਿਤਾ |



ਇਸ ਤੋਂ ਬਾਅਦ, ਪ੍ਰਮੇਸ਼ਵਰ ਨੇ ਗੜੇ ਭੇਜੇ ਅਤੇ ਮਸਿਰੀਆਂ ਦੀ ਸਾਰੀ ਫਸਲ ਤਬਾਹ ਕਰ ਦੱਿਤੀ ਅਤੇ ਜੋ ਕੋਈ ਵੀ ਬਾਹਰ ਗਆਿ ਮਾਰਆਿ ਗਆਿ | ਫਰਾਉਨ ਨੇ ਮੂਸਾ ਅਤੇ ਹਰੂਨ ਨੂੰ ਬੁਲਾਇਆ ਅਤੇ ਕਹਿਾ, “ਮੈਂ ਪਾਪ ਕੀਤਾ ਹੈ | ਤੁਸੀ ਜਾ ਸਕਦੇ ਹੋ |” ਮੂਸਾ ਨੇ ਪ੍ਰਾਰਥਨਾ ਕੀਤੀ, ਅਤੇ ਸਵਰਗ ਤੋਂ ਗੜੇ ਡੱਿਗਣੇ ਬੰਦ ਹੋ ਗਏ |



ਪਰ ਫਰਾਉਨ ਨੇ ਫਰਿ ਪਾਪ ਕੀਤਾ ਅਤੇ ਆਪਣੇ ਮਨ ਨੂੰ ਕਠੋਰ ਕੀਤਾ | ਉਸ ਨੇ ਇਸਰਾਏਲੀਆਂ ਨੂੰ ਅਜਾਦੀ ਨਾਲ ਨਾ ਜਾਣ ਦੀਤਾ |



ਇਸ ਲਈ ਪ੍ਰਮੇਸ਼ਵਰ ਨੇ ਮਸਿਰੀਆਂ ਉੱਪਰ ਟੱਡੀ ਦਲ ਭੇਜਆਿ | ਇਹਨਾ ਟੱਡੀਆਂ ਨੇ ਉਹ ਸਾਰੀ ਫਸਲ ਚੱਟ ਕਰ ਲਈ ਜਹਿੜੀ ਗੜਆਿਂ ਤੋਂ ਬੱਚ ਗਈ ਸੀ |



ਤੱਦ ਪ੍ਰਮੇਸ਼ਵਰ ਨੇ ਹਨੇਰਾ ਭੇਜਿਆ ਜੋ ਤੀਂਨ ਦਨਿਾਂ ਤੱਕ ਰਹਿਾ | ਇਹ ਇੰਨਾ ਜਆਿਦਾ ਹਨੇਰਾ ਸੀ ਕਿ ਮਸਿਰੀ ਆਪਣੇ ਘਰਾਂ ਤੋਂ ਬਾਹਰ ਨਾ ਜਾ ਸਕੇ | ਪਰ ਜੱਿਥੇ ਇਸਰਾਏਲੀ ਰਹੀਂਦੇ ਸਨ ਉੱਥੇ ਰੌਸ਼ਨੀ ਸੀ |



ਇਹਨਾਂ ਨੌ ਬਵਾਵਾਂ ਤੋਂ ਬਾਅਦ ਵੀ ਫਰਾਉਨ ਨੇ ਇਸਰਾਏਲੀਆਂ ਨੂੰ ਜਾਣ ਤੋਂ ਇਨਕਾਰ ਕਰ ਦੱਿਤਾ | ਜਦੋਂ ਫਰਾਉਨ ਨਾ ਸੁਣਦਾ ਸੀ, ਪ੍ਰਮੇਸ਼ਵਰ ਨੇ ਆਖਰੀ ਬਵਾ ਭੇਜਣ ਦੀ ਯੋਜਨਾ ਬਣਾਈ | ਇਹ ਫਰਾਉਨ ਦੇ ਮਨ ਨੂੰ ਬਦਲੇਗੀ |

*: ਕੂਚ 5–10*

# 11. ਪਸਹ



ਪ੍ਰਮੇਸ਼ਵਰ ਨੇ ਫਰਾਊਨ ਨੂੰ ਚੇਤਾਵਨੀ ਦੱਤਿੀ ਕਿ ਜੇ ਉਸ ਨੇ ਇਸਰਾਏਲੀਆਂ ਨੂੰ ਨਾ ਜਾਣ ਦੱਤਿਾ ਤਾਂ ਉਹਨਾਂ ਦੇ ਅਤੇ ਉਹਨਾਂ ਦੇ ਪਸ਼ੂਆਂ ਦੇ ਪਲੋਠੇ ਮਾਰ ਦੇਵੇਗਾ | ਜਦੋਂ ਉਸ ਨੇ ਸੁਣਿਆਂ ਤੱਦ ਵੀ ਪ੍ਰਮੇਸ਼ਵਰ ਦਾ ਵਸ਼ਿਵਾਸ ਕਰਨ ਅਤੇ ਆਗਆਿ ਮੰਨਣ ਤੋਂ ਇਨਕਾਰ ਕੀਤਾ |



ਜਹਿੜੇ ਪ੍ਰਮੇਸ਼ਵਰ ਤੇ ਵਸ਼ਿਵਾਸ ਕਰਦੇ ਹਨ ਉਹਨਾ ਦੇ ਪਲੋਠਆਿਂ ਨੂੰ ਬਚਾਉਣ ਲਈ ਉਸ ਨੇ ਤਰੀਕਾ ਦੱਤਿਾ | ਹਰ ਇਕ ਪਰੀਵਾਰ ਨੂੰ ਬੱਜ ਰਹਤਿ ਲੇਲਾ ਲੈਣਾ ਅਤੇ ਉਸ ਨੂੰ ਕੱਟਣਾ ਸੀ |



ਪ੍ਰਮੇਸ਼ਵਰ ਨੇ ਇਸਰਾਏਲੀਆਂ ਨੂੰ ਕਹਿਾ ਕਿ ਉਹ ਲੇਲੇ ਦੇ ਲਹੂ ਵਚਿੋਂ ਕੁਝ ਲੈ ਕੇ ਆਪਣੇ ਘਰ ਦੀਆਂ ਚੌਂਗਾਠਾਂ ਤੇਂ ਲਗਾਉਣ ਅਤੇ ਮੀਟ ਨੂੰ ਭੁੰਨ ਕੇ ਛੇਤੀ ਛੇਤੀ ਬਨਿਾ ਖਮੀਰ ਰੋਟੀ ਨਾਲ ਖਾਣ | ਅਤੇ ਉਸ ਨੇ ਉਹਨਾਂ ਨੂੰ ਇਹ ਵੀ ਕਹਿਾ ਕਿ ਜਦੋਂ ਖਾਣ ਤਾਂ ਮਸਿਰ ਛੱਡਣ ਲਈ ਤਆਿਰ ਹੋ ਜਾਣ|



ਇਸਰਾਏਲੀਆਂ ਨੇ ਬਲਿਕੁਲ ਉਵੇਂ ਹੀ ਕੀਤਾ ਜਵਿੇਂ ਪ੍ਰਮੇਸ਼ਵਰ ਨੇ ਉਹਨਾਂ ਨੂੰ ਕਰਨ ਲਈ ਹੁਕਮ ਦੱਤਿਾ ਸੀ | ਰਾਤ ਦੇ ਅੱਧ ਵਚਿ, ਪ੍ਰਮੇਸ਼ਵਰ ਮਸਿਰ ਵਚਿ ਹਰ ਇਕ ਪਲੋਠੇ ਲੜਕੇ ਨੂੰ ਮਾਰਨ ਲਈ ਨਕਿਲਆਿ |



ਇਸਰਾਏਲੀਆਂ ਦੇ ਸਾਰੇ ਘਰਾਣਿਆਂ ਦੀਆਂ ਚੌਗਾਠਾਂ ਤੋਂ ਲਹੂ ਸੀ, ਇਸ ਲਈ ਪ੍ਰਮੇਸ਼ਵਰ ਉਹਨਾਂ ਘਰਾਂ ਦੇ ਉੱਪਰੋਂ ਲੰਘ ਗਿਆ | ਉਹਨਾਂ ਵਿਚਕਾਰ ਹਰ ਕੋਈ ਸੁਰੱਖਿਅਤ ਸੀ | ਉਹ ਲੇਲੇ ਦੇ ਲਹੂ ਕਾਰਨ ਬਚ ਗਏ ਸੀ |



ਪਰ ਮਿਸਰੀਆਂ ਨੇ ਪ੍ਰਮੇਸ਼ਵਰ ਤੇ ਵਿਸ਼ਵਾਸ ਨਹੀ ਕੀਤਾ ਅਤੇ ਉਸ ਦਾ ਹੁਕਮ ਨਹੀ ਮੰਨਿਆ | ਇਸ ਲਈ ਪ੍ਰਮੇਸ਼ਵਰ ਉਹਨਾ ਦੇ ਘਰਾਂ ਉੱਪਰੋਂ ਨਹੀ ਲੰਘਿਆ | ਪ੍ਰਮੇਸ਼ਵਰ ਨੇ ਮਿਸਰੀਆਂ ਦੇ ਹਰ ਇਕ ਪਲੋਠੇ ਲੜਕੇ ਨੂੰ ਮਾਰਿਆ |



ਹਰ ਮਸਿਰੀ ਪਲੋਠਾ ਲੜਕਾ ਮਰ ਗਆਿ, ਜੇਲ ਵਚਿ ਹਰ ਕੈਦੀ ਦਾ ਪਲੋਠਾ, ਫਰਾਉਨ ਦੇ ਪਲੋਠੇ ਤੱਕ ਮਰ ਗਆਿ | ਮਸਿਰ ਵਚਿ ਬਹੁਤ ਸਾਰੇ ਲੋਕ ਆਪਣੇ ਗਹਰਿੇ ਦੁੱਖ ਦੇ ਕਾਰਨ ਵਰਿਲਾਪ ਕਰਦੇ ਅਤੇ ਰੋਂਦੇ ਸਨ |



ਉਸੇ ਰਾਤ, ਫਰਾਉਨ ਨੇ ਮੂਸਾ ਅਤੇ ਹਰੂਨ ਨੂੰ ਬੁਲਾਇਆ ਅਤੇ ਕਹਿਾ, "ਇਸਰਾਏਲੀਆਂ ਨੂੰ ਲੈ ਅਤੇ ਜਲਦੀ ਨਾਲ ਮਸਿਰ ਵਚਿੋਂ ਨੱਿਕਲ ਜਾਹ|" ਮਸਿਰੀ ਲੋਕਾਂ ਨੇ ਵੀ ਇਸਰਾਏਲੀਆਂ ਦੀ ਅੱਗੇ ਬੇਨਤੀ ਕੀਤੀ ਕਿ ਜਲਦੀ ਨਾਲ ਮਸਿਰ ਛੱਡ ਦਓਿ |

*: ਕੂਚ 11:1–12:32*

# 12. ਕ੍ਰਚ



ਇਸਰਾਏਲੀ ਮਸਿਰ ਛੱਡਣ ਲਈ ਬਹੁਤ ਖੁਸ਼ ਸਨ | ਹੁਣ ਅੱਗੇ ਤੋਂ ਉਹ ਗੁਲਾਮ ਨਹੀ ਸਨ ਅਤੇ ਵਾਇਦੇ ਦੇ ਦੇਸ ਵਿਚ ਜਾ ਰਹੇ ਸਨ | ਜੋ ਕੱਝ ਵੀ ਇਸਰਾਏਲੀਆਂ ਨੇ ਮੰਗਿਆ ਮਸਿਰੀਆਂ ਨੇ ਦੇ ਦੱਤਿਾ, ਇਥੋਂ ਤੱਕ ਕਿ ਸੋਨਾ, ਚਾਂਦੀ ਅਤੇ ਬਹੁਮੁੱਲੀਆਂ ਚੀਜਾਂ ਵੀ ਦੱਤਿੀਆਂ | ਦੂਸਰੇ ਦੇਸਾਂ ਦੇ ਕੁੱਝ ਲੋਕਾਂ ਨੇ ਪ੍ਰਮੇਸ਼ਵਰ ਵਚਿ ਵਸ਼ਿਵਾਸ ਕੀਤਾ ਅਤੇ ਜਵਿੇਂ ਹੀ ਇਸਰਾਏਲੀਆਂ ਨੇ ਮਸਿਰ ਛੱਡਆਿ ਉਹਨਾਂ ਦੇ ਨਾਲ ਚੱਲ ਪਏ |



ਪ੍ਰਮੇਸ਼ਵਰ ਨੇ ਦਨਿ ਦੇ ਸਮੇਂ ਉਹਨਾਂ ਦੇ ਅੱਗੇ ਅੱਗੇ ਇਕ ਉੱਚੇ ਬੱਦਲ ਦੇ ਖੰਬੇ ਦੇ ਰੂਪ ਵਚਿ ਅਗਵਾਈ ਕੀਤੀ ਅਤੇ ਜੋ ਰਾਤ ਨੂੰ ਅੱਗ ਦਾ ਉੱਚਾ ਖੰਬਾਂ ਬਣ ਜਾਂਦਾ ਸੀ | ਪ੍ਰਮੇਸ਼ਵਰ ਹਮੇਸ਼ਾਂ ਉਹਨਾਂ ਦੇ ਨਾਲ ਸੀ ਉਹਨਾਂ ਦੀ ਯਾਤਰਾ ਵਚਿ ਮੱਦਦ ਕਰਦਾ ਸੀ | ਉਹਨਾਂ ਨੂੰ ਸਰਿਫ ਉਸ ਦੇ ਪੱਿਛੇ ਪੱਿਛੇ ਚੱਲਣਾ ਸੀ |



ਕੁੱਝ ਸਮੇਂ ਦੇ ਬਾਅਦ ਫਰਾਉਨ ਅਤੇ ਉਸਦੇ ਲੋਕਾਂ ਨੇ ਆਪਣਾ ਮਨ ਬਦਲ ਲਿਆ ਅਤੇ ਦੁਬਾਰਾ ਫੇਰ ਇਸਰਾਏਲੀਆਂ ਨੂੰ ਆਪਣੇ ਗੁਲਾਮ ਬਨਾਉਣਾ ਚਾਹਿਆ | ਪ੍ਰਮੇਸ਼ਵਰ ਨੇ ਫਰਾਉਨ ਦਾ ਮਨ ਕਠੋਰ ਹੋਣ ਦੱਿਤਾ ਕਿ ਲੋਕ ਦੇਖ ਸਕਣ ਕਿ ਉਹ ਇਕੋ ਇਕ ਸੱਚਾ ਪ੍ਰਮੇਸ਼ਵਰ ਹੈ ਅਤੇ ਸਮਝ ਸਕਣ ਕਿ ਉਹ, ਯਹੋਵਾਹ, ਫਰਾਉਨ ਅਤੇ ਉਸਦੇ ਦੇਵਤਿਆਂ ਤੋਂ ਜਿਆਦਾ ਸ਼ਕਤੀਸ਼ਾਲੀ ਹੈ |



ਇਸ ਲਈ ਫਰਾਉਨ ਅਤੇ ਉਸਦੀ ਸੈਨਾ ਨੇ ਇਸਰਾਏਲੀਆਂ ਦਾ ਪਿੱਛਾ ਕੀਤਾ ਕਿ ਉਹਨਾ ਨੂੰ ਦੁਬਾਰਾ ਫੇਰ ਆਪਣੇ ਗੁਲਾਮ ਬਣਾ ਲੈਣ | ਜਦੋਂ ਇਸਰਾਏਲੀਆਂ ਨੇ ਮਿਸਰੀਆਂ ਦੀ ਸੈਨਾ ਨੂੰ ਆਉਦੇ ਦੇਖਿਆ ਤਾਂ ਉਹਨਾਂ ਨੂੰ ਸਮਝ ਆਇਆ ਕਿ ਉਹ ਫਰਾਉਨ ਅਤੇ ਲਾਲ ਸਮੁੰਦਰ ਦੇ ਵਿਚਕਾਰ ਫਸ ਗਏ ਹਨ | ਉਹ ਬਹੁਤ ਡਰ ਗਏ ਅਤੇ ਚਲਿਾਉਣ ਲੱਗੇ, “ਅਸੀ ਮਿਸਰ ਕਿਉਂ ਛੱਡਿਆ ? ਅਸੀ ਮਰ ਜਾਵਾਂਗੇ !”



ਮੂਸਾ ਨੇ ਇਸਰਾਏਲੀਆਂ ਨੂੰ ਕਹਿਾ, “ਡਰਨਾ ਬੰਦ ਕਰੋ ! ਅੱਜ ਪ੍ਰਮੇਸ਼ਵਰ ਤੁਹਾਡੇ ਲਈ ਲੜੇਗਾ ਅਤੇ ਤੁਹਾਨੂੰ ਬਚਾਵੇਗਾ |” ਪ੍ਰਮੇਸ਼ਵਰ ਨੇ ਮੂਸਾ ਨੂੰ ਦੱਸਿਆ, “ਲੋਕਾਂ ਨੂੰ ਕਹਿ ਕਿ ਉਹ ਲਾਲ ਸਮੁੰਦਰ ਵੱਲ ਵਧਣ |”



ਤੱਦ ਪ੍ਰਮੇਸ਼ਵਰ ਨੇ ਬੱਦਲ ਦਾ ਖੰਬਾਂ ਬਦਲ ਕੇ ਇਸਰਾਏਲੀਆਂ ਅਤੇ ਮਸਿਰੀਆਂ ਦੇ ਵਚਿਕਾਰ ਕਰ ਦੀਤਾ ਇਸ ਲਈ ਮਸਿਰੀ ਇਸਰਾਏਲੀਆਂ ਨੂੰ ਦੇਖ ਨਾ ਸਕੇ |



ਪ੍ਰਮੇਸ਼ਵਰ ਨੇ ਮੂਸਾ ਨੂੰ ਕਹਿਾ ਕਿ ਆਪਣਾ ਹੱਥ ਸਮੁੰਦਰ ਵੱਲ ਉਠਾ ਅਤੇ ਪਾਣੀਆਂ ਨੂੰ ਵੰਡ ਦੇਹ | ਤੱਦ ਪ੍ਰਮੇਸ਼ਵਰ ਨੇ ਸਮੁੰਦਰ ਦੇ ਵਚਿਕਾਰ ਹਵਾ ਚਲਾਈ ਪਾਣੀ ਨੂੰ ਸੱਜੇ ਖੱਬੇ ਵੱਲ ਧੱਕੇ ਅਤੇ ਸਮੁੰਦਰ ਦੇ ਵਚਿਕਾਰ ਮਾਰਗ ਤਆਿਰ ਹੋ ਗਆਿ |



ਇਸਰਾਏਲੀ ਸਮੁੰਦਰ ਦੇ ਵਚਿਕਾਰੋਂ ਸੁੱਕੀ ਧਰਤੀ ਉੱਤੋਂ ਲੰਘੇ ਜਸਿਦੇ ਦੋਹਾਂ ਪਾਸਆਿਂ ਤੇ ਪਾਣੀ ਦੀਆਂ ਦੀਵਾਰਾਂ ਸਨ |



ਤੱਦ ਪ੍ਰਮੇਸ਼ਵਰ ਨੇ ਮਿਸਰੀਆਂ ਦੇ ਰਾਹ ਵਿੱਚੋਂ ਬੱਦਲ ਨੂੰ ਉਠਾਇਆ ਤਾਂ ਕਿ ਉਹ ਇਸਰਾਏਲੀਆਂ ਨੂੰ ਬੱਚ ਕੇ ਨਿਕਲਦੇ ਹੋਏ ਦੇਖ ਸਕਣ | ਮਿਸਰੀਆਂ ਨੇ ਫੈਸਲਾ ਕੀਤਾ ਕਿ ਉਹ ਉਹਨਾ ਦਾ ਪਿੱਛਾ ਕਰਨ |



ਇਸ ਲਈ ਉਹਨਾਂ ਨੇ ਸਮੁੰਦਰ ਦੇ ਮਾਰਗ ਦੁਆਰਾ ਇਸਰਾਏਲੀਆਂ ਦਾ ਪਿੱਛਾ ਕੀਤਾ ਪਰ ਪ੍ਰਮੇਸ਼ਵਰ ਨੇ ਮਿਸਰੀਆਂ ਨੂੰ ਘਬਰਾ ਦਿੱਤਾ ਅਤੇ ਉਹਨਾਂ ਦੇ ਰੱਥਾਂ ਨੂੰ ਫਸਾ ਦਿੱਤਾ | ਉਹ ਚਲਿਾਏ, “ਭੱਜ ਚੱਲੋ! ਪ੍ਰਮੇਸ਼ਵਰ ਇਸਰਾਏਲੀਆਂ ਲਈ ਲੜ ਰਿਹਾ ਹੈ!”



ਇਸਰਾਏਲੀਆਂ ਦੇ ਸੁਰੱਖਿਆ ਨਾਲ ਸਮੁੰਦਰ ਦੇ ਦੂਸਰੇ ਕਨਿਾਰੇ ਪਹੁੰਚਣ ਤੋਂ ਬਾਅਦ, ਪ੍ਰਮੇਸ਼ਵਰ ਨੇ ਮੂਸਾ ਨੂੰ ਕਹਿਾ ਕਿ ਦੁਬਾਰ ਫੇਰ ਆਪਣੇ ਹੱਥ ਨੂੰ ਲੰਬਾ ਕਰ | ਜਦੋਂ ਉਸ ਨੇ ਹੁਕਮ ਮੰਨਆਿ ਤਾਂ ਪਾਣੀ ਮਸਿਰੀਆਂ ਉੱਪਰ ਡੌਂਗਆਿ ਅਤੇ ਆਪਣੀ ਸਹੀ ਜਗ੍ਹਾ ਤੇ ਆ ਗਆਿ | ਸਾਰੀ ਮਸਿਰੀ ਸੈਨਾ ਰੁੜ ਗਈ |



ਜਦੋਂ ਇਸਰਾਏਲੀਆਂ ਨੇ ਦੇਖਆਿ ਕਿ ਮਸਿਰੀ ਮਰ ਗਏ ਹਨ, ਉਹਨਾਂ ਪ੍ਰਮੇਸ਼ਵਰ ਤੇ ਭਰੋਸਾ ਕੀਤਾ ਅਤੇ ਵਸ਼ਿਵਾਸ ਕੀਤਾ ਕਿ ਮੂਸਾ ਪ੍ਰਮੇਸ਼ਵਰ ਦਾ ਨਬੀ ਹੈ |



ਇਸਰਾਏਲੀਆਂ ਨੇ ਉਤਸ਼ਾਹ ਨਾਲ ਅਨੰਦ ਕੀਤਾ ਕਉਿਂਕ ਿਪ੍ਰਮੇਸ਼ਵਰ ਨੇ ਉਹਨਾਂ ਨੂੰ ਮੌਤ ਅਤੇ ਗੁਲਾਮੀ ਤੋਂ ਛੁਡਾਇਆ | ਹੁਣ ਉਹ ਪ੍ਰਮੇਸ਼ਵਰ ਦੀ ਸੇਵਾ ਕਰਨ ਲਈ ਤਿਆਰ ਸਨ | ਇਸਰਾਏਲੀਆਂ ਨੇ ਆਪਣੀ ਨਵੀ ਅਜਾਦੀ ਦਾ ਜਸ਼ਨ ਮਨਾਉਣ ਲਈ ਬਹੁਤ ਗੀਤ ਗਾਏ ਅਤੇ ਪ੍ਰਮੇਸ਼ਵਰ ਦੀ ਸਤੂਤੀ ਕੀਤੀ ਕ ਿਉਸ ਨੇ ਉਹਨਾਂ ਨੂੰ ਮਸਿਰੀ ਸੈਨਾ ਤੋਂ ਬਚਾਇਆ |



ਪ੍ਰਮੇਸ਼ਵਰ ਨੇ ਇਸਰਾਏਲੀਆਂ ਨੂੰ ਹੁਕਮ ਦੱਿਤਾ ਕ ਿਉਹ ਹਰ ਸਾਲ ਪਸਹ ਦਾ ਤਓਿਹਾਰ ਮਨਾਉਣ ਤਾਂ ਕ ਿਯਾਦ ਰਹੇ ਕਸਿ ਤਰਾਂ ਪ੍ਰਮੇਸ਼ਵਰ ਨੇ ਉਹਨਾਂ ਨੂੰ ਮਸਿਰੀਆਂ ਉੱਤੇ ਜੱਿਤ ਦੱਿਤੀ ਅਤੇ ਗੁਲਾਮੀ ਤੋਂ ਛੁਡਾਇਆ | ਉਹਨਾਂ ਨੇ ਬੱਜ ਰਹਤਿ ਲੇਲਾ ਕੱਟਦੇ ਹੋਏ ਅਤੇ ਉਸ ਨਾਲ ਖਮੀਰ ਤੋਂ ਬਨਿਾ ਰੋਟੀ ਖਾਂਦੇ ਹੋਏ ਇਸ ਨੂੰ ਮਨਾਇਆ |

*:* ਕੂਚ *12:33–15:21*

# 13. ਇਸਰਾਏਲੀਆਂ ਨਾਲ ਪ੍ਰਮੇਸ਼ਵਰ ਦਾ ਨੇਮ



ਇਸਰਾਏਲੀਆਂ ਨੂੰ ਲਾਲ ਸਮੁੰਦਰ ਵਿੱਚੋਂ ਪਾਰ ਲੰਘਾਉਣ ਦੇ ਬਾਅਦ ਪ੍ਰਮੇਸ਼ਵਰ ਨੇ ਉਹਨਾਂ ਦੀ ਜੰਗਲ ਵੀੱਚ ਅਗਵਾਈ ਕਰਦੇ ਹੋਏ ਸਨੇਈ ਪਰਬਤ ਤੱਕ ਪਹੁੰਚਾਇਆ | ਇਹ ਓਹੀ ਪਰਬਤ ਸੀ ਜੀੱਥੇ ਮੂਸਾ ਨੇ ਬਲਦੀ ਹੋਈ ਝਾੜੀ ਦੇਖੀ ਸੀ | ਲੋਕਾਂ ਨੇ ਪਰਬਤ ਦੇ ਕਦਮਾਂ ਵਚਿ ਆਪਣੇ ਤੰਬੂ ਗੱਡੇ |



ਪ੍ਰਮੇਸ਼ਵਰ ਨੇ ਮੂਸਾ ਅਤੇ ਇਸਰਾਏਲ ਦੇ ਲੋਕਾਂ ਨੂੰ ਕਹਿਾ, “ਅਗਰ ਤੁਸੀ ਮੇਰੇ ਹੁਕਮਾਂ ਨੂੰ ਮੰਨੋਂ ਅਤੇ ਮੇਰੇ ਨੇਮ ਦੀ ਪਾਲਣਾ ਕਰੋਂ, ਤੁਸੀ ਮੇਰੇ ਨੀੱਜ ਦੀ ਵਰਾਸਤ, ਯਾਜਕਾਂ ਦਾ ਰਾਜ ਅਤੇ ਪਵੀੱਤਰ ਪਰਜਾ ਹੋਵੋਂਗੇ |”



ਤੀਨਿ ਦਨਿ ਬਾਅਦ, ਜਦੋਂ ਲੋਕਾਂ ਨੇ ਆਪਣੇ ਆਪ ਨੂੰ ਆਤਮਕਿ ਤੌਰ ਤੇ ਤਆਿਰ ਕਰ ਲਆਿ ਸੀ ਪ੍ਰਮੇਸ਼ਵਰ ਪਹਾੜ ਸਨੇਈ ਤੇ ਚਮਕ, ਗਰਜਣ, ਧੁਏਂ ਅਤੇ ਤੁਰੀਆਂ ਦੀ ਵੱਡੀ ਅਵਾਜ ਨਾਲ ਉੱਤਰਆਿ | ਸਰਿਫ ਮੂਸਾ ਨੂੰ ਹੀ ਪਹਾੜ ਉੱਤੇ ਜਾਣ ਦੀ ਇਜ਼ਾਜਤ ਸੀ |



ਤੱਦ ਪ੍ਰਮੇਸ਼ਵਰ ਨੇ ਉਹਨਾਂ ਨੂੰ ਨੇਮ ਦੱਤਿਾ ਅਤੇ ਕਹਿਾ, “ਮੈਂ ਯਹੋਵਾ ਹਾਂ, ਤੁਹਾਡਾ ਪ੍ਰਮੇਸ਼ਵਰ ਜਸਿ ਨੇ ਤੁਹਾਨੂ ਮਸਿਰ ਦੀ ਗੁਲਾਮੀ ਤੋਂ ਛੁਡਾਇਆ ਹੈ | ਦੂਸਰੇ ਦੇਵਤਆਿਂ ਦੀ ਪੂਜਾ ਨਾ ਕਰੋ |”



“ਮੂਰਤੀਆਂ ਨਾ ਬਣਾਓ ਅਤੇ ਉਹਨਾਂ ਦੀ ਪੂਜਾ ਨਾ ਕਰੋ, ਕਉਿੰਕ ਿਮੈਂ, ਯਹੋਵਾ ਜਲਨ ਰੱਖਣ ਵਾਲਾ ਪ੍ਰਮੇਸ਼ਵਰ ਹਾਂ | ਮੇਰਾ ਨਾਮ ਬੇਫਾਇਦਾ ਨਾ ਲੈਣਾ | ਸੱਬਤ ਨੂੰ ਪਵੀਂਤਰ ਰੱਖਣਾ ਜਰੂਰੀ ਜਾਣੋ | ਇਸ ਲਈ ਛੇ ਦਨਿ ਆਪਣੇ ਸਾਰੇ ਕੰਮ ਕਰੋ ਕਉਿੰਕ ਿਸੱਤਵਾਂ ਦਨਿ ਤੁਹਾਡੇ ਅਰਾਮ ਦਾ ਅਤੇ ਮੈਨੂੰ ਯਾਦ ਕਰਨ ਦਾ ਦਨਿ ਹੈ |



“ਆਪਣੇ ਮਾਤਾ ਪਤਿਾ ਦਾ ਆਦਰ ਕਰੋ | ਕਤਲ ਨਾ ਕਰੋ | ਜਨਾਹ ਨਾ ਕਰੋ | ਚੋਰੀ ਨਾ ਕਰੋ | ਝੂਠ ਨਾ ਬੋਲੋ | ਆਪਣੇ ਗੁਆਂਡੀ ਦੀ ਤੀਵੀ ਦੀ ਲਾਲਸਾ ਨਾ ਕਰ, ਨਾ ਉਸਦੇ ਘਰ ਦੀ, ਨਾ ਕਸਿੇ ਚੀਜ ਦੀ ਜੋ ਉਸ ਦੀ ਹੈ |”



ਤੱਦ ਪ੍ਰਮੇਸ਼ਵਰ ਨੇ ਇਹਨਾਂ ਆਗਿਆਂ ਨੂੰ ਦੋ ਪੱਥਰ ਦੀਆਂ ਫੱਟੀਆਂ ਤੇ ਲਿੱਖਿਆ ਅਤੇ ਮੂਸਾ ਨੂੰ ਦਿੱਤਾ | ਪ੍ਰਮੇਸ਼ਵਰ ਨੇ ਮੰਨਣ ਲਈ ਹੋਰ ਵੀ ਕਈ ਕਾਇਦੇ ਅਤੇ ਕਨੂੰਨ ਦਿੱਤੇ | ਅਗਰ ਲੋਕ ਇਹਨਾਂ ਕਨੂੰਨਾਂ ਦੀ ਪਾਲਣਾ ਕਰਨਗੇ ਤਾਂ ਪ੍ਰਮੇਸ਼ਵਰ ਨੇ ਵਾਇਦਾ ਕੀਤਾ ਹੈ ਕਿ ਉਹ ਉਹਨਾਂ ਨੂੰ ਬਰਕਤ ਦੇਵੇਗਾ ਅਤੇ ਉਹਨਾਂ ਨੂੰ ਸੰਭਾਲੇਗਾ | ਅਗਰ ਉਹ ਉਹਨਾਂ ਦੀ ਪਾਲਣਾ ਨਹੀ ਕਰਦੇ ਤਾਂ ਪ੍ਰਮੇਸ਼ਵਰ ਉਹਨਾਂ ਨੂੰ ਸਜ਼ਾ ਦੇਵੇਗਾ |



ਪ੍ਰਮੇਸ਼ਵਰ ਨੇ ਇਸਰਾਏਲੀਆਂ ਨੂੰ ਉਸ ਤੰਬੂ ਦਾ ਵੀ ਵਸਿਥਾਰ ਵਿਚ ਖਾਕਾ ਦਿੱਤਾ ਸੀ ਜੋ ਉਹ ਚਹੁੰਦਾ ਸੀ ਕਿ ਉਹ ਬਣਾਉਣ | ਇਸ ਨੂੰ ਮਲਿਾਪ ਦਾ ਤੰਬੂ ਕਿਹਾ ਜਾਂਦਾ ਸੀ, ਅਤੇ ਇਸ ਵਿਚ ਦੋ ਕਮਰੇ ਸਨ ਜਹਿਨਾਂ ਨੂੰ ਇਕ ਮੋਟਾ ਪਰਦਾ ਅੱਲਗ ਅੱਲਗ ਕਰਦਾ ਸੀ | ਸਰਿਫ ਮਹਾਂ ਯਾਜਕ ਹੀ ਪਰਦੇ ਦੇ ਪਾਰ ਉਸ ਕਮਰੇ ਵਿਚ ਜਾ ਸਕਦਾ ਸੀ ਕਉਿਂਕ ਿਪ੍ਰਮੇਸ਼ਵਰ ਉੱਥੇ ਰਹਿੰਦਾ ਸੀ |



ਕੋਈ ਵੀ ਜੋ ਪ੍ਰਮੇਸ਼ਵਰ ਦੇ ਕਨੂੰਨ ਦੀ ਅਣਆਗਆਿਕਾਰੀ ਕਰਦਾ ਉਸ ਨੂੰ ਮਲਿਾਪ ਦੇ ਤੰਬੂ ਸਾਹਮਣੇ ਬੇਦੀ ਉੱਤੇ ਪ੍ਰਮੇਸ਼ਵਰ ਅੱਗੇ ਬਲੀ ਲਈ ਇਕ ਪਸ਼ੁ ਲਆਿਉਣਾਂ ਪੈਂਦਾ ਸੀ | A priest would kill the animal and burn it on the altar. ਬਲੀ ਦੱਿਤੇ ਪਸ਼ੁ ਦਾ ਲਹੁ ਵਅਿਕਤੀ ਦੇ ਪਾਪ ਨੂੰ ਢੱਕ ਦੀਂਦਾ ਅਤੇ ਪ੍ਰਮੇਸ਼ਵਰ ਦੀ ਨਗਿਾਹ ਵਚਿ ਵਅਿਕਤੀ ਨੂੰ ਸਾਫ਼ ਕਰਦਾ | ਪ੍ਰਮੇਸ਼ਵਰ ਨੇ ਮੂਸਾ ਦੇ ਭਰਾ ਹਰੂਨ ਅਤੇ ਉਸਦੀ ਸੰਤਾਨ ਨੂੰ ਆਪਣੇ ਯਾਜਕ ਹੋਣ ਲਈ ਚੁਣਆਿ |



ਸਾਰੇ ਲੋਕ ਪ੍ਰਮੇਸ਼ਵਰ ਦੇ ਕਨੂੰਨਾਂ ਨੂੰ ਮੰਨਣ ਲਈ ਰਾਜੀ ਹੋ ਗਏ ਜੋ ਪ੍ਰਮੇਸ਼ਵਰ ਨੇ ਉਹਨਾਂ ਨੂੰ ਦੱਿਤੇ ਸਨ, ਕਿ ਸਰਿਫ ਪ੍ਰਮੇਸ਼ਵਰ ਦੀ ਹੀ ਉਪਾਸਨਾ ਕਰਨਾ ਅਤੇ ਉਸ ਦੇ ਖਾਸ ਲੋਕ ਬਣਨਾ | ਪ੍ਰਮੇਸ਼ਵਰ ਦੇ ਹੁਕਮਾ ਦੀ ਪਾਲਣਾ ਕਰਨ ਦਾ ਵਾਇਦਾ ਕਰਨ ਤੋਂ ਥੋੜੇ ਸਮੇਂ ਬਾਅਦ ਹੀ ਉਹਨਾਂ ਨੇ ਭਆਿਨਕ ਪਾਪ ਕੀਤਾ |



ਕਈ ਦਨਿਾਂ ਤੋਂ ਮੂਸਾ ਸਨੈਈ ਪਹਾੜ ਉੱਤੇ ਪ੍ਰਮੇਸ਼ਵਰ ਨਾਲ ਗੱਲਾਂ ਕਰਨ ਲਈ ਗਿਆ ਹੋਇਆ ਸੀ | ਲੋਕ ਉਸਦੀ ਇੰਤਜ਼ਾਰ ਕਰਦੇ ਥੱਕ ਗਏ | ਇਸ ਲਈ ਉਹਨਾਂ ਨੇ ਹਰੂਨ ਕੋਲ ਸੋਨਾ ਲਆਿਂਦਾ ਅਤੇ ਉਸ ਨੂੰ ਕਹਿਾ ਕਿ ਉਹਨਾਂ ਲਈ ਇਕ ਮੂਰਤ ਬਣਾਏ !



ਹਰੂਨ ਨੇ ਵੱਛੇ ਦੇ ਰੂਪ ਵਚਿ ਸੋਨੇ ਦੀ ਮੂਰਤ ਬਣਾਈ | ਲੋਕ ਅੰਧੇ ਧੁੰਦ ਮੂਰਤ ਦੀ ਪੂਜਾ ਕਰਨ ਲੱਗੇ ਅਤੇ ਬਲੀਆਂ ਚੜ੍ਹਾਉਣ ਲੱਗੇ | ਉਹਨਾਂ ਦੇ ਪਾਪ ਦੇ ਕਾਰਨ ਪ੍ਰਮੇਸ਼ਵਰ ਉਹਨਾਂ ਨਾਲ ਬਹੁਤ ਗੁੱਸੇ ਹੋਇਆ ਅਤੇ ਉਹਨਾਂ ਨੂੰ ਖਤਮ ਕਰਨ ਦੀ ਯੋਜਨਾ ਬਣਾਈ | ਪਰ ਮੂਸਾ ਨੇ ਉਹਨਾਂ ਲਈ ਪ੍ਰਾਰਥਨਾ ਕੀਤੀ ਅਤੇ ਪ੍ਰਮੇਸ਼ਵਰ ਨੇ ਉਸ ਦੀ ਪ੍ਰਾਰਥਨਾ ਨੂੰ ਸੁਣਆਿ ਅਤੇ ਉਹਨਾਂ ਦਾ ਨਾਸ ਨਾ ਕੀਤਾ |



ਜਦੋਂ ਮੂਸਾ ਹੇਠਾਂ ਉੱਤਰਿਆ ਅਤੇ ਮੂਰਤ ਨੂੰ ਦੇਖਿਆ ਉਹ ਬਹੁਤ ਗੁੱਸੇ ਹੋਇਆ ਕਿ ਉਸ ਨੇ ਉਹ ਪੱਥਰ ਦੀਆਂ ਫੱਟੀਆਂ ਚਕਨਾਚੂਰ ਕਰ ਦੀਤੀਆਂ ਜਹਿਨਾਂ ਉੱਤੇ ਪ੍ਰਮੇਸ਼ਵਰ ਨੇ ਦਸ ਹੁਕਮ ਲਖਿੇ ਸਨ |



ਤੱਦ ਮੂਸਾ ਨੇ ਮੂਰਤ ਨੂੰ ਪੀਸ ਕੇ ਪਾਉਡਰ ਬਣਾ ਦੀਤਾ ਅਤੇ ਉਹ ਪਾਉਡਰ ਪਾਣੀ ਉੱਤੇ ਸੁੱਟ ਦੀਤਾ ਅਤੇ ਅਤੇ ਲੋਕਾਂ ਨੂੰ ਉਹ ਪਾਣੀ ਪਿਆਇਆ | ਪ੍ਰਮੇਸ਼ਵਰ ਨੇ ਲੋਕਾਂ ਉੱਤੇ ਬਵਾ ਭੇਜੀ ਅਤੇ ਕਈ ਮਰ ਗਏ |



ਮੂਸਾ ਫੇਰ ਪਹਾੜ ਤੇ ਚੜ੍ਹ ਗਿਆ ਅਤੇ ਪ੍ਰਾਰਥਨਾ ਕੀਤੀ ਕਿ ਪ੍ਰਮੇਸ਼ਵਰ ਲੋਕਾਂ ਨੂੰ ਮਾਫ਼ ਕਰੇ | ਪ੍ਰਮੇਸ਼ਵਰ ਨੇ ਮੂਸਾਮੂਸਾ ਨੇ ਨਵੀਆਂ ਫੱਟੀਆਂ ਤੇ ਦਸ ਅਗਿਆਵਾਂ ਨੂੰ ਲਿੱਖਿਆ ਉਹਨਾਂ ਫੱਟੀਆਂ ਦੀ ਜਗ੍ਹਾ ਜੋ ਉਸ ਨੇ ਖਤਮ ਕਰ ਦਿੱਤੀਆਂ ਸਨ | ਤੱਦ ਪ੍ਰਮੇਸ਼ਵਰ ਨੇ ਪਹਾੜ ਸਨੈਈ ਤੋਂ ਵਾਇਦੇ ਦੇ ਦੇਸ ਵੱਲ ਇਸਰਾਏਲੀਆਂ ਦੀ ਅਗਵਾਈ ਕੀਤੀ |

*: ਕੂਚ 19–34*

# 14. ਜੰਗਲ ਵਿਚ ਘੁਮਣਾ ਘੁੰਮਣਾ



ਨੇਮ ਦੇ ਇਕ ਭਾਗ ਵਜੋਂ ਉਹ ਕਨੂੰਨ ਜੋ ਪ੍ਰਮੇਸ਼ਵਰ ਚਹੁੰਦਾ ਸੀ ਕਿ ਇਸਰਾਏਲੀ ਮੰਨਣ ਪ੍ਰਮੇਸ਼ਵਰ ਦੁਆਰਾ ਦੱਸਣ ਤੋਂ ਬਾਅਦ ਉਹ ਪਹਾੜ ਸਨੈਈ ਤੋਂ ਚੱਲ ਪਏ | ਪ੍ਰਮੇਸ਼ਵਰ ਨੇ ਉਹਨਾਂ ਦੀ ਵਾਇਦੇ ਦੇ ਦੇਸ ਵੱਲ ਅਗਵਾਈ ਕੀਤੀ ਜਸਿ ਨੂੰ ਕਨਾਨ ਕਹਿਾ ਜਾਂਦਾ ਸੀ | ਬੱਦਲ ਦਾ ਥੱਮ ਉਹਨਾਂ ਦੇ ਅੱਗੇ ਅੱਗੇ ਕਨਾਨ ਵੱਲ ਚੱਲ ਪਆਿ ਅਤੇ ਉਹ ਉਸਦੇ ਪੱਿਛੇ ਪੱਿਛੇ ਚੱਲਦੇ ਗਏ |



ਪ੍ਰਮੇਸ਼ਵਰ ਨੇ ਅਬਰਾਹਮ, ਇਸਹਾਕ ਅਤੇ ਯਕੂਬ ਨਾਲ ਵਾਇਦਾ ਕੀਤਾ ਸੀ ਕਿ ਉਹ ਉਹਨਾਂ ਦੀ ਔਲਾਦ ਨੂੰ ਵਾਇਦੇ ਦਾ ਦੇਸ ਦੇਵੇਗਾ ਪਰ ਹੁਣ ਉੱਥੇ ਬਹੁਤ ਸਾਰੇ ਲੋਕਾਂ ਦੇ ਝੁੰਡ ਰਹਿੰਦੇ ਸਨ | ਜਹਿਨਾਂ ਨੂੰ ਕਨਾਨੀ ਕਹਿਾ ਜਾਂਦਾ ਸੀ | ਕਨਾਨੀ ਪ੍ਰਮੇਸ਼ਵਰ ਦੀ ਅਰਾਧਨ ਨਹੀਂ ਕਰਦੇ ਸਨ ਅਤੇ ਨਾ ਹੀ ਉਸਦੀ ਆਗਆਿ ਮੰਨਦੇ ਸਨ | ਉਹ ਝੂਠੇ ਦੇਵਤਆਿਂ ਦੀ ਪੂਜਾ ਕਰਦੇ ਅਤੇ ਬਹੁਤ ਬੁਰੇ ਕੰਮ ਕਰਦੇ ਸਨ |



ਪ੍ਰਮੇਸ਼ਵਰ ਨੇ ਇਸਰਾਏਲੀਆਂ ਨੂੰ ਕਹਿਾ, “ਤੁਸੀ ਇਹਨਾਂ ਸਾਰੇ ਕਤੁਸੀ ਬਲਿਕੁੱਲ ਉਹਨਾਂ ਦੀਆਂ ਮੂਰਤਾਂ ਨੂੰ ਨਸ਼ਟ ਕਰ ਦੇਵੋ | ਅਗਰ ਤੁਸੀ ਮੇਰੀ ਆਗਆਿ ਨਹੀ ਮੰਨਦੇ ਅਤੇ ਇਸ ਦੀ ਬਜਾਈ ਉਹਨਾਂ ਦੀਆਂ ਮੂਰਤਾਂ ਦੀ ਪੂਜਾ ਕਰੋਗੇ |”



ਜਦੋਂ ਇਸਰਾਏਲੀ ਕਨਾਨ ਦੀਆਂ ਹੱਦਾਂ ਤੇਂ ਪਹੁੰਚੇ, ਮੂਸੇ ਨੇ ਇਸਰਾਏਲ ਦੇ ਬਾਰਾਂ ਗੋਤਾਂ ਵਚਿੋਂ ਬਾਰਾਂ ਮਨੁੱਖ ਚੁਣੇ | ਉਸ ਨੇ ਉਹਨਾਂ ਮਨੁੱਖਾਂ ਨੂੰ ਹਦਾਇਤਾਂ ਦੱਤੀਆਂ ਕ ਿਦੇਸ ਵਚਿ ਜਾਣ ਅਤੇ ਸੂਹ ਲੈਣ ਕ ਿਇਹ ਕਹਿੋ ਜਹਿਾ ਲੱਗਦਾ ਹੈ | ਉਹਨਾਂ ਨੂੰ ਇਹ ਵੀ ਸੂਹ ਲੈਣੀ ਸੀ ਕ ਿਕੀ ਕਨਾਨੀ ਤਕੜੇ ਜਾਂ ਮਾੜੇ ਹਨ |



ਇਹ ਬਾਰਾਂ ਆਦਮੀ ਕਨਾਨ ਵਚਿ ਚਾਲੀ ਦਨਿ ਫਰਿਦੇ ਰਹੇ ਅਤੇ ਵਾਪਸ ਆਏ | ਉਹਨਾਂ ਨੇ ਲੋਕਾਂ ਨੂੰ ਦੱਸਿਆ, “ਦੇਸ ਬਹੁਤ ਉਪਜਾਊ ਹੈ ਅਤੇ ਫਸਲ ਬਹੁਤ ਹੈ | ਪਰ ਤੀਂਨ ਸੂਹਿਆਂ ਨੇ ਕਹਿਾ, “ਸ਼ਹਰਿ ਬਹੁਤ ਮਜਬੂਤ ਹਨ ਅਤੇ ਲੋਕ ਦੈਂਤ ਹਨ ! ਅਗਰ ਅਸੀ ਉਹਨਾਂ ਉੱਤੇ ਹਮਲਾ ਕਰੀਏ ਤਾਂ ਉਹ ਜਰੂਰ ਸਾਨੂੰ ਹਰਾ ਦੇਣਗੇ ਅਤੇ ਮਾਰ ਦੇਣਗੇ !”



ਇਕ ਦਮ ਦੋ ਦੂਸਰੇ ਸੂਹੀਏ ਕਾਲੇਬ ਅਤੇ ਯੋਸ਼ੁਆ ਬੋਲੇ, “ਇਹ ਸੱਚ ਹੈ ਕਿ ਕਨਾਨ ਦੇ ਲੋਕ ਲੰਬੇ ਅਤੇ ਤਕੜੇ ਹਨ ਪਰ ਅਸੀ ਸੱਚ ਮੁਚ ਉਹਨਾਂ ਨੂੰ ਹਰਾ ਦੇਵਾਂਗੇ ! ਪ੍ਰਮੇਸ਼ਵਰ ਸਾਡੇ ਲਈ ਯੁੱਧ ਲੜੇਗਾ !”



ਪਰ ਲੋਕਾਂ ਨੇ ਕਾਲੇਬ ਅਤੇ ਯੋਸ਼ੁਆ ਦੀ ਨਾ ਸੁਣੀ | ਉਹ ਮੂਸਾ ਅਤੇ ਹਰੂਨ ਨਾਲ ਗੁੱਸੇ ਹੋਏ ਅਤੇ ਕਹਿਾ, "ਕਉਿ ਤੂੰ ਸਾਨੂੰ ਇਸ ਭਿਆਨਕ ਜਗ੍ਹਾ ਤੇ ਲੈ ਕੇ ਆਇਆ ਹੈਂ? ਇੱਥੇ ਯੁੱਧ ਵਚਿ ਮਰਨ ਨਾਲੋਂ ਸਾਡੇ ਲਈ ਮਸਿਰ ਵਚਿ ਰਹਣਿਾ ਚੰਗਾ ਸੀ ਜੱਿਥੇ ਸਾਡੀਆਂ ਤੀਵੀਆਂ ਅਤੇ ਬੱਚੇ ਗੁਲਾਮ ਹੁੰਦੇ |" ਲੋਕ ਦੂਸਰਾ ਅਗੂਆ ਲੱਭਣਾ ਚਹੁੰਦੇ ਸਨ ਜੋ ਉਹਨਾਂ ਨੂੰ ਵਾਪਸ ਮਸਿਰ ਵੱਿਚ ਲੈ ਜਾਵੇ |



ਪ੍ਰਮੇਸ਼ਵਰ ਬਹੁਤ ਗੁੱਸੇ ਹੋਇਆ ਅਤੇ ਕਹਿਾ ਸੱਭ ਮਲਿਾਪ ਦੇ ਤੰਬੂ ਕੋਲ ਆਵੋ | ਪ੍ਰਮੇਸ਼ਵਰ ਨੇ ਕਹਿਾ, "ਕਉਿਕਾਂ ਤੁਸੀ ਮੇਰੇ ਵਰਿੁੱਧ ਵਲਵਾ ਕੀਤਾ ਹੈ ਇਸ ਲਈ ਸਾਰੇ ਲੋਕ ਇਸ ਜੰਗਲ ਵਚਿ ਭਟਕਣਗੇ | ਕਾਲੇਬ ਅਤੇ ਯੋਸ਼ੁਆ ਨੂੰ ਛੱਡ ਕੇ ਜੱਿਨੇ ਬੀਹ ਸਾਲ ਦੀ ਉਮਰ ਤੋਂ ਉੱਤੇ ਜਾ ਬੀਹ ਸਾਲ ਦੇ ਹਨ ਕਦੀ ਵੀ ਵਾਇਦੇ ਦੇ ਦੇਸ ਵਚਿ ਨਾ ਜਾਣਗੇ |"



ਜਦੋਂ ਲੋਕਾਂ ਨੇ ਇਹ ਸੁਣਿਆ ਉਹ ਉਦਾਸ ਹੋਏ ਕਿ ਉਹਨਾਂ ਨੇ ਪਾਪ ਕੀਤਾ ਸੀ | ਉਹਨਾਂ ਨੇ ਆਪਣੇ ਹੱਥਿਆਰ ਲਏ ਅਤੇ ਕਨਾਨ ਦੇ ਲੋਕਾਂ ਉੱਤੇ ਹਮਲਾ ਕਰਨ ਲਈ ਨੱਿਕਲੇ | ਮੂਸਾ ਨੇ ਉਹਨਾਂ ਨੂੰ ਚਤਿਾਵਨੀ ਦੱਿਤੀ ਕਿ ਉਹ ਨਾ ਜਾਣ ਕਿਉਂਕਿ ਪ੍ਰਮੇਸ਼ਵਰ ਉਹਨਾਂ ਦੇ ਸੰਗ ਨਹੀਂ ਸੀ ਪਰ ਉਹਨਾਂ ਨੇ ਉਸ ਦੀ ਨਾ ਸੁਣੀ |



ਪ੍ਰਮੇਸ਼ਵਰ ਉਹਨਾਂ ਨਾਲ ਯੁੱਧ ਵੱਿਚ ਨਹੀ ਗਿਆ ਇਸ ਲਈ ਉਹ ਹਾਰ ਗਏ ਅਤੇ ਕਈ ਮਾਰੇ ਗਏ | ਤੱਦ ਇਸਰਾਏਲੀ ਕਨਾਨ ਤੋਂ ਵਾਪਸ ਆਏ ਅਤੇ ਜੰਗਲ ਵਿਚ ਚਾਲੀ ਸਾਲ ਘੁਮੰਦੇ ਰਹੇ |



ਚਾਲੀ ਸਾਲ ਲੋਕਾਂ ਦੇ ਜੰਗਲ ਵਚਿ ਘੁੰਮਣ ਦੇ ਸਮੇਂ ਪ੍ਰਮੇਸ਼ਵਰ ਨੇ ਉਹਨਾਂ ਲਈ ਮੁਹੈਈਆ ਕੀਤਾ | ਉਸ ਨੇ ਉਹਨਾਂ ਨੂੰ ਸਵਰਗ ਤੋਂ ਰੋਟੀ ਦੱਿਤੀ ਜਸਿਨੂੰ "ਮਨ੍ਨਾ" ਕਹੰਿਦੇ ਸਨ | ਉਸ ਨੇ ਉਹਨਾਂ ਦੇ ਤੰਬੂਆਂ ਵਚਿ ਬਟੇਰਆਿਂ (ਜੋ ਆਮ ਅਕਾਰ ਦੇ ਪੰਛੀ ਹੁੰਦੇ ਹਨ) ਦੇ ਝੁੰਡ ਵੀ ਭੇਜੇ ਕਿ ਉਹ ਮੀਟ ਖਾ ਸਕਣ | ਇਸ ਸਾਰੇ ਸਮੇਂ ਦੌਰਾਨ ਪ੍ਰਮੇਸ਼ਵਰ ਨੇ ਉਹਨਾਂ ਦੇ ਕਪੜੇ ਅਤੇ ਜੁੱਤੀਆਂ ਨਾ ਘੱਸਣ ਦੱਿਤੀਆਂ |



ਇੱਥੋਂ ਤੱਕ ਕੇ ਪ੍ਰਮੇਸ਼ਵਰ ਨੇ ਚਮਤਕਾਰੀ ਢੰਗ ਨਾਲ ਉਹਨਾਂ ਨੂੰ ਚਟਾਨ ਵਚਿੋਂ ਪਾਣੀ ਵੀ ਪਲਿਾਇਆ | ਪਰ ਇਸ ਸੱਭ ਦੇ ਬਾਵਯੂਦ ਵੀ ਇਸਰਾਏਲ ਦੇ ਲੋਕਾਂ ਨੇ ਪ੍ਰਮੇਸ਼ਵਰ ਅਤੇ ਮੂਸਾ ਦੇ ਵਰੁੱਧਿ ਸ਼ਕਾਿਇਤ ਕੀਤੀ ਅਤੇ ਕੁੜਕੁੜਾਏ | ਫਰਿ ਵੀ ਪ੍ਰਮੇਸ਼ਵਰ ਅਬਰਾਹਾਮ, ਇਸਹਾਕ ਅਤੇ ਯਾਕੂਬ ਨਾਲ ਕੀਤੇ ਆਪਣੇ ਵਾਇਦੇ ਪ੍ਰਤੀ ਵਫ਼ਾਦਾਰ ਸੀ |



ਇਕ ਹੋਰ ਸਮੇਂ ਤੇ ਜਦੋਂ ਲੋਕਾਂ ਕੋਲ ਪਾਣੀ ਨਹੀ ਸੀ, ਪ੍ਰਮੇਸ਼ਵਰ ਨੇ ਮੂਸਾ ਨੂੰ ਕਹਿਾ, "ਚਟਾਨ ਨੂੰ ਬੋਲ ਅਤੇ ਇਸ ਵਚਿੱੋਂ ਪਾਣੀ ਨੱਿਕਲ ਆਵੇਗਾ |" ਪਰ ਮੂਸਾ ਨੇ ਸਾਰੇ ਲੋਕਾਂ ਦੇ ਸਾਹਮਣੇ ਚਟਾਨ ਨੂੰ ਬੋਲਣ ਦੀ ਬਜਾਇ ਆਪਣੀ ਸੋਟੀ ਨਾਲ ਦੋ ਵਾਰ ਮਾਰ ਕੇ ਪ੍ਰਮੇਸ਼ਵਰ ਦਾ ਅਨਾਦਰ ਕੀਤਾ | ਸੱਭ ਦੇ ਪੀਣ ਲਈ ਚਟਾਨ ਵਚਿੱੋਂ ਪਾਣੀ ਬਾਹਰ ਆਇਆ ਪਰ ਪ੍ਰਮੇਸ਼ਵਰ ਮੂਸਾ ਨਾਲ ਗੁੱਸੇ ਸੀ ਅਤੇ ਕਹਿਾ, "ਤੂੰ ਵਾਇਦੇ ਦੇ ਦੇਸ ਵਚਿ ਪ੍ਰਵੇਸ਼ ਨਹੀ ਕਰੇਗਾਂ |"



ਜੰਗਲ ਵਚਿ ਇਸਰਾਏਲ ਦੇ ਚਾਲੀ ਸਾਲ ਘੁੰਮਣ ਦੇ ਬਾਅਦ, ਉਹ ਸੱਭ ਜਹਿਨਾਂ ਨੇ ਪ੍ਰਮੇਸ਼ਵਰ ਦੇ ਵਰਿੁੱਧ ਵਦਿਰੋਹ ਕੀਤਾ ਸੀ ਮਰ ਗਏ ਸਨ | ਤੱਦ ਦੁਬਾਰਾ ਫੇਰ ਪ੍ਰਮੇਸ਼ਵਰ ਲੋਕਾਂ ਨੂੰ ਵਾਇਦੇ ਦੇ ਦੇਸ ਦੇ ਕਨਿਾਰੇ ਤੇ ਲੈ ਕੇ ਗਆਿ | ਹੁਣ ਮੂਸਾ ਬਹੁਤ ਬੁੱਢਾ ਹੋ ਚੁੱਕਾ ਸੀ ਇਸ ਲਈ ਪ੍ਰਮੇਸ਼ਵਰ ਨੇ ਲੋਕਾਂ ਦੀ ਅਗੁਵਾਈ ਕਰਨ ਲਈ ਯਹੋਸ਼ੁਆ ਨੂੰ ਚੁਣਆਿ | ਪ੍ਰਮੇਸ਼ਵਰ ਨੇ ਮੂਸਾ ਨਾਲ ਇਹ ਵਾਇਦਾ ਵੀ ਕੀਤਾ ਕਿ ਇਕ ਦਨਿ ਫੇਰ ਉਹ ਮੂਸਾ ਜਹਿਾ ਨਬੀ ਭੇਜੇਗਾ |



ਤੱਦ ਪ੍ਰਮੇਸ਼ਵਰ ਨੇ ਮੂਸਾ ਨੂੰ ਪਹਾੜ ਦੀ ਚੋਟੀ ਤੇ ਜਾਣ ਨੂੰ ਕਹਿਆ ਤਾਂ ਕਿ ਉਹ ਵਾਇਦੇ ਦੇ ਦੇਸ ਨੂੰ ਦੇਖ ਸਕੇ | ਮੂਸਾ ਨੇ ਵਾਇਦੇ ਦੇ ਦੇਸ ਨੂੰ ਦੇਖਿਆ ਪਰ ਪ੍ਰਮੇਸ਼ਵਰ ਨੇ ਉਸ ਨੂੰ ਉਸ ਵਿਚ ਵੜਨ ਦੀ ਆਗਿਆ ਨਾ ਦਿੱਤੀ | ਤੱਦ ਮੂਸਾ ਮਰ ਗਿਆ, ਅਤੇ ਇਸਰਾਏਲੀਆਂ ਨੇ ਤੀਹ ਦਿਨ ਉਸ ਲਈ ਸੋਗ ਕੀਤਾ | ਯੋਸ਼ੁਆ ਉਹਨਾਂ ਦਾ ਨਵਾਂ ਅਗੁਵਾ ਬਣ ਗਿਆ | ਯੋਸ਼ੁਆ ਇਕ ਚੰਗਾ ਅਗੁਵਾ ਸੀ ਕਿਉਂਕਿ ਉਹ ਪ੍ਰਮੇਸ਼ਵਰ ਤੇ ਭਰੋਸਾ ਰੱਖਦਾ ਸੀ ਅਤੇ ਉਸਦੀ ਆਗਿਆ ਮੰਨਦਾ ਸੀ |

*: ਕੂਚ16–17; ਗਣਿਤੀ 10–14; 20; 27; ਬਵਸਿਥਾਸਰ 34*

# 15. ਵਾਇਦੇ ਦਾ ਦੇਸ



ਆਖਰਕਾਰ ਸਮਾਂ ਆ ਗਿਆ ਕਿ ਇਸਰਾਏਲੀ ਕਨਾਨ ਜਾਣੀ ਵਾਇਦੇ ਦੇ ਦੇਸ ਵਿਚ ਪ੍ਰਵੇਸ਼ ਕਰਨ | ਯੋਸ਼ੁਆ ਨੇ ਦੋ ਸੂਹੀਏ ਇਕ ਕਨਾਨੀ ਸ਼ਹਰਿ ਯਰੀਹੋ ਵਿਚ ਭੇਜੇ ਜੋ ਇਕ ਬਹੁਤ ਤਕੜੀ ਦੀਵਾਰ ਨਾਲ ਸੁਰਖਿਅਤ ਸੀ | ਉਸ ਸ਼ਹਰਿ ਵਿਚ ਇਕ ਰਹਾਬ ਨਾਮ ਦੀ ਬੇਸ਼ਵਾ ਰਹਿੰਦੀ ਸੀ ਜਸਿ ਨੇ ਇਹਨਾਂ ਸੂਹਿਆਂ ਨੂੰ ਲੁਕਾਇਆ ਅਤੇ ਬਾਅਦ ਵਿਚ ਬੱਚ ਨਕਿਲਨ ਵਿਚ ਮੱਦਦ ਕੀਤੀ | ਉਸ ਨੇ ਇਸ ਲਈ ਇਸ ਤਰਾਂ ਕੀਤਾ ਕਿਉਂਕਿ ਉਹ ਪ੍ਰਮੇਸ਼ਵਰ ਤੇ ਭਰੋਸਾ ਰੱਖਦੀ ਸੀ | ਉਹਨਾਂ ਨੇ ਰਹਾਬ ਨਾਲ ਵਾਇਦਾ ਕੀਤਾ ਕਿ ਜਦੋਂ ਇਸਰਾਏਲੀ ਯਰੀਹੋ ਨੂੰ ਨਾਸ ਕਰਨਗੇ ਤਾਂ ਉਸਨੂੰ ਅਤੇ ਉਸਦੇ ਪਰੀਵਾਰ ਨੂੰ ਬਚਾਉਣਗੇ |



ਵਾਇਦੇ ਦੇ ਦੇਸ ਵਿਚ ਪ੍ਰਵੇਸ਼ ਕਰਨ ਲਈ ਇਸਰਾਏਲੀਆਂ ਨੂੰ ਯਰਦਨ ਨਦੀ ਨੂੰ ਪਾਰ ਕਰਨਾ ਸੀ | ਪ੍ਰਮੇਸ਼ਵਰ ਨੇ ਯੋਸ਼ੁਆ ਨੂੰ ਕਹਿਾ, “ਪਹਲਿਾਂ ਯਾਜਕਾਂ ਨੂੰ ਜਾਣ ਦੇਵੀਂ |” ਜਦੋਂ ਯਾਜਕਾਂ ਨੇ ਯਰਦਨ ਨਦੀ ਵਿਚ ਆਪਣੇ ਪੈਰ ਪਾਏ ਤਾਂ ਪਾਣੀ ਵੈਹਣਾ ਬੰਦ ਹੋ ਗਿਆ ਤਾਂ ਕਿ ਇਸਰਾਏਲੀ ਨਦੀ ਦੇ ਦੂਸਰੇ ਪਾਸੇ ਜਾ ਸਕਣ |



ਲੋਕਾਂ ਦੁਆਰਾ ਯਰਦਨ ਨਦੀ ਪਾਰ ਕਰਨ ਤੋਂ ਬਾਅਦ, ਪ੍ਰਮੇਸ਼ਵਰ ਨੇ ਯੋਸ਼ੁਆ ਨੂੰ ਦੱਸਿਆ ਕਿ ਕਿਸ ਤਰਾਂ ਸ਼ਕਤੀਸ਼ਾਲੀ ਸ਼ਹਿਰ ਯਰੀਹੋ ਤੇ ਹਮਲਾ ਕਰਨਾ ਹੈ | ਲੋਕਾਂ ਨੇ ਪ੍ਰਮੇਸ਼ਵਰ ਦਾ ਹੁਕਮ ਮੰਨਿਆ | ਜਵੇਂ ਪ੍ਰਮੇਸ਼ਵਰ ਨੇ ਉਹਨਾਂ ਨੂੰ ਕਰਨ ਲਈ ਕਹਿਾ ਸੀ, ਇਸਰਾਏਲੀਆਂ ਨੇ ਯਰੀਹੋ ਸ਼ਹਿਰ ਦੇ ਚੁਫੇਰੇ ਹਰ ਰੋਜ ਛੇ ਦਿਨ ਚੱਕਰ ਲਾਏ |



ਤੱਦ ਸੱਤਵੇਂ ਦਿਨ, ਇਸਰਾਏਲੀਆਂ ਨੇ ਸ਼ਹਿਰ ਦੇ ਚੁਫੇਰੇ ਸੱਤ ਵਾਰ ਚੱਕਰ ਲਾਏ | ਜਦੋਂ ਉਹਨਾਂ ਨੇ ਸ਼ਹਿਰ ਦੇ ਚੁਫੇਰੇ ਆਖਰੀ ਚੱਕਰ ਲਾਇਆ ਯਾਜਕਾਂ ਨੇ ਤੁਰੀਆਂ ਵਜਾਈਆਂ ਅਤੇ ਸਪਿਾਹੀਆਂ ਨੇ ਨਾਰੇ ਗਜਾਏ |



ਤੱਦ ਯਰੀਹੋ ਦੇ ਚੁਫੇਰੇ ਦੀਵਾਰ ਡਿੱਗ ਪਈ | ਇਸਰਾਏਲੀਆਂ ਨੇ ਸ਼ਹਿਰ ਵਿੱਚੋਂ ਸੱਭ ਕੁੱਝ ਨਾਸ ਕਰ ਦਿੱਤਾ ਜਿਵੇਂ ਪ੍ਰਮੇਸ਼ਵਰ ਨੇ ਹੁਕਮ ਦਿੱਤਾ ਸੀ | ਉਹਨਾਂ ਸਿਰਫ ਰਹਾਬ ਅਤੇ ਉਸਦੇ ਪਰੀਵਾਰ ਨੂੰ ਬਚਾਇਆ ਜੋ ਇਸਰਾਏਲੀਆਂ ਦਾ ਹਿੱਸਾ ਬਣ ਗਏ ਸਨ | ਜਦੋਂ ਕਨਾਨ ਵਿਚ ਰਹਿੰਦੇ ਦੂਸਰੇ ਲੋਕਾਂ ਨੇ ਸੁਣਿਆ ਕਿ ਇਸਰਾਏਲੀਆਂ ਨੇ ਯਰੀਹੋ ਸ਼ਹਿਰ ਤਬਾਹ ਕਰ ਦਿੱਤਾ ਹੈ ਉਹ ਬਹੁਤ ਡਰ ਗਏ ਕਿ ਇਸਰਾਏਲੀਆਂ ਉਹਨਾਂ ਉੱਤੇ ਵੀ ਹਮਲਾ ਕਰਨਗੇ |



ਪ੍ਰਮੇਸ਼ਵਰ ਨੇ ਇਸਰਾਏਲੀਆਂ ਨੂੰ ਹੁਕਮ ਦਿੱਤਾ ਸੀ ਕਿ ਉਹ ਕਨਾਨੀਆਂ ਦੇ ਕਿਸੇ ਵੀ ਝੁੰਡ ਦੇ ਨਾਲ ਸਾਂਤੀ ਨੇਮ ਨਾ ਬੰਨਣ | ਪਰ ਕਨਾਨੀ ਲੋਕਾਂ ਦਾ ਇਕ ਝੁੰਡ ਜਹਿਨਾਂ ਨੂੰ ਗਬਿਓਨੀ ਕਹਿੰਦੇ ਸਨ, ਉਹਨਾਂ ਨੇ ਯੋਸ਼ੁਆ ਨਾਲ ਝੂਠ ਬੋਲਿਆ ਕਿ ਉਹ ਕਨਾਨ ਤੋਂ ਬਹੁਤ ਦੂਰ ਕਿਸੇ ਹੋਰ ਜਗ੍ਹਾ ਦੇ ਹਨ | ਉਹਨਾਂ ਨੇ ਯੋਸ਼ੁਆ ਨੂੰ ਕਿਹਾ ਕੇ ਉਹ ਉਹਨਾਂ ਨਾਲ ਸਾਂਤੀ ਨੇਮ ਬੰਨੇ | ਯੋਸ਼ੁਆ ਅਤੇ ਇਸਰਾਏਲੀਆਂ ਨੇ ਪ੍ਰਮੇਸ਼ਵਰ ਕੋਲੋਂ ਨਹੀਂ ਪੁੱਛਿਆ ਕੇ ਗਬਿਓਨੀ ਕਿੱਥੇ ਦੇ ਰਹਣਿ ਵਾਲੇ ਹਨ | ਇਸ ਲਈ ਯੋਸ਼ੁਆ ਨੇ ਉਹਨਾਂ ਨਾਲ ਸਾਂਤੀ ਨੇਮ ਬੰਨ ਲਿਆ |



ਇਸਰਾਏਲੀ ਬਹੁਤ ਗੁੱਸੇ ਹੋਏ ਜਦੋਂ ਉਹਨਾਂ ਨੂੰ ਪਤਾ ਲੱਗਾ ਕਿ ਗਬਿਓਨੀਆਂ ਨੇ ਉਹਨਾਂ ਨੂੰ ਠੱਗਿਆ ਹੈ ਪਰ ਉਹਨਾਂ ਨੇ ਉਹਨਾਂ ਦੇ ਨਾਲ ਸਾਂਤੀ ਨੇਮ ਨੂੰ ਬਣਾਈ ਰੱਖਿਆ ਕਿਉਂਕਿ ਇਹ ਪ੍ਰਮੇਸ਼ਵਰ ਦੇ ਸਾਹਮਣੇ ਵਾਇਦਾ ਸੀ | ਕੁੱਝ ਸਮੇਂ ਬਾਅਦ ਕਨਾਨ ਦੇ ਹੋਰ ਲੋਕਾਂ ਦੇ ਰਾਜਿਆਂ ਨੇ ਸੁਣਿਆ ਕਿ ਗਬਿਓਨੀਆਂ ਨੇ ਇਸਰਾਏਲੀਆਂ ਨਾਲ ਸਾਂਤੀ ਨੇਮ ਬੰਨ ਲਿਆ ਹੈ ਤਾਂ ਉਹਨਾਂ ਨੇ ਸਾਰੀਆਂ ਸੈਨਾਵਾਂ ਨੂੰ ਇਕ ਸੈਨਾ ਦੇ ਰੂਪ ਵਿੱਚ ਇਕੱਠਾ ਕੀਤਾ ਅਤੇ ਗਬਿਓਨ ਉੱਤੇ ਹਮਲਾ ਕੀਤਾ | ਗਬਿਓਨੀਆਂ ਨੇ ਯਹੋਸ਼ੁਆ ਨੂੰ ਸੰਦੇਸ਼ ਭੇਜਿਆ ਅਤੇ ਮੱਦਦ ਮੰਗੀ |



ਇਸ ਲਈ ਯਹੋਸ਼ੁਆ ਨੇ ਸਾਰੇ ਇਸਰਾਏਲੀਆਂ ਦੀ ਸੈਨਾ ਨੂੰ ਇਕੱਠਾ ਕੀਤਾ ਅਤੇ ਗਬਿਓਨੀਆਂ ਕੋਲ ਪਹੁੰਚਣ ਲਈ ਸਾਰੀ ਰਾਤ ਚਲਦੇ ਰਹੇ | ਸਵੇਰ ਨੂੰ ਉਹਨਾਂ ਨੇ ਅਮੋਰੀਆਂ ਦੀ ਸੈਨਾ ਨੂੰ ਹੈਰਾਨ ਕੀਤਾ ਅਤੇ ਉਹਨਾ ਉੱਤੇ ਹਮਲਾ ਕੀਤਾ |



ਉਸ ਦਨਿ ਪ੍ਰਮੇਸ਼ਵਰ ਇਸਰਾਏਲੀਆਂ ਲਈ ਲੜਿਆ | ਉਸ ਨੇ ਅਮੋਰਿਆ ਨੂੰ ਉਲਝਣ ਵਚਿ ਪਾ ਦੱਤਿਾ ਅਤੇ ਵੱਡੇ ਵੱਡੇ ਗੜੇ ਭੇਜੇ ਜਸਿ ਨਾਲ ਬਹੁਤ ਅਮੋਰੀ ਮਾਰੇ ਗਏ |



ਪ੍ਰਮੇਸ਼ਵਰ ਨੇ ਸੂਰਜ ਨੂੰ ਵੀ ਆਕਾਸ਼ ਵਚਿ ਇਕ ਜਗ੍ਹਾ ਤੇ ਖੜ੍ਹਾ ਕਰ ਦੱਤਿਾ ਤਾਂ ਕਿ ਇਸਰਾਏਲੀਆਂ ਕੋਲ ਅਮੋਰੀਆਂ ਨੂੰ ਚੰਗੀ ਤਰਾਂ ਹਰਾਉਣ ਲਈ ਪਰਯਾਪਤ ਸਮਾਂ ਹੋਵੇ | ਉਸ ਦਨਿ ਪ੍ਰਮੇਸ਼ਵਰ ਨੇ ਇਸਰਾਏਲੀਆਂ ਲਈ ਵੱਡੀ ਲੜਾਈ ਜੱਤਿੀ |



ਪ੍ਰਮੇਸ਼ਵਰ ਦੁਆਰਾ ਉਹਨਾਂ ਸੈਨਾਵਾਂ ਨੂੰ ਹਰਾਉਣ ਦੇ ਬਾਅਦ ਹੋਰ ਕਈ ਕਨਾਨੀ ਲੋਕਾਂ ਦੇ ਝੁੰਡ ਇਕੱਠੇ ਹੋਏ ਕਿ ਇਸਰਾਏਲ ਉੱਤੇ ਹਮਲਾ ਕਰਨ | ਯੋਸ਼ੁਆ ਅਤੇ ਇਸਰਾਏਲੀਆਂ ਨੇ ਹਮਲਾ ਕੀਤਾ ਅਤੇ ਉਹਨਾਂ ਨੂੰ ਹਰਾ ਦਿੱਤਾ |



ਇਸ ਯੁੱਧ ਦੇ ਬਾਅਦ ਪ੍ਰਮੇਸ਼ਵਰ ਨੇ ਇਸਰਾਏਲ ਦੇ ਹਰ ਗੋਤਰ ਨੂੰ ਵਾਇਦੇ ਦੇ ਦੇਸ ਵਿਚ ਆਪਣਾ ਖੇਤਰ ਦਿੱਤਾ | ਤੱਦ ਪ੍ਰਮੇਸ਼ਵਰ ਨੇ ਇਸਰਾਏਲ ਨੂੰ ਇਸਦੀਆਂ ਸਾਰੀਆਂ ਹੱਦਾਂ ਤੋਂ ਸਾਂਤੀ ਦਿੱਤੀ |



ਜਦੋਂ ਯੋਸ਼ੁਆ ਬੁੱਢਾ ਹੋ ਗਿਆ, ਉਸ ਨੇ ਇਸਰਾਏਲ ਦੇ ਸਾਰੇ ਲੋਕਾਂ ਨੂੰ ਕੋਲ ਬੁਲਾਇਆ | ਤੱਦ ਯੋਸ਼ੁਆ ਨੇ ਲੋਕਾਂ ਪ੍ਰਮੇਸ਼ਵਰ ਦੁਆਰਾ ਸਨੈਈ ਪਰਬਤ ਉੱਤੇ ਇਸਰਾਏਲੀਆਂ ਨਾਲ ਕੀਤੇ ਗਏ ਨੇਮ ਨੂੰ ਮੰਨਣ ਲਈ ਉਹਨਾਂ ਦੇ ਕਰਤਵ ਨੂੰ ਯਾਦ ਦੁਆਇਆ | ਲੋਕਾਂ ਨੇ ਪ੍ਰਮੇਸ਼ਵਰ ਨਾਲ ਵਫ਼ਾਦਾਰ ਰਹਣਿ ਅਤੇ ਉਸਦੇ ਹੁਕਮਾ ਦੀ ਪਾਲਣਾ ਕਰਨ ਲਈ ਵਾਇਦਾ ਕੀਤਾ |

*: ਯੋਸ਼ੁਆ 1–24*

# 16. ਛੁਡਾਉਣ ਵਾਲੇ



ਯੋਸ਼ੁਆ ਦੀ ਮੌਤ ਤੋਂ ਬਾਅਦ, ਇਸਰਾਏਲੀਆਂ ਨੇ ਪ੍ਰਮੇਸ਼ਵਰ ਦੀ ਪਾਲਣਾ ਨਾ ਕੀਤੀ ਅਤੇ ਨਾ ਹੀ ਬਾਕੀ ਦੇ ਕਨਾਨੀਆਂ ਨੂੰ ਬਾਹਰ ਕੱਢਿਆ ਜਾਂ ਪ੍ਰਮੇਸ਼ਵਰ ਦੇ ਹੁਕਮਾਂ ਦੀ ਪਾਲਣਾ ਕੀਤੀ | ਇਸਰਾਏਲੀ ਸੱਚੇ ਪ੍ਰਮੇਸ਼ਵਰ ਯਹੋਵਾ ਦੀ ਬਜਾਇ ਕਨਾਨੀਆਂ ਦੇ ਦੇਵਤਿਆਂ ਦੀ ਪੂਜਾ ਕਰਨ ਲੱਗੇ | ਇਸਰਾਏਲੀਆਂ ਦਾ ਕੋਈ ਰਾਜਾ ਨਹੀ ਸੀ ਇਸ ਲਈ ਹਰ ਇਕ ਨੇ ਓਹੀ ਕੀਤਾ ਜੌਂਦਾਂ ਉਹਨਾਂ ਨੂੰ ਚੰਗਾ ਲੱਗਾ |



ਕਿਉਂਕਿ ਇਸਰਾਏਲੀਆਂ ਨੇ ਪ੍ਰਮੇਸ਼ਵਰ ਦੀ ਪਾਲਣਾਂ ਨਾ ਕੀਤੀ ਇਸ ਲਈ ਉਸ ਨੇ ਉਹਨਾਂ ਦੇ ਦੁਸ਼ਮਣਾ ਦੁਆਰਾ ਉਹਨਾਂ ਨੂੰ ਹਰਾ ਕੇ ਸਜਾ ਦਿੱਤੀ | ਇਹਨਾਂ ਦੁਸ਼ਮਣਾਂ ਨੇ ਇਸਰਾਏਲੀਆਂ ਕੋਲੋ ਸੱਭ ਕੁੱਝ ਖੋਹ ਲਿਆ, ਉਹਨਾਂ ਦੇ ਘਰ-ਬਾਰ ਤਬਾਹ ਕੀਤੇ ਅਤੇ ਬਹੁਤਿਆਂ ਨੂੰ ਮਾਰ ਦਿੱਤਾ | ਕਈ ਸਾਲ ਪ੍ਰਮੇਸ਼ਵਰ ਦੀ ਅਣਆਗਿਆਕਾਰੀ ਕਰਨ ਅਤੇ ਦੁਸ਼ਮਣਾ ਦੁਆਰਾ ਦਬਾਏ ਜਾਣ ਤੋਂ ਬਾਅਦ ਇਸਰਾਏਲੀਆਂ ਨੇ ਤੌਬਾ ਕੀਤੀ ਅਤੇ ਪ੍ਰਮੇਸ਼ਵਰ ਨੂੰ ਕਹਿਾ ਕੇ ਉਹਨਾਂ ਨੂੰ ਛੁਡਾਵੇ |



ਤੱਦ ਪ੍ਰਮੇਸ਼ਵਰ ਨੇ ਛੁਡਾਉਣ ਵਾਲੇ ਦੱਤਿ ਜਹਿਨਾਂ ਨੇ ਉਹਨਾਂ ਨੂੰ ਦੁਸ਼ਮਣਾਂ ਤੋਂ ਛੁਡਾਇਆ ਅਤੇ ਦੇਸ ਵਚਿ ਸ਼ਾਂਤੀ ਲਆਿਂਦੀ | ਪਰ ਲੋਕ ਪ੍ਰਮੇਸ਼ਵਰ ਬਾਰੇ ਭੁੱਲ ਗਏ ਅਤੇ ਫੇਰ ਬੁੱਤਾਂ ਦੀ ਪੂਜਾ ਕਰਨ ਲੱਗੇ | ਇਸ ਲਈ ਪ੍ਰਮੇਸ਼ਵਰ ਨੇ ਨੇੜੇ ਰਹੰਿਦੇ ਦੁਸ਼ਮਣਾਂ ਦੇ ਝੁੰਡ ਮਦਿ੍ਯਾਨੀਆਂ ਨੂੰ ਆਗਆਿ ਦੱਤੀ ਕ ਿਉਹਨਾਂ ਨੂੰ ਹਰਾਏ |



ਮਦਿ੍ਯਾਨੀ ਲਗਾਤਾਰ ਸੱਤ ਸਾਲ ਇਸਰਾਏਲੀਆਂ ਦੀ ਸਾਰੀ ਫਸਲ ਲਜਿਾਂਦੇ ਰਹੇ | ਇਸਰਾਏਲੀ ਬਹੁਤ ਡਰ ਗਏ ਸੀ ਕ ਿਉਹ ਗੁਫਾਵਾਂ ਵਚਿ ਛੁੱਪ ਜਾਂਦੇ ਸਨ ਕੱਤਿ ਮਦਿ੍ਯਾਨੀ ਉਹਨਾਂ ਨੂੰ ਲੱਭ ਨਾ ਲੈਣ | ਆਖਰਕਾਰ ਉਹਨਾਂ ਨੇ ਪ੍ਰਮੇਸ਼ਵਰ ਵੱਲ ਦੁਹਾਈ ਦੱਤੀ ਕ ਿਉਹਨਾਂ ਨੂੰ ਬਚਾਵੇ |



ਇਕ ਦਨਿ ਇਕ ਵਿਅਕਤੀ ਜਸਿਦਾ ਨਾਮ ਗਦਿਾਊਨ ਸੀ ਉਹ ਛੁੱਪ ਕੇ ਕਣਕ ਛੱਟ ਰਹਿਾ ਸੀ ਕਿ ਕਤਿੇ ਮਦਿਯਾਨੀ ਖੋਹ ਕੇ ਨਾ ਲੈ ਜਾਣ | ਪ੍ਰਮੇਸ਼ਵਰ ਦਾ ਦੂਤ ਗਦਿਾਊਨ ਕੋਲ ਆਇਆ ਅਤੇ ਕਹਿਾ, " ਹੇ ਤਕੜੇ ਸੂਰਬੀਰ, ਪ੍ਰਮੇਸ਼ਵਰ ਤੇਰੇ ਨਾਲ ਹੈ |" ਜਾਹ ਅਤੇ ਮਦਿਯਾਨੀਆਂ ਹਥੋਂ ਇਸਰਾਏਲੀਆਂ ਨੂੰ ਛੁਡਾ |



ਗਦਿਾਊਨ ਦੇ ਪਤਿਾ ਨੇ ਇਕ ਮੂਰਤੀ ਲਈ ਬੇਦੀ ਬਣਾਈ ਹੋਈ ਸੀ | ਪ੍ਰਮੇਸ਼ਵਰ ਨੇ ਕਹਿਾ ਕਿ ਇਸ ਬੇਦੀ ਨੂੰ ਢਾਹ ਦੇ | ਪਰ ਗਦਿਾਊਨ ਲੋਕਾਂ ਤੋਂ ਡਰਦਾ ਸੀ, ਇਸ ਲਈ ਉਸ ਨੇ ਰਾਤ ਤੱਕ ਇੰਤਜਾਰ ਕੀਤਾ | ਤੱਦ ਉਸ ਨੇ ਬੇਦੀ ਨੂੰ ਖਲਿਾਰ ਦਤਿਾ ਅਤੇ ਟੁੱਕੜੇ ਟੁੱਕੜੇ ਕਰ ਦਤਿੇ | ਪਰ ਜਥਿੇ ਉਸ ਮੂਰਤੀ ਦੀ ਬੇਦੀ ਹੁੰਦੀ ਸੀ ਉਸ ਦੇ ਲਾਗੇ ਉਸਨੇ ਯਹੋਵਾ ਲਈ ਇਕ ਨਵੀ ਬੇਦੀ ਬਣਾਈ ਅਤੇ ਪ੍ਰਮੇਸ਼ਵਰ ਲਈ ਬਲੀ ਦਤਿੀ |



ਅਗਲੀ ਸਵੇਰ ਲੋਕਾਂ ਨੇ ਦੇਖਿਆ ਕਿ ਕਿਸੇ ਨੇ ਬੇਦੀ ਚੂਰ ਚੂਰ ਅਤੇ ਤਬਾਹ ਕਰ ਦਿੱਤੀ ਹੈ ਤਾਂ ਉਹ ਬਹੁਤ ਗੁੱਸੇ ਹੋਏ | ਉਹ ਗਦਿਾਊਨ ਦੇ ਘਰ ਉਸ ਨੂੰ ਮਾਰਨ ਲਈ ਗਏ, ਪਰ ਗਦਿਾਊਨ ਦੇ ਪਤਿਾ ਨੇ ਕਹਿਾ, “ਕਉਿ ਤੁਸੀ ਆਪਣੇ ਦੇਵਤੇ ਦੀ ਮੱਦਦ ਕਰਨ ਦੀ ਕੋਸ਼ਸ਼ਿ ਕਰ ਰਹੇ ਹੋ ? ਅਗਰ ਉਹ ਪ੍ਰਮੇਸ਼ਵਰ ਹੈ ਤਾਂ ਉਸ ਨੂੰ ਆਪਣਾ ਬਚਾਓ ਖੁੱਦ ਕਰਨ ਦਓਿ !” ਕਉਿਕਿ ਉਸ ਨੇ ਇਸ ਤਰਾਂ ਕਹਿਾ, ਲੋਕਾਂ ਨੇ ਗਦਿਾਊਨ ਨੂੰ ਨਾ ਮਾਰਿਆ |



ਮਦ੍ਯਿਾਨੀ ਦੁਬਾਰਾ ਫੇਰ ਇਸਰਾਏਲੀਆਂ ਕੋਲੋਂ ਲੁੱਟਣ ਨੂੰ ਆਏ | ਉਹ ਇੰਨੇ ਜਆਿਦਾ ਸਨ ਕਿ ਉਹਨਾਂ ਦੀ ਗਣਿਤੀ ਵੀ ਨਹੀ ਹੋ ਸਕਦੀ ਸੀ | ਗਦਿਾਊਨ ਨੇ ਉਹਨਾਂ ਨਾਲ ਲੜਨ ਲਈ ਇਸਰਾਏਲੀਆਂ ਨੂੰ ਇਕੱਠਾ ਕੀਤਾ | ਗਦਿਾਊਨ ਨੇ ਪ੍ਰਮੇਸ਼ਵਰ ਕੋਲੋਂ ਦੋ ਚੰਿਨ੍ਹ ਮੰਗੇ ਕਿ ਉਹ ਯਕੀਨ ਕਰ ਸਕੇ ਕੀ ਇਸਰਾਏਲ ਨੂੰ ਬਚਾਉਣ ਲਈ ਪ੍ਰਮੇਸ਼ਵਰ ਉਸ ਨੂੰ ਇਸਤੇਮਾਲ ਕਰੇਗਾ |



ਪਹਿਲੇ ਚੀਂਨ੍ਹ ਲਈ ਗਦਿਾਊਨ ਨੇ ਧਰਤੀ ਉੱਤੇ ਕਪੜਾ ਵਛਿਾਇਆ ਅਤੇ ਪ੍ਰਮੇਸ਼ਵਰ ਨੂੰ ਕਹਿਾ ਹੋਣ ਦੇ ਸਵੇਰ ਦੀ ਤ੍ਰੇਲ ਸਰਿਫ ਕਪੜੇ ਤੇ ਹੀ ਪਵੇ ਅਤੇ ਧਰਤੀ ਤੇ ਨਾ ਪਵੇ | ਪ੍ਰਮੇਸ਼ਵਰ ਨੇ ਓਦਾਂ ਹੀ ਕੀਤਾ | ਅਗਲੀ ਰਾਤ ਉਸ ਨੇ ਕਹਿਾ ਕਿ ਧਰਤੀ ਭੀਜੇਂ ਪਰ ਕਪੜਾ ਸੁੱਕਾ ਰਹੇ | ਪ੍ਰਮੇਸ਼ਵਰ ਨੇ ਫਰਿ ਓਦਾਂ ਹੀ ਕੀਤਾ | ਇਹਨਾਂ ਦੋ ਚੀਂਨ੍ਹਾ ਨੇ ਗਦਿਾਊਨ ਨੂੰ ਯਕੀਨ ਕਰਾਇਆ ਕਿ ਪ੍ਰਮੇਸ਼ਵਰ ਇਸਰਾਏਲੀਆਂ ਨੂੰ ਮਦਿ੍ਯਾਨੀਆਂ ਦੇ ਹੱਥੋਂ ਛੁਡਾਉਣ ਲਈ ਉਸ ਨੂੰ ਇਸਤੇਮਾਲ ਕਰੇਗਾ |



32000 ਇਸਰਾਏਲੀ ਸਪਿਾਹੀ ਗਦਿਾਊਨ ਕੋਲ ਆਏ ਪਰ ਪ੍ਰਮੇਸ਼ਵਰ ਨੇ ਉਸ ਨੂੰ ਕਹਿਾ ਕਿ ਇਹ ਬਹੁਤ ਜਆਿਦਾ ਹਨ | ਇਸ ਲਈ ਗਦਿਾਊਨ ਨੇ 22,000 ਨੂੰ ਘਰ ਭੇਜ ਦੱਤਿਾ ਜੋ ਲੜਨ ਤੋਂ ਡਰਦੇ ਸਨ | ਪ੍ਰਮੇਸ਼ਵਰ ਨੇ ਗਦਿਾਊਨ ਨੂੰ ਕਹਿਾ ਅਜੇ ਵੀ ਬਹੁਤ ਜਆਿਦਾ ਹਨ | ਇਸ ਲਈ ਗਦਿਾਊਨ ਨੇ ਸਵਿਾਏ 300 ਸਪਿਾਹੀਆਂ ਦੇ ਬਾਕੀ ਸਾਰਆਿਂ ਨੂੰ ਵਾਪਸ ਘਰ ਭੇਜ ਦੱਤਿਾ |



ਉਸ ਰਾਤ ਪ੍ਰਮੇਸ਼ਵਰ ਨੇ ਗਦਿਾਊਨ ਨੂੰ ਕਹਿਾ, "ਮਦਿ੍ਯਾਨੀਆਂ ਦੇ ਡੇਰੇ ਵਚਿ ਜਾਹ ਅਤੇ ਜਦੋਂ ਤੂੰ ਉਹਨਾਂ ਨੂੰ ਗੱਲਾਂ ਕਰਦੇ ਸੁਣੇ ਤੂੰ ਨਹੀ ਡਰੇਂਗਾ | ਇਸ ਲਈ ਉਸ ਰਾਤ ਗਦਿਾਊਨ ਉਹਨਾਂ ਦੇ ਡੇਰੇ ਵਚਿ ਗਆਿ ਅਤੇ ਸੁਣਆਿ ਕ ਿਇੱਕ ਮਦਿ੍ਯਾਨੀ ਸਪਿਾਹੀ ਜੋ ਉਸਨੇ ਆਪਣੇ ਸੁਪਨੇ ਵੀਂਚਿ ਦੇਖਆਿ ਸੀ ਆਪਣੇ ਮਿੱਤਰ ਨੂੰ ਦੱਸ ਰਹਿਾ ਸੀ | ਉਸ ਦੇ ਮਿੱਤਰ ਨੇ ਕਹਿਾ, "ਇਸ ਦਾ ਮਤਲਬ ਹੈ ਕ ਿਗਦਿਾਊਨ ਦੀ ਸੈਨਾ ਮਦਿ੍ਯਾਨੀ ਸੈਨਾ ਨੂੰ ਹਰਾ ਦੇਵੇਗੀ ! ਜਦੋਂ ਗਦਿਾਊਨ ਨੇ ਸੁਣਆਿ ਤਾਂ ਉਸ ਨੇ ਪ੍ਰਮੇਸ਼ਵਰ ਦੀ ਅਰਾਧਨਾ ਕੀਤੀ |



ਤੱਦ ਗਦਿਾਊਨ ਸਪਿਾਹੀਆਂ ਕੋਲ ਵਾਪਸ ਆਇਆ ਅਤੇ ਹਰ ਇਕ ਨੂੰ ਇਕ ਇਕ ਤੁਰੀ, ਕੱਚਾ ਘੜਾ ਅਤੇ ਮਸ਼ਾਲ ਦੱਤਿੀ | ਜੱਥੇ ਮਦਿ੍ਯਾਨੀ ਸੌਂ ਰਹੇ ਸਨ ਉਹਨੰ ਨੇ ਉਹਨਾਂ ਦੀ ਛਾਉਣੀ ਨੂੰ ਘੇਰਾ ਪਾ ਲਆਿ | ਗਦਿਾਊਨ ਦੇ 300 ਸਪਿਾਹੀਆਂ ਕੋਲ ਘੜਆਿਂ ਵਚਿ ਮਸ਼ਾਲਾਂ ਸਨ ਤਾਂ ਕ ਿਮਦਿ੍ਯਾਨੀ ਉਹਨਾਂ ਮਸ਼ਾਲਾਂ ਦੀ ਰੌਸ਼ਨੀ ਨੂੰ ਨਾ ਦੇਖ ਲੈਣ |



ਤੱਦ ਗਦਿਾਊਨ ਦੇ ਸਪਿਾਹੀਆਂ ਨੇ ਇਕੋ ਸਮੇਂ ਤੇਂ ਆਪਣੇ ਘੜੇ ਤੋੜੇ ਅਤੇ ਅਚਾਨਕ ਮਸ਼ਾਲਾਂ ਦੀ ਰੌਸ਼ਨੀ ਦਸਿੀ | ਉਹਨਾਂ ਨੇ ਤੁਰੀਆਂ ਬਜਾਈਆਂ ਅਤੇ ਜੈਕਾਰਾ ਗਜਾਇਆ, “ਯਹੋਵਾ ਅਤੇ ਗਦਿਾਊਨ ਦੀ ਜੈ!”



ਪ੍ਰਮੇਸ਼ਵਰ ਨੇ ਮਦ੍ਿਯਾਨੀਆਂ ਨੂੰ ਉਲਝਣ ਵਚਿ ਪਾ ਦੱਤਿਾ ਅਤੇ ਉਹ ਇਕ ਦੂਸਰੇ ਉੱਤੇ ਹਮਲਾ ਕਰਨ ਲੱਗੇ ਅਤੇ ਮਾਰਨ ਲੱਗੇ | ਛੇਤੀ ਨਾਲ ਬਾਕੀ ਦੇ ਇਸਰਾਏਲੀਆਂ ਨੂੰ ਵੀ ਘਰੋਂ ਬੁਲਾਇਆ ਕਿ ਆਕੇ ਮਧ੍ਿਯਨੀਆਂ ਦਾ ਪੱਿਛਾ ਕਰਨ ਵਚਿ ਮੱਦਦ ਕਰਨ | ਉਹਨਾਂ ਵਚਿੱੋ ਬਹੁਤ ਸਾਰੇ ਮਾਰੇ ਗਏ ਅਤੇ ਬਾਕੀਆਂ ਦਾ ਇਸਰਾਏਲੀਆਂ ਦੇ ਦੇਸ ਦੀਆਂ ਹੱਦਾਂ ਤੋਂ ਬਾਹਰ ਤੱਕ ਪੱਿਛਾ ਕੀਤਾ | ਉਸ ਦਨਿ 120000 ਮਦ੍ਿਯਾਨੀ ਮਾਰੇ ਗਏ | ਪ੍ਰਮੇਸ਼ਵਰ ਨੇ ਇਸਰਾਏਲ ਨੂੰ ਬਚਾਇਆ |



ਲੋਕਾਂ ਨੇ ਗਦਿਾਊਨ ਨੂੰ ਆਪਣਾ ਰਾਜਾ ਬਨਾਉਣਾ ਚਾਹਿਆ | ਗਦਿਾਊਨ ਨੇ ਉਹਨਾਂ ਨੂੰ ਇਸ ਤਰਾਂ ਕਰਨ ਦੀ ਆਗਿਆ ਨਾ ਦਿੱਤੀ ਪਰ ਉਸ ਨੇ ਉਹਨਾਂ ਕੋਲੋਂ ਕੁੱਝ ਸੋਨੇ ਦੀਆਂ ਮੁੰਦੀਆਂ ਮੰਗੀਆਂ ਜਹਿੜੀਆਂ ਉਹਨਾਂ ਸਾਰਆਿਂ ਨੇ ਮਦਿ੍ਯਾਨੀਆਂ ਕੋਲੋਂ ਲਈਆਂ ਸਨ | ਲੋਕਾਂ ਨੇ ਗਦਿਾਊਨ ਨੂੰ ਵੱਡੀ ਮਾਤਰਾ ਵਿੱਚ ਸੋਨਾ ਦਿੱਤਾ |



ਤੱਦ ਗਦਿਾਊਨ ਨੇ ਆਪਣੇ ਪਹਨਿਣ ਲਈ ਮਹਾਂ ਯਾਜਕ ਵਰਗੇ ਖਾਸ ਬਸਤਰ ਬਣਾਉਣ ਲਈ ਉਹ ਸੋਨਾ ਵਰਤਿਆ | ਪਰ ਲੋਕਾਂ ਨੇ ਇਹਨਾਂ ਦੀ ਪੂਜਾ ਕਰਨੀ ਸ਼ੁਰੂ ਕੀਤੀ ਜਵਿੇਂ ਉਹ ਇਕ ਮੂਰਤੀ ਹੋਵੇ | ਇਸ ਲਈ ਪ੍ਰਮੇਸ਼ਵਰ ਨੇ ਫੇਰ ਇਸਰਾਏਲੀਆਂ ਨੂੰ ਸਜਾ ਦਿੱਤੀ ਕਉਿਂਕ ਿਉਹਨਾਂ ਨੇ ਮੂਰਤੀ ਪੂਜਾ ਕੀਤੀ | ਪ੍ਰਮੇਸ਼ਵਰ ਨੇ ਉਹਨਾਂ ਦੇ ਦੁਸ਼ਮਣਾ ਨੂੰ ਆਗਿਆ ਦਿੱਤੀ ਕ ਿਉਹਨਾਂ ਨੂੰ ਹਰਾਉਣ | ਆਖਰਕਾਰ ਉਹਨਾਂ ਨੇ ਫੇਰ ਪ੍ਰਮੇਸ਼ਵਰ ਤੋਂ ਸਹਾਇਤਾ ਮੰਗੀ ਅਤੇ ਪ੍ਰਮੇਸ਼ਵਰ ਨੇ ਇਕ ਹੋਰ ਛੁਟਕਾਰਾ ਦੇਣ ਵਾਲਾ ਭੇਜਿਆ |



ਇਹ ਨਮੂਨਾ ਕਈ ਵਾਰ ਦੁਹਰਾਇਆ ਗਿਆ: ਇਸਰਾਏਲੀ ਪਾਪ ਕਰਦੇ, ਪ੍ਰਮੇਸ਼ਵਰ ਉਹਨਾਂ ਨੂੰ ਸਜਾ ਦੀਂਦਾ, ਉਹ ਤੌਬਾ ਕਰਦੇ, ਅਤੇ ਪ੍ਰਮੇਸ਼ਵਰ ਉਹਨਾਂ ਨੂੰ ਛੁਡਾਉਣ ਲਈ ਛੁਡਾਉਣ ਵਾਲਾ ਭੇਜਦਾ | ਕਈ ਸਾਲਾਂ ਤੋਂ ਪ੍ਰਮੇਸ਼ਵਰ ਨੇ ਬਹੁਤ ਸਾਰੇ ਛੁਡਾਉਣ ਵਾਲੇ ਭੇਜੇ ਜੋ ਇਸਰਾਏਲੀਆਂ ਨੂੰ ਉਹਨਾਂ ਦੇ ਦੁਸ਼ਮਣਾਂ ਤੋਂ ਛੁਡਾਉਣ |



ਆਖਰਕਾਰ, ਲੋਕਾਂ ਨੇ ਪ੍ਰਮੇਸ਼ਵਰ ਕੋਲੋਂ ਇਕ ਰਾਜੇ ਦੀ ਮੰਗ ਕੀਤੀ ਜੋ ਉਹਨਾਂ ਦੀ ਲੜਾਈ ਵਿਚ ਅਗੁਵਾਈ ਕਰੇ | ਉਹ ਇਕ ਲੰਬਾ ਅਤੇ ਤਕੜਾ ਰਾਜਾ ਚਹੁੰਦੇ ਸਨ ਜੋ ਉਹਨਾਂ ਦੀ ਲੜਾਈ ਵਿਚ ਅਗੁਵਾਈ ਕਰੇ ਸਕੇ | ਪ੍ਰਮੇਸ਼ਵਰ ਨੇ ਇਹ ਬੇਨਤੀ ਪਸੰਦ ਨਹੀ ਕੀਤੀ ਪਰ ਫਰਿ ਵੀ ਉਸ ਨੇ ਉਹਨਾਂ ਦੀ ਮੰਗ ਅਨੁਸਾਰ ਇਕ ਰਾਜਾ ਦੱਤਿਾ |

*: ਨਿਆਈਆਂ 1–3; 6–8*

# 17. ਪ੍ਰਮੇਸ਼ਵਰ ਦਾ ਦਾਊਦ ਨਾਲ ਨੇਮ



ਸ਼ਾਊਲ ਇਸਰਾਏਲ ਦਾ ਪਹਲਿਾ ਰਾਜਾ ਸੀ | ਉਹ ਲੰਬਾ ਅਤੇ ਖ਼ੂਬਸੂਰਤ ਸੀ, ਬਲਿਕੁੱਲ ਉਸੇ ਤਰਾਂ ਜਸਿ ਤਰਾਂ ਲੋਕ ਚਾਹੁੰਦੇ ਸਨ | ਸ਼ਾਊਲ ਪਹਲਿੇ ਕੁੱਝ ਸਾਲ ਚੰਗਾ ਰਾਜਾ ਰਹਿਾ ਅਤੇ ਉਸ ਨੇ ਇਸਰਾਏਲ ਉੱਤੇ ਰਾਜ ਕੀਤਾ | ਪਰ ਤੱਦ ਉਹ ਬੁਰਾ ਵਅਿਕਤੀ ਬਣ ਗਆਿ ਜਸਿ ਨੇ ਪ੍ਰਮੇਸ਼ਵਰ ਦੀ ਪਾਲਣਾਂ ਨਾ ਕੀਤੀ ਇਸ ਲਈ ਪ੍ਰਮੇਸ਼ਵਰ ਨੇ ਇਕ ਹੋਰ ਵਅਿਕਤੀ ਨੂੰ ਚੁਣ ਲਆਿ ਜੋ ਇਕ ਦਨਿ ਉਸ ਦੀ ਜਗ੍ਹਾ ਰਾਜਾ ਹੋਵੇਗਾ |



ਪ੍ਰਮੇਸ਼ਵਰ ਨੇ ਇਕ ਨੌਜਵਾਨ ਇਸਰਾਏਲੀ ਨੂੰ ਚੁਣਆਿ ਜਸਿ ਦਾ ਨਾਮ ਦਾਊਦ ਸੀ ਕਿ ਸ਼ਾਊਲ ਤੋਂ ਬਾਅਦ ਰਾਜਾ ਬਣੇ | ਦਾਊਦ ਬੈਤਲਹਮ ਨਗਰ ਦਾ ਇਕ ਆਜੜੀ ਸੀ | ਇਕ ਹੋਰ ਸਮੇਂ ਜਦੋਂ ਉਹ ਆਪਣੇ ਪਤਿਾ ਦੀਆਂ ਭੇਡਾਂ ਚਾਰਦਾ ਸੀ ਤਾਂ ਦਾਊਦ ਨੇ ਇਕ ਸ਼ੇਰ ਅਤੇ ਇਕ ਭੇੜੀਏ ਨੂੰ ਮਾਰਆਿ ਜਹਿਨਾਂ ਨੇ ਭੇਡਾਂ ਉੱਤੇ ਹਮਲਾ ਕੀਤਾ ਸੀ | ਦਾਊਦ ਇਕ ਨਮਰ ਅਤੇ ਧਰਮੀ ਵਅਿਕਤੀ ਸੀ ਜੋ ਪ੍ਰਮੇਸ਼ਵਰ ਦੀ ਪਾਲਣਾ ਕਰਦਾ ਅਤੇ ਉਸ ਉੱਤੇ ਭਰੋਸਾ ਰੱਖਦਾ ਸੀ |



ਦਾਊਦ ਇਕ ਮਹਾਨ ਸਪਿਾਹੀ ਅਤੇ ਅਗੁਵਾ ਬਣਆਿ | ਜਦੋਂ ਦਾਊਦ ਅਜੇ ਲੜਕਾ ਹੀ ਸੀ ਉਹ ਇਕ ਦੈਂਤ ਨਾਲ ਲੜਆਿ ਜਸਿ ਦਾ ਨਾਮ ਗੋਲਅਿਥ ਸੀ | ਗੋਲਅਿਥ ਸੱਖਿਆਿ ਹੋਇਆ, ਬਹੁਤ ਤਕੜਾ ਸਪਿਾਹੀ ਸੀ ਅਤੇ ਲਗਭੱਗ ਤੀਂਨ ਮੀਟਰ ਲੰਬਾ ਸੀ | ਪਰ ਪ੍ਰਮੇਸ਼ਵਰ ਨੇ ਗੋਲਅਿਥ ਨੂੰ ਮਾਰਨ ਲਈ ਦਾਊਦ ਦੀ ਮੱਦਦ ਕੀਤੀ | ਉਸ ਤੋਂ ਬਾਅਦ ਦਾਊਦ ਨੇ ਇਸਰਾਏਲ ਦੇ ਦੁਸ਼ਮਣਾਂ ਉੱਤੇ ਬਹੁਤ ਸਾਰੀਆਂ ਜੀੱਤਾਂ ਹਾਸਲ ਕੀਤੀਆਂ ਜਸਿ ਲਈ ਲੋਕ ਉਸ ਦੀ ਪ੍ਰਸੰਸਾ ਕਰਦੇ ਸਨ |



ਦਾਊਦ ਪ੍ਰਤੀ ਲੋਕਾਂ ਦੇ ਪਆਿਰ ਕਰਕੇ ਸ਼ਾਊਲ ਅੰਦਰ ਜਲਨ ਸੀ | ਸ਼ਾਊਲ ਨੇ ਬਹੁਤ ਵਾਰੀ ਉਸ ਨੂੰ ਮਾਰਨਾ ਚਾਹਆਿ ਇਸ ਲਈ ਦਾਊਦ ਉਸ ਤੋਂ ਛੁੱਪ ਗਆਿ | ਇਕ ਦਨਿ ਸ਼ਾਊਲ ਦਾਊਦ ਨੂੰ ਲੱਭ ਰਹਿਾ ਸੀ ਕ ਿਉਸ ਨੂੰ ਮਾਰ ਦੇਵੇ | ਸ਼ਾਊਲ ਇਕ ਗੁਫਾ ਦੇ ਅੰਦਰ ਗਆਿ ਜੀੱਥੇ ਦਾਊਦ ਸ਼ਾਊਲ ਕੋਲੋਂ ਛੁਪਆਿ ਹੋਇਆ ਸੀ,ਪਰ ਸ਼ਾਊਲ ਨੇ ਉਸ ਨੂੰ ਨਾ ਦੇਖਆਿ | ਹੁਣ ਦਾਊਦ ਸ਼ਾਊਲ ਦੇ ਬਹੁਤ ਹੀ ਨਜਦੀਕ ਸੀ ਅਤੇ ਉਸ ਨੂੰ ਮਾਰ ਸਕਦਾ ਸੀ ਪਰ ਉਸ ਨੇ ਐਸਾ ਨਹੀ ਕੀਤਾ | ਇਸ ਦੀ ਬਜਾਇ, ਦਾਊਦ ਨੇ ਸ਼ਾਊਲ ਦੇ ਕਪੜੇ ਦੀ ਇਕ ਟਾਕੀ ਕੱਟ ਲਈ ਕ ਿਸ਼ਾਊਲ ਨੂੰ ਦਖਿਾਵੇ ਕ ਿਉਹ ਰਾਜਾ ਬਣਨ ਲਈ ਉਸ ਨੂੰ ਨਹੀ ਮਾਰੇਗਾ |



ਆਖਰਕਾਰ ਸ਼ਾਊਲ ਯੁੱਧ ਵਿਚ ਮਾਰਿਆ ਗਿਆ ਅਤੇ ਦਾਊਦ ਇਸਰਾਏਲ ਦਾ ਰਾਜਾ ਬਣ ਗਿਆ | ਉਹ ਇਕ ਚੰਗਾ ਰਾਜਾ ਸੀ ਅਤੇ ਲੋਕ ਉਸਨੂੰ ਪਿਆਰ ਕਰਦੇ ਸਨ | ਪ੍ਰਮੇਸ਼ਵਰ ਨੇ ਦਾਊਦ ਨੂੰ ਬਰਕਤ ਦਿੱਤੀ ਅਤੇ ਉਹ ਸਫਲ ਹੋਇਆ | ਦਾਊਦ ਨੇ ਬਹੁਤ ਸਾਰੀਆਂ ਲੜਾਈਆਂ ਲੜੀਆਂ ਅਤੇ ਪ੍ਰਮੇਸ਼ਵਰ ਨੇ ਇਸਰਾਏਲ ਦੇ ਦੁਸ਼ਮਣਾਂ ਨੂੰ ਹਰਾਉਣ ਵਿਚ ਮੱਦਦ ਕੀਤੀ | ਦਾਊਦ ਨੇ ਯਰੂਸ਼ਲਮ ਨੂੰ ਜਿੱਤਿਆ ਅਤੇ ਆਪਣਾ ਰਾਜਧਾਨੀ ਸ਼ਹਿਰ ਬਣਾਇਆ | ਦਾਊਦ ਦੇ ਰਾਜ ਕਾਲ ਵਿਚ ਇਸਰਾਏਲ ਤਾਕਤਵਰ ਅਤੇ ਧਨੀ ਬਣਿਆ |



ਦਾਊਦ ਇਕ ਮੰਦਰ ਬਨਾਉਣਾ ਚਹੁੰਦਾ ਸੀ ਜਿੱਥੇ ਸਾਰੇ ਇਸਰਾਏਲੀ ਪ੍ਰਮੇਸ਼ਵਰ ਦੀ ਬੰਦਗੀ ਕਰਨ ਅਤੇ ਉਸ ਨੂੰ ਬਲੀਆਂ ਭੇਂਟ ਕਰਨ | ਲਗਭੱਗ 400 ਸਾਲਾਂ ਤੋਂ ਲੋਕ ਮੂਸਾ ਦੁਆਰਾ ਬਣਾਏ ਗਏ ਮਿਲਾਪ ਦੇ ਤੰਬੂ ਸਾਹਮਣੇ ਪ੍ਰਮੇਸ਼ਵਰ ਦੀ ਬੰਦਗੀ ਕਰਦੇ ਅਤੇ ਬਲੀਆਂ ਦਿੰਦੇ ਸਨ |



ਪਰ ਪ੍ਰਮੇਸ਼ਵਰ ਨੇ ਦਾਊਦ ਕੋਲ ਨਬੀ ਨਾਥਾਨ ਨੂੰ ਇਸ ਸੰਦੇਸ਼ ਨਾਲ ਭੇਜਿਆ, "ਕਿਉਂਕਿ ਤੂੰ ਇਕ ਯੁੱਧ ਵਾਲਾ ਵਿਅਕਤੀ ਹੈਂ, ਤੂੰ ਮੇਰੇ ਲਈ ਇਹ ਮੰਦਰ ਨਹੀ ਬਣਾਵੇਗਾ | ਤੇਰਾ ਪੁੱਤਰ ਇਸ ਨੂੰ ਬਣਾਵੇਗਾ | ਪਰ, ਮੈਂ ਤੈਨੂੰ ਬਹੁਤਾਇਤ ਨਾਲ ਬਰਕਤ ਦੇਵਾਂਗਾ | ਤੇਰੀ ਔਲਾਦ ਵਿੱਚੋਂ ਇਕ ਮੇਰੇ ਲੋਕਾਂ ਉੱਤੇ ਹਮੇਸ਼ਾਂ ਲਈ ਰਾਜਾ ਹੋਵੇਗਾ !" ਦਾਊਦ ਦੀ ਔਲਾਦ ਵਿੱਚੋਂ ਹਮੇਸ਼ਾਂ ਰਾਜ ਕਰਨ ਵਾਲਾ ਸਰਿਫ ਮਸੀਹਾ ਹੀ ਹੋ ਸਕਦਾ ਹੈ | ਮਸੀਹਾ ਪ੍ਰਮੇਸ਼ਵਰ ਦਾ ਇਕ ਚੁੱਣਿਆ ਹੋਇਆ ਹੈ ਜੋ ਸੰਸਾਰ ਦੇ ਲੋਕਾਂ ਨੂੰ ਉਹਨਾਂ ਦੇ ਪਾਪ ਤੋਂ ਬਚਾਵੇਗਾ |



ਜਦੋਂ ਦਾਊਦ ਨੇ ਇਹ ਵਚਨ ਸੁਣੇ ਤਾਂ ਉਸ ਨੇ ਇਕ ਦਮ ਪ੍ਰਮੇਸ਼ਵਰ ਦਾ ਧੰਨਵਾਦ ਕੀਤਾ ਅਤੇ ਉਸ ਦੀ ਅਰਾਧਨਾ ਕੀਤੀ ਕਿਉਂਕਿ ਉਸ ਨੇ ਦਾਊਦ ਨਾਲ ਇਸ ਮਹਾਨ ਆਦਰ ਅਤੇ ਬਹੁਤੀਆਂ ਬਰਕਤਾਂ ਲਈ ਵਾਇਦਾ ਕੀਤਾ ਸੀ | ਦਾਊਦ ਨਹੀ ਜਾਣਦਾ ਸੀ ਕਿ ਪ੍ਰਮੇਸ਼ਵਰ ਇਹਨਾਂ ਗੱਲਾਂ ਨੂੰ ਕਦੋਂ ਕਰੇਗਾ | ਪਰ ਜਿੱਦਾਂ ਇਹ ਹੋਇਆ, ਇਸ ਤੋਂ ਪਹਿਲਿਾਂ ਕਿ ਮਸੀਹਾ ਆਉਂਦਾ ਇਸਰਾਏਲੀਆਂ ਨੂੰ ਲੰਬਾ ਸਮਾਂ ਇੰਤਜਾਰ ਕਰਨਾ ਪਿਆ, ਲਗਭੱਗ 1000 ਸਾਲ |



ਦਾਊਦ ਨੇ ਬਹੁਤ ਸਾਲ ਧਰਮ ਅਤੇ ਵਸ਼ਿਵਾਸਯੋਗਤਾ ਨਾਲ ਰਾਜ ਕੀਤਾ ਅਤੇ ਪ੍ਰਮੇਸ਼ਵਰ ਨੇ ਉਸ ਨੂੰ ਬਰਕਤ ਦੀੱਤੀ | ਫਰਿ ਵੀ, ਉਸ ਦੇ ਜੀਵਨ ਦੇ ਅੰਤ ਵਚਿ ਉਸ ਨੇ ਪ੍ਰਮੇਸ਼ਵਰ ਵਰਿੁੱਧ ਭਆਿਨਕ ਪਾਪ ਕੀਤਾ |



ਇਕ ਦਨਿ, ਜਦੋਂ ਦਾਊਦ ਦੇ ਸਾਰੇ ਸਪਿਾਹੀ ਘਰ ਤੋਂ ਦੂਰ ਯੁੱਧ ਲੜ ਰਹੇ ਸਨ ਤਾਂ ਉਸਨੇ ਆਪਣੇ ਮਹਲਿ ਤੋਂ ਬਾਹਰ ਦੇਖਆਿ ਅਤੇ ਇਕ ਖੂਬਸੂਰਤ ਔਰਤ ਨੂੰ ਨਹਾਉਂਦੀ ਦੇਖਆਿ | ਉਸ ਦਾ ਨਾਮ ਬਥਸ਼ਬਾ ਸੀ |



ਇਸ ਕਿ ਬਿਜਾਏ ਦਾਊਦ ਆਪਣਾਂ ਧਿਆਨ ਹਟਾਉਂਦਾ ਉਸ ਨੇ ਕਸਿ ਨੂੰ ਭੇਜਿਆ ਕਿ ਉਸ ਔਰਤ ਨੂੰ ਲਿਆਵੇ | ਉਸ ਨੇ ਉਸ ਨਾਲ ਸੰਗ ਕੀਤਾ ਅਤੇ ਉਸ ਨੂੰ ਭੇਜ ਦਿੱਤਾ | ਕੁੱਝ ਸਮੇਂ ਬਾਅਦ ਬਥਸ਼ਬਾ ਨੇ ਦਾਊਦ ਕੋਲ ਸੰਦੇਸ਼ ਭੇਜਿਆ ਕਿ ਉਹ ਗਰਭਵਤੀ ਹੈ |



ਬਥਸ਼ਬਾ ਦਾ ਪਤੀ ਊਰਿਯਾਹ ਦਾਊਦ ਦਾ ਵਧੀਆ ਸਪਾਹੀ ਸੀ | ਦਾਊਦ ਨੇ ਊਰਿਯਾਹ ਨੂੰ ਯੁੱਧ ਵਿੱਚੋਂ ਪਿੱਛੇ ਬੁਲਾਇਆ ਅਤੇ ਉਸ ਨੂੰ ਕਿਹਾ ਜਾਹ ਅਤੇ ਆਪਣੀ ਪਤਨੀ ਨਾਲ ਸੌਂ ਜਾਹ | ਪਰ ਊਰਿਯਾਹ ਨੇ ਘਰ ਜਾਣ ਤੋਂ ਇਨਕਾਰ ਕੀਤਾ ਜਦ ਬਾਕੀ ਦੇ ਦੂਸਰੇ ਸਪਿਾਹੀ ਯੁੱਧ ਵਿਚ ਹਨ | ਇਸ ਲਈ ਦਾਊਦ ਨੇ ਊਰਿਯਾਹ ਨੂੰ ਯੁੱਧ ਵਿਚ ਵਾਪਸ ਭੇਜ ਦਿੱਤਾ ਅਤੇ ਜਰਨਲ ਨੂੰ ਕਿਹਾ ਕਿ ਉਸ ਨੂੰ ਉਸ ਜਗ੍ਹਾ ਤੇ ਰੱਖੇ ਜਿੱਥੇ ਦੁਸ਼ਮਨ ਤਕੜਾ ਹੋਵੇ ਤਾਂ ਕਿ ਉਹ ਮਾਰਿਆ ਜਾਵੇ |



ਊਰਯਿਾਹ ਦੇ ਮਾਰਨ ਤੋਂ ਬਾਅਦ ਦਾਊਦ ਨੇ ਬਥਸ਼ਬਾ ਨਾਲ ਵਿਆਹ ਕਰ ਲਿਆ | ਬਾਅਦ ਵਚਿ, ਉਸ ਨੇ ਦਾਊਦ ਦੇ ਲੜਕੇ ਨੂੰ ਜਨਮ ਦੀਂਤਾ | ਜੋ ਕੁੱਝ ਦਾਊਦ ਨੇ ਕੀਤਾ ਸੀ ਉਸ ਉੱਤੇ ਪ੍ਰਮੇਸ਼ਵਰ ਬਹੁਤ ਗੁੱਸੇ ਸੀ ਇਸ ਲਈ ਉਸ ਨੇ ਨਬੀ ਨਾਥਾਨ ਨੂੰ ਭੇਜਆਿ ਕਾਿ ਦਾਊਦ ਦੱਸੇ ਕਾਿ ਉਸ ਦਸ ਪਾਪ ਕਿੰਨਾ ਬੁਰਾ ਸੀ | ਦਾਊਦ ਨੇ ਆਪਣੇ ਪਾਪ ਤੋਂ ਤੌਬਾ ਕੀਤੀ ਅਤੇ ਪ੍ਰਮੇਸ਼ਵਰ ਨੇ ਉਸ ਨੂੰ ਮਾਫ਼ ਕੀਤਾ | ਆਪਣੀ ਬਾਕੀ ਜਿੰਦਗੀ, ਦਾਊਦ ਨੇ ਪ੍ਰਮੇਸ਼ਵਰ ਦੀ ਪਾਲਣਾ ਕੀਤੀ ਅਤੇ ਉਸ ਦੇ ਪਿੱਛੇ ਚੱਲਿਆ, ਇਥੋਂ ਤੱਕ ਕੇ ਮੁਸਕਲ ਘੜੀ ਵਚਿ ਵੀ |



ਪਰ ਦਾਊਦ ਦੇ ਪਾਪ ਦੀ ਸਜਾ ਵਜੋਂ ਉਸਦਾ ਲੜਕਾ ਮਰ ਗਆਿ | ਅਤੇ ਉਸਦੇ ਬਾਕੀ ਜੀਵਨ ਕਾਲ ਵਚਿ ਉਸਦ ਪਰੀਵਾਰ ਲੜਦਾ ਰਹਿਾ ਅਤੇ ਦਾਊਦ ਦੀ ਸ਼ਕਤੀ ਬਹੁਤ ਘੱਟ ਗਈ ਸੀ | ਚਾਹੇ ਦਾਊਦ ਬੇਵਫਾ ਹੋਇਆ ਪਰ ਪ੍ਰਮੇਸ਼ਵਰ ਫਰਿ ਵੀ ਉਸ ਨਾਲ ਕੀਤੇ ਵਾਦਆਿਂ ਪ੍ਰਤੀ ਵਫ਼ਾਦਾਰ ਰਹਿਾ | ਬਾਅਦ ਵਚਿ, ਦਾਊਦ ਅਤੇ ਬਥਸ਼ਬਾ ਦੇ ਇਕ ਹੋਰ ਪੁੱਤਰ ਹੋਇਆ ਉਹਨਾਂ ਨੇ ਉਸ ਦਾ ਨਾਮ ਸੁਲੇਮਾਨ ਰੱਖਿਆ |

*: 1 ਸੈਮੁਏਲ 10; 15–19; 24; 31; 2 ਸੈਮੁਏਲ 5; 7; 11–12*

# 18. ਵੰਡਿਆ ਹੋਇਆ ਰਾਜ



ਬਹੁਤ ਸਾਲ ਬਾਅਦ, ਦਾਊਦ ਮਰ ਗਿਆ ਅਤੇ ਉਸਦਾ ਪੱਤਰ ਸੁਲੇਮਾਨ ਇਸਰਾਏਲ ਉੱਤੇ ਰਾਜ ਕਰਨ ਲੱਗਾ | ਪ੍ਰਮੇਸ਼ਵਰ ਨੇ ਸੁਲੇਮਾਨ ਨਾਲ ਗੱਲ ਕੀਤੀ ਅਤੇ ਪੁੱਛਿਆ ਕਿ ਉਹ ਸੱਭ ਤੋਂ ਜਿਆਦਾ ਕਿ ਚਹੁੰਦਾ ਹੈ | ਜਦੋਂ ਸੁਲੇਮਾਨ ਨੇ ਬੁੱਧੀ ਮੰਗੀ ਤਾਂ ਪ੍ਰਮੇਸ਼ਵਰ ਖੁਸ਼ ਹੋਇਆ ਅਤੇ ਉਸ ਨੂੰ ਸੰਸਾਰ ਦਾ ਸੱਭ ਤੋਂ ਬੁੱਧੀਮਾਨ ਵਿਅਕਤੀ ਬਣਾਇਆ | ਸੁਲੇਮਾਨ ਨੇ ਬਹੁਤ ਗੱਲਾਂ ਸਿੱਖੀਆਂ ਅਤੇ ਬਹੁਤ ਬੁੱਧੀਮਾਨ ਨਿਆਈ ਬਣਿਆ | ਪ੍ਰਮੇਸ਼ਵਰ ਨੇ ਉਸ ਨੂੰ ਬਹੁਤ ਧਨੀ ਵੀ ਬਣਾਇਆ |



ਸੁਲੇਮਾਨ ਨੇ ਯਰੁਸ਼ਲਮ ਵਿਚ ਮੰਦਰ ਬਣਾਇਆ ਜਿਸ ਲਈ ਉਸ ਦੇ ਪਿਤਾ ਨੇ ਯੋਜਨਾ ਬਣਾਈ ਅਤੇ ਸਮਾਨ ਇੱਕਠਾ ਕੀਤਾ ਸੀ | ਹੁਣ ਲੋਕ ਮਿਲਾਪ ਵਾਲੇ ਤੰਬੂ ਦੀ ਬਜਾਏ ਪ੍ਰਮੇਸ਼ਵਰ ਦੀ ਅਰਾਧਨਾ ਅਤੇ ਬਲੀਦਾਨ ਮੰਦਰ ਵਿਚ ਚੜਾਉਂਦੇ ਸਨ | ਪ੍ਰਮੇਸ਼ਵਰ ਆਇਆ ਅਤੇ ਮੰਦਰ ਵਿਚ ਵਿਰਾਜਮਾਨ ਹੋਇਆ ਅਤੇ ਆਪਣੇ ਲੋਕਾਂ ਨਾਲ ਵਾਸ ਕੀਤਾ |



ਪਰ ਸੁਲੇਮਾਨ ਦੂਸਰੇ ਦੇਸਾਂ ਦੀਆਂ ਔਰਤਾਂ ਨੂੰ ਪਸੰਦ ਕਰਦਾ ਸੀ | ਉਸ ਨੇ ਬਹੁਤ ਸਾਰੀਆਂ ਔਰਤਾਂ ਨਾਲ ਵਿਆਹ ਕਰਕੇ ਪ੍ਰਮੇਸ਼ਵਰ ਪ੍ਰਤੀ ਅਣਆਗਿਆਕਾਰੀ ਕੀਤੀ ਜੋ ਲਗਭੱਗ 1000 ਔਰਤਾਂ ਸਨ | ਜਿਆਦਾਤਰ ਇਹ ਔਰਤਾਂ ਬੇਗਾਨੇ ਦੇਸਾਂ ਤੋਂ ਸਨ ਜਹਿਨਾਂ ਨੇ ਆਪਣੇ ਨਾਲ ਆਪਣੇ ਦੇਵਤੇ ਲਿਆਂਦੇ ਅਤੇ ਉਹਨਾਂ ਦੀ ਪੂਜਾ ਜਾਰੀ ਰੱਖੀ | ਜਦੋਂ ਸੁਲੇਮਾਨ ਬੁੱਡਾ ਹੋ ਗਿਆ ਤਾਂ ਉਸ ਨੇ ਵੀ ਉਹਨਾਂ ਦੀ ਪੂਜਾ ਕੀਤੀ |



ਪ੍ਰਮੇਸ਼ਵਰ ਸੁਲੇਮਾਨ ਨਾਲ ਗੁੱਸੇ ਸੀ ਅਤੇ ਸੁਲੇਮਾਨ ਦੀ ਅਣਆਗਿਆਕਾਰੀ ਦੀ ਸਜਾ ਵਜੋਂ ਸੁਲੇਮਾਨ ਦੀ ਮੌਤ ਤੋਂ ਬਾਅਦ ਉਹ ਇਸਰਾਏਲ ਨੂੰ ਦੋ ਰਾਜਾਂ ਵਿਚਿ ਵੰਡ ਦੇਵੇਗਾ |



ਸੁਲੇਮਾਨ ਦੀ ਮੌਤ ਤੋਂ ਬਾਅਦ ਉਸ ਦਾ ਪੁੱਤਰ ਰਹਬੁਆਮ ਰਾਜਾ ਬਣਿਆ | ਰਹਬੁਆਮ ਇਕ ਮੂਰਖ ਵਿਅਕਤੀ ਸੀ | ਇਸਰਾਏਲ ਜਾਤੀ ਦੇ ਸਾਰੇ ਲੋਕ ਇਕਠੇ ਮਲਿਕੇ ਉਸਨੂੰ ਰਾਜਾ ਥਾਪਣ ਆਏ | ਸੱਭ ਲੋਕਾਂ ਨੇ ਸ਼ਕਿਾਇਤ ਕੀਤੀ ਕਂਿ ਉਸ ਦੇ ਪਤਿਾ ਨੇ ਉਹਨਾਂ ਤੋਂ ਬਹੁਤ ਮੇਹਨਤ ਕਰਾਈ ਅਤੇ ਬਹੁਤ ਕਰ ਭਰਾਇਆ |



ਰਹਬੁਆਮ ਨੇ ਮੂਰਖਤਾ ਨਾਲ ਉੱਤਰ ਦਤਿਾ, "ਤੁਸੀ ਸੋਚਦੇ ਹੋ ਕੇ ਮੇਰੇ ਪਤਿਾ ਨੇ ਤੁਹਾਡੇ ਕੋਲੋਂ ਸਖਤ ਮੇਹਨਤ ਕਰਾਈ, ਪਰ ਮੈਂ ਤੁਹਾਡੀ ਮੇਹਨਤ ਉਸ ਨਾਲੋਂ ਵੀ ਜਆਿਦਾ ਸਖਤ ਕਰਾਂਗਾ ਅਤੇ ਉਸ ਨਾਲੋਂ ਵੀ ਜਆਿਦਾ ਕਰੜੀ ਸਜਾ ਦੇਵਾਂਗਾ |"



ਇਸਰਾਏਲ ਦੇ ਦਸ ਗੋਤਰਾਂ ਨੇ ਰਹਬੁਆਮ ਵਰਿੁਧ ਬਗਾਵਤ ਕੀਤੀ | ਸਰਿਫ ਦੋ ਗੋਤਰ ਹੀ ਉਸ ਪ੍ਰਤੀ ਵਫ਼ਾਦਾਰ ਰਹੇ | ਇਹ ਦੋ ਗੋਤਰ ਯਹੂਦਾ ਦਾ ਰਾਜ ਬਣਿਆ |



ਇਸਰਾਏਲ ਜਾਤੀ ਦੇ ਦੂਸਰੇ ਦਸ ਗੋਤਰ ਜਹਿਨਾਂ ਨੇ ਰਹਬੁਆਮ ਦੇ ਵਰਿੁਧ ਬਗਾਵਤ ਕੀਤੀ ਸੀ ਇਕ ਵਅਿਕਤੀ ਨੂੰ ਰਾਜਾ ਹੋਣ ਲਈ ਠਹਰਿਾਇਆ ਜਸਿਦਾ ਨਾਮ ਯਾਰਾਬੁਆਮ ਸੀ | ਉਹਨਾਂ ਨੇ ਆਪਣੇ ਰਾਜ ਨੂੰ ਦੇਸ ਦੇ ਉੱਤਰੀ ਭਾਗ ਵੱਿਚ ਸਥਾਪਤ ਕੀਤਾ ਅਤੇ ਉਹ ਇਸਰਾਏਲ ਦਾ ਰਾਜ ਕਹਾਇਆ |



ਯਾਰਾਬੁਆਮ ਨੇ ਪ੍ਰਮੇਸ਼ਵਰ ਵਿਰੁਧ ਬਗਾਵਤ ਕੀਤੀ ਅਤੇ ਲੋਕਾਂ ਕੋਲੋਂ ਪਾਪ ਕਰਾਇਆ | ਉਸ ਨੇ ਆਪਣੇ ਲੋਕਾਂ ਲਈ ਦੋ ਮੂਰਤੀਆਂ ਬਣਾਈਆਂ ਕਿ ਉਹਨਾਂ ਦੀ ਪੂਜਾ ਕਰਨ ਇਸ ਦੀ ਬਜਾਏ ਕਿ ਯਹੂਦਾ ਰਾਜ ਦੇ ਮੰਦਰ ਜਾਣ |



ਯਹੂਦਾ ਅਤੇ ਇਸਰਾਏਲ ਰਾਜ ਇਕ ਦੂਸਰੇ ਦੇ ਦੁਸ਼ਮਣ ਬਣ ਗਏ ਅਤੇ ਹਮੇਸ਼ਾਂ ਆਪਸ ਵਿਚ ਲੜਨ ਲੱਗੇ |



ਨਵੇਂ ਰਾਜ ਇਸਰਾਏਲ ਵਿਚ ਸਾਰੇ ਰਾਜੇ ਬੁਰੇ ਸਨ | ਇਹ ਬਹੁਤ ਸਾਰੇ ਰਾਜੇ ਦੂਸਰੇ ਇਸਰਾਏਲੀਆਂ ਦੁਆਰਾ ਮਾਰੇ ਗਏ ਜੋ ਆਪਣੀਆਂ ਜਗਾਵਾਂ ਦੇ ਰਾਜੇ ਬਣਨਾ ਚਾਹੁੰਦੇ ਸਨ |



ਸਾਰੇ ਰਾਜੇ ਅਤੇ ਇਸਰਾਏਲ ਰਾਜ ਦੇ ਲਗ ਭੱਗ ਸਾਰੇ ਲੋਕਾਂ ਨੇ ਬੁੱਤਾਂ ਦੀ ਪੂਜਾ ਕੀਤੀ | ਉਹਨਾਂ ਦੀ ਮੂਰਤੀ ਪੂਜਾ ਵਿਚ ਆਮ ਤੌਰ ਤੇ ਜਨਾਹਕਾਰੀ ਅਤੇ ਬੱਚਿਆਂ ਦੀਆਂ ਬਲੀਆਂ ਸ਼ਾਮਲ ਹੁੰਦੀਆਂ ਸਨ |



ਯਹੂਦਾ ਰਾਜ ਦੇ ਰਾਜੇ ਦਾਊਦ ਦੀ ਸੰਤਾਨ ਸਨ | ਇਹਨਾਂ ਵਿੱਚੋਂ ਕੁੱਝ ਰਾਜੇ ਚੰਗੇ ਵਿਅਕਤੀ ਸਨ ਜਹਿਨਾਂ ਨੇ ਧਰਮ ਨਾਲ ਰਾਜ ਕੀਤਾ ਅਤੇ ਪ੍ਰਮੇਸ਼ਵਰ ਦੀ ਬੰਦਗੀ ਕੀਤੀ | ਪਰ ਜਿਆਦਾਤਰ ਯਹੂਦਾ ਦੇ ਰਾਜੇ ਬੁਰੇ, ਭਰਸ਼ਿਟ ਅਤੇ ਮੂਰਤੀ ਪੂਜਕ ਸਨ | ਕੁੱਝ ਰਾਜਿਆਂ ਨੇ ਆਪਣੇ ਬੱਚੇ ਝੂਠੇ ਦੇਵਤਿਆਂ ਅੱਗੇ ਬਲੀਦਾਨ ਕਰ ਦੱਤਿ | ਜਿਆਦਾਤਰ ਯਹੂਦਾ ਦੇ ਲੋਕਾਂ ਨੇ ਵੀ ਪ੍ਰਮੇਸ਼ਵਰ ਵਿਰੁਧ ਬਗਾਵਤ ਕੀਤੀ ਅਤੇ ਦੂਸਰੇ ਦੇਵਤਿਆਂ ਦੀ ਪੂਜਾ ਕੀਤੀ |

*: 1 ਰਾਜਾ 1–6; 11–12*

# 19. ਨਬੀ



ਇਸਰਾਏਲ ਦੇ ਇਤਹਾਸ ਵਚਿ ਪ੍ਰਮੇਸ਼ਵਰ ਨੇ ਉਹਨਾਂ ਲਈ ਨਬੀ ਭੇਜੇ | ਨਬੀਆਂ ਨੇ ਪ੍ਰਮੇਸ਼ਵਰ ਤੋਂ ਸੰਦੇਸ਼ ਸੁਣੇ ਅਤੇ ਪ੍ਰਮੇਸ਼ਵਰ ਦੇ ਸੰਦੇਸ਼ ਲੋਕਾਂ ਨੂੰ ਦੱਸੇ |



ਏਲੀਆਹਹ ਇਕ ਨਬੀ ਸੀ ਜਦੋਂ ਅਹਾਬ ਇਸਰਾਏਲ ਦੇ ਰਾਜ ਉੱਤੇ ਹਕੂਮਤ ਕਰਦਾ ਸੀ | ਅਹਾਬ ਇਕ ਬੁਰਾ ਵਅਿਕਤੀ ਸੀ ਜਸਿ ਨੇ ਲੋਕਾਂ ਨੂੰ ਝੂਠੇ ਦੇਵਤੇ ਦੀ ਪੂਜਾ ਕਰਨ ਲਈ ਉਤਸ਼ਾਹਤਿ ਕਰਦਾ ਸੀ ਜਸਿ ਦਾ ਨਾਮ ਬਾਲ ਸੀ | ਏਲੀਆਹਹ ਨੇ ਅਹਾਬ ਨੂੰ ਕਹਿਾ, “ਮੈਂ ਜਦ ਤੱਕ ਨਾ ਕਹਾਂ ਇਸਰਾਏਲ ਰਾਜ ਵਚਿ ਕੋਈ ਬਾਰਸ਼ ਨਹੀਂ ਹੋਵੇਗੀ ਅਤੇ ਨਾ ਤ੍ਰੇਲ ਪਵੇਗੀ | ਇਸ ਗੱਲ ਨੇ ਅਹਾਬ ਨੂੰ ਬਹੁਤ ਗੁੱਸੇ ਕੀਤਾ |



ਪ੍ਰਮੇਸ਼ਵਰ ਨੇ ਏਲੀਆਹ ਨੂੰ ਕਹਿਾ ਕਿ ਉਹ ਅਹਾਬ ਕੋਲੋਂ ਜੋ ਉਸ ਨੂੰ ਮਾਰਨਾ ਚਾਹੁੰਦਾ ਸੀ ਭੱਜ ਕੇ ਜੰਗਲ ਵਿਚ ਇਕ ਨਾਲੇ ਕੋਲ ਛੁੱਪ ਜਾਵੇ | ਹਰ ਸ਼ਾਮ ਸਵੇਰੇ ਪੰਛੀ ਉਸ ਲਈ ਰੋਟੀ ਅਤੇ ਮੀਟ ਲਿਆਉਂਦੇ ਸਨ | ਅਹਾਬ ਅਤੇ ਉਸ ਦੀ ਸੈਨਾ ਨੇ ਏਲੀਆਹ ਨੂੰ ਲੱਭਿਆ ਪਰ ਉਸ ਨੂੰ ਨਾ ਲੱਭ ਸਕੇ | ਅਕਾਲ ਏਨਾ ਭਿਆਨਕ ਸੀ ਕਿ ਨਾਲਾ ਵੀ ਸੁੱਕ ਗਿਆ |



ਇਸ ਲਈ ਏਲੀਆਹ ਗੁਆਂਢੀ ਦੇਸ ਵਿਚ ਚਲਾ ਗਿਆ | ਅਕਾਲ ਦੇ ਕਾਰਨ ਉਸ ਦੇਸ ਵਿਚ ਇਕ ਵੀਂਧਵਾ ਅਤੇ ਉਸਦੇ ਦਾ ਪੁੱਤਰ ਭੋਜਨ ਲਗ ਭੱਗ ਖਤਮ ਹੋ ਚੁੱਕਾ ਸੀ | ਪਰ ਉਹਨਾਂ ਨੇ ਏਲੀਆਹ ਦੀ ਦੇਖ ਭਾਲ ਕੀਤੀ ਅਤੇ ਪ੍ਰਮੇਸ਼ਵਰ ਨੇ ਉਹਨਾਂ ਲਈ ਮੁਹੈਈਆ ਕੀਤਾ ਕਿ ਉਹਨਾਂ ਦੇ ਮਟਕੇ ਦਾ ਆਟਾ ਅਤੇ ਕੁੱਪੀ ਦਾ ਤੇਲ ਕਦੀ ਨਹੀਂ ਮੁੱਕਿਆ | ਪੂਰੇ ਅਕਾਲ ਦੇ ਸਮੇਂ ਉਹਨਾਂ ਕੋਲ ਭੋਜਨ ਸੀ | ਏਲੀਆਹ ਉੱਥੇ ਕਈ ਸਾਲ ਰਹਿਾ |



ਸਾਢੇ ਤੀਨ ਸਾਲ ਬਾਅਦ ਪ੍ਰਮੇਸ਼ਵਰ ਨੇ ਏਲੀਆਹ ਨੂੰ ਕਹਿਾ ਕਿ ਉਹ ਇਸਰਾਏਲ ਦੇ ਰਾਜ ਵਚਿ ਵਾਪਸ ਜਾਏ ਅਤੇ ਅਹਾਬ ਨੂੰ ਕਹੇ ਕਿ ਉਹ ਬਾਰਸ਼ ਭੇਜਣ ਜਾ ਰਹਿਾ ਹੈ | ਜਦੋਂ ਅਹਾਬ ਨੇ ਏਲੀਆਹ ਨੂੰ ਦੇਖਆਿ ਉਸ ਨੇ ਕਹਿਾ, “ਤਾਂ ਤੂੰ ਇਥੇ ਆ ਗਆਿਂ, ਗੜਬੜੀ ਕਰਨ ਵਾਲੇ!” ਏਲੀਆਹ ਨੇ ਉਸ ਨੂੰ ਕਹਿਾ, “ਤੂੰ ਗੜਬੜੀ ਕਰਨ ਵਾਲਾ ਹੈਂ ! ਤੂੰ ਯਹੋਵਾਹ ਸੱਚੇ ਪ੍ਰਮੇਸ਼ਵਰ ਨੂੰ ਛੱਡ ਚੁੱਕਾ ਹੈਂ ਅਤੇ ਬਾਲ ਦੀ ਪੂਜਾ ਕੀਤੀ | ਇਸਰਾਏਲ ਰਾਜ ਦੇ ਸਾਰੇ ਲੋਕਾਂ ਨੂੰ ਕਰਮਲ ਪਹਾੜ ਤੇ ਲਆਿ |



ਬਾਲ ਦੇ 450 ਨਬੀਆਂ ਸਮੇਤ ਇਸਰਾਏਲ ਰਾਜ ਦੇ ਸਾਰੇ ਲੋਕਾਂ ਨੂੰ ਕਰਮਲ ਪਹਾੜ ਤੇ ਲਆਿ | ਏਲੀਆਹ ਨੇ ਲੋਕਾਂ ਨੂੰ ਕਹਿਾ, “ਤੁਸੀ ਕੱਦ ਤੱਕ ਆਪਣੇ ਮਨਾਂ ਨੂੰ ਬਦਲਦੇ ਰਹੋਂਗੇ ? ਜੇ ਯਹੋਵਾਹ ਪ੍ਰਮੇਸ਼ਵਰ ਤਾਂ ਉਸ ਦੀ ਸੇਵਾ ਕਰੋ ! ਜੇ ਬਾਲ ਪ੍ਰਮੇਸ਼ਵਰ ਹੈ ਤਾਂ ਉਸ ਸੀ ਪੂਜਾ ਕਰੋ !”



ਤੱਦ ਏਲੀਆਹ ਨੇ ਬਾਲ ਦੇ ਨਬੀਆਂ ਨੂੰ ਕਹਿਾ, “ਇਕ ਬਲਦ ਨੂੰ ਮਾਰੋ ਅਤੇ ਬਲੀ ਤਆਿਰ ਕਰੋ ਪਰ ਅੱਗ ਨਹੀਂ ਲਗਾਉਣੀ | ਮੈਂ ਵੀ ਐਸਾ ਹੀ ਕਰਾਂਗਾ | ਜਹਿੜਾ ਪ੍ਰਮੇਸ਼ਵਰ ਅੱਗ ਨਾਲ ਉੱਤਰ ਦੇਵੇਗਾ ਉਹੀ ਸੱਚਾ ਪ੍ਰਮੇਸ਼ਵਰ ਹੋਵੇਗਾ |” ਇਸ ਲਈ ਬਾਲ ਦੇ ਪੁਜਾਰੀਆਂ ਨੇ ਬਲੀ ਤਆਿਰ ਕੀਤੀ ਪਰ ਅੱਗ ਨਾ ਲਾਈ |



ਤੱਦ ਬਾਲ ਦੇ ਨਬੀਆਂ ਨੇ ਬਾਲ ਅੱਗੇ ਪ੍ਰਾਰਥਨਾ ਕੀਤੀ, “ਹੇ ਬਾਲ ਸਾਡੀ ਸੁਣ!” ਸਾਰਾ ਦਨਿ ਉਹਨਾਂ ਨੇ ਪ੍ਰਾਰਥਨਾ ਕੀਤੀ ਅਤੇ ਜੈਕਾਰੇ ਗਜਾਏ ਇਥੋਂ ਤੱਕ ਕੇ ਛੁਰੀਆਂ ਨਾਲ ਆਪਣੇ ਆਪ ਨੂੰ ਕੱਟਆਿ ਪਰ ਕੋਈ ਉੱਤਰ ਨਾਂ ਮਲਿਆਿ |



ਦਨਿ ਦੇ ਅੰਤ ਵਚਿ ਏਲੀਆਹ ਨੇ ਪ੍ਰਮੇਸ਼ਵਰ ਲਈ ਬਲੀ ਤਆਿਰ ਕੀਤੀ | ਤੱਦ ਉਸ ਨੇ ਲੋਕਾਂ ਨੂੰ ਕਹਿਾ ਕਿ ਉਹ ਬਲੀ ਉੱਤੇ ਬਾਰਾਂ ਘੜੇ ਪਾਣੀ ਪਾਉਣ ਜਦ ਤੱਕ ਮੀਟ, ਲਕੜਾਂ ਅਤੇ ਬੇਦੀ ਦੇ ਆਲੇ ਦੁਆਲੇ ਦੀ ਸਾਰੀ ਧਰਤੀ ਪੂਰੀ ਤਰਾਂ ਨਾਲ ਗਿੱਲੀ ਨਾ ਹੋ ਜਾਵੇ |



ਏਲੀਆਹ ਨੇ ਪ੍ਰਾਰਥਨ ਕੀਤੀ, “ਯਹੋਵਾਹ, ਅਬਰਾਹਮ, ਇਸਹਾਕ ਅਤੇ ਯਕੂਬ ਦੇ ਪ੍ਰਮੇਸ਼ਵਰ ਅੱਜ ਪ੍ਰਗਟ ਕਰ ਕਿ ਤੂੰ ਇਸਰਾਏਲ ਦਾ ਪ੍ਰਮੇਸ਼ਵਰ ਹੈਂ ਅਤੇ ਮੈਂ ਤੇਰਾ ਦਾਸ ਹਾਂ |” Answer me so ਮੈਨੂੰ ਉੱਤਰ ਦੇਹ ਤਾਂ ਕਿ ਇਹ ਲੋਕ ਜਾਨਣ ਕਿ ਤੂੰ ਸੱਚਾ ਪ੍ਰਮੇਸ਼ਵਰ ਹੈਂ |”



ਇਕ ਦਮ ਸਵਰਗ ਤੋਂ ਅੱਗ ਉੱਤਰੀ ਅਤੇ ਮੀਟ, ਲਕੜੀ, ਪੱਥਰ, ਮੱਿਟੀ ਅਤੇ ਪਾਣੀ ਜੋ ਬੇਦੀ ਦੇ ਚੁਫੇਰੇ ਸੀ ਸੱਭ ਨੂੰ ਚੱਟ ਕਰ ਗਈ | ਜਦੋਂ ਲੋਕਾਂ ਨੇ ਇਹ ਦੇਖਿਆ ਉਹ ਜਮੀਨ ਤੇ ਡੱਿਗੇ ਅਤੇ ਕਹਿਾ, “ਯਹੋਵਾਹ ਹੀ ਪ੍ਰਮੇਸ਼ਵਰ ਹੈ! ਯਹੋਵਾਹ ਹੀ ਪ੍ਰਮੇਸ਼ਵਰ ਹੈ!”



ਤੱਦ ਏਲੀਆਹ ਨੇ ਕਹਿਾ, “ਇਹਨਾਂ ਬਾਲ ਦੇ ਨਬੀਆਂ ਵਚਿੱੋਂ ਇਕ ਨੂੰ ਵੀ ਨਾ ਭੱਜਣ ਦਓਿ!” ਇਸ ਲਈ ਲੋਕਾਂ ਨੇ ਬਾਲ ਦੇ ਨਬੀਆਂ ਨੂੰ ਫੜਿਆ ਅਤੇ ਉਹਨਾਂ ਨੂੰ ਉਥੋਂ ਲੈ ਗਏ ਅਤੇ ਉਹਨਾਂ ਨੂੰ ਮਾਰ ਦੱਿਤਾ |



ਏਲੀਆਹ ਨੇ ਰਾਜਾ ਅਹਾਬ ਨੂੰ ਕਹਿਾ, “ਛੇਤੀ ਨਾਲ ਸ਼ਹਰਿ ਮੁੜ ਜਾਹ ਕਉਿਂਕ ਿਮੀਂਹ ਆ ਰਹਿਾ ਹੈ |” ਜਲਦੀ ਹੀ ਆਕਾਸ਼ ਕਾਲਾ ਹੋ ਗਆਿ ਅਤੇ ਭਾਰੀ ਬਾਰਸ਼ ਸ਼ੁਰੂ ਹੋ ਗਈ | ਯਹੋਵਾਹ ਨੇ ਅਕਾਲ ਦਾ ਅੰਤ ਕੀਤਾ ਅਤੇ ਪ੍ਰਮਾਣਤਿ ਕੀਤਾ ਕ ਿਉਹੀ ਸੱਚਾ ਪ੍ਰਮੇਸ਼ਵਰ ਹੈ |



ਏਲੀਆਹ ਦੇ ਸਮੇਂ ਬਾਅਦ, ਪ੍ਰਮੇਸ਼ਵਰ ਨੇ ਇਕ ਵਅਿਕਤੀ ਨੂੰ ਚੁਣਆਿ ਜਸਿ ਦਾ ਨਾਮ ਅਲੀਸ਼ਾ ਸੀ ਕ ਿਉਸ ਦਾ ਨਬੀ ਹੋਵੇ | ਪ੍ਰਮੇਸ਼ਵਰ ਨੇ ਅਲੀਸ਼ਾ ਦੁਆਰਾ ਬਹੁਤ ਚਮਤਕਾਰ ਕੀਤੇ | ਇਕ ਚਮਤਕਾਰ ਨਾਮਾਨ ਨਾਲ ਹੋਇਆ ਜੋ ਇਕ ਦੁਸ਼ਮਨ ਕਪਤਾਨ ਸੀ ਜਸਿ ਨੂੰ ਕੋਹੜ ਦੀ ਬਮਿਾਰੀ ਸੀ ਉਸਨੇ ਅਲੀਸ਼ਾ ਬਾਰੇ ਸੁਣਆਿ ਸੀ ਇਸ ਲਈ ਉਹ ਗਆਿ ਅਤੇ ਅਲੀਸ਼ਾ ਨੂੰ ਕਹਿਾ ਕ ਿਉਸ ਨੂੰ ਚੰਗਾ ਕਰੇ | ਅਲੀਸ਼ਾ ਨੇ ਨਾਮਾਨ ਨੂੰ ਕਹਿਾ ਯਰਦਨ ਨਦੀ ਵਚਿ ਜਾਹ ਕੇ ਸੱਤ ਚੁੱਬੀਆਂ ਮਾਰੇ |



ਪਹਲਿਾਂ ਤਾਂ ਉਸ ਨੂੰ ਗੁੱਸਾ ਆਇਆ ਅਤੇ ਸੋਚਆਿ ਕ ਿਇਸ ਤਰਾਂ ਕਰਨਾ ਮੂਰਖਤਾਈ ਦਸਿਦੀ ਹੈ | ਪਰ ਬਾਅਦ ਵੱਿਚ ਉਸਨੇ ਆਪਣਾ ਮਨ ਬਦਲਆਿ ਅਤੇ ਆਪਣੇ ਆਪ ਯਰਦਨ ਵਚਿ ਚੁੱਬੀਆਂ ਮਾਰੀਆਂ | ਜਦੋਂ ਉਹ ਆਖਰੀ ਬਾਰ ਉੱਪਰ ਆਇਆ ਉਸ ਦੀ ਚਮੜੀ ਪੂਰੀ ਤਰਾਂ ਚੰਗੀ ਹੋ ਚੁੱਕੀ ਸੀ | ਪ੍ਰਮੇਸ਼ਵਰ ਨੇ ਉਸ ਨੂੰ ਚੰਗਾ ਕਰ ਦੱਿਤਾ ਸੀ |



ਪ੍ਰਮੇਸ਼ਵਰ ਨੇ ਹੋਰ ਵੀ ਕਈ ਨਬੀ ਭੇਜੇ | ਉਹਨਾਂ ਸਾਰਆਿਂ ਨੇ ਲੋਕਾਂ ਨੂੰ ਬੁੱਤਾਂ ਦੀ ਪੂਜਾ ਕਰਨ ਤੋਂ ਰੋਕਆਿ ਅਤੇ ਦੂਸਰਆਿਂ ਨੂੰ ਨਆਿਂ ਅਤੇ ਦਯਾ ਦਖਿਾਉਣਾ ਸ਼ੁਰੂ ਕੀਤਾ | ਨਬੀਆਂ ਨੇ ਲੋਕਾਂ ਨੂੰ ਚੇਤਾਵਨੀ ਦੱਿਤੀ ਕ ਿਅਗਰ ਉਹਨਾਂ ਨੇ ਬੁਰਾਈ ਕਰਨੀ ਬੰਦ ਨਾ ਕੀਤੀ ਅਤੇ ਪ੍ਰਮੇਸ਼ਵਰ ਦੀ ਪਾਲਣਾ ਕਰਨਾ ਨਾ ਸ਼ੁਰੂ ਕੀਤਾ ਤੱਦ ਪ੍ਰਮੇਸ਼ਵਰ ਉਹਨਾਂ ਨੂੰ ਸਜਾ ਦੇਵੇਗਾ |



ਆਮ ਤੌਰ ਤੇ ਲੋਕਾਂ ਨੇ ਪ੍ਰਮੇਸ਼ਵਰ ਦੀ ਪਾਲਣਾ ਨਾ ਕੀਤੀ | ਉਹਨਾਂ ਨੇ ਨਬੀਆਂ ਨਾਲ ਦੁਰਵਵਿਹਾਰ ਕੀਤਾ ਅਤੇ ਕਈ ਵਾਰ ਉਹਨਾਂ ਨੂੰ ਮਾਰ ਵੀ ਦੀਤਾ | ਇਕ ਬਾਰ ਨਬੀ ਯਰਮੀਯਾਹ ਨੂੰ ਇਕ ਸੁੱਕੇ ਖੂਹ ਵਚਿ ਪਾ ਦੀਤਾ ਤੇ ਮਰਨ ਲਈ ਛੱਡ ਦੀਤਾ | ਉਹ ਮੀਟੀ ਵਚਿ ਧੱਸ ਗਆਿ ਜੋ ਖੂਹ ਦੇ ਹੇਠਾਂ ਸੀ ਪਰ ਰਾਜਾ ਨੂੰ ਉਸ ਉੱਤੇ ਤਰਸ ਆਇਆ ਅਤੇ ਉਸਨੇ ਆਪਣੇ ਨੌਕਰ ਨੂੰ ਹੁਕਮ ਦੀਤਾ ਕ ਿਯਰਮੀਯਾਹ ਨੂੰ ਮਰਨ ਤੋਂ ਪਹਲਿਾਂ ਖੂਹ ਤੋਂ ਬਾਹਰ ਕੱਢੇ |



ਚਾਹੇ ਲੋਕਾਂ ਨੇ ਉਹਨਾਂ ਨੂੰ ਨਫਰਤ ਕੀਤੀ ਪਰ ਫਰਿ ਵੀ ਨਬੀ ਪ੍ਰਮੇਸ਼ਵਰ ਲਈ ਲਗਾਤਾਰ ਬੋਲਦੇ ਰਹੇ | ਉਹਨਾਂ ਨੇ ਲੋਕਾਂ ਨੂੰ ਚੇਤਾਵਨੀ ਦੀਤੀ ਕ ਿਅਗਰ ਉਹਨਾਂ ਨੇ ਤੌਬਾ ਨਾ ਕੀਤੀ ਤਾਂ ਪ੍ਰਮੇਸ਼ਵਰ ਨਾਸ ਕਰੇਗਾ | ਉਹਨਾਂ ਨੇ ਲੋਕਾਂ ਨੂੰ ਵਾਅਦੇ ਬਾਰੇ ਦੀ ਯਾਦ ਦੁਆਈ ਕ ਿਪ੍ਰਮੇਸ਼ਵਰ ਦਾ ਮਸੀਹਾ ਆਵੇਗਾ

*: 1ਰਾਜਾ 16–18; 2 ਰਾਜਾ 5; ਯਰਮੀਯਾਹ 38*

# 20. ਗੁਲਾਮੀ ਅਤੇ ਵਾਪਸੀ



ਇਸਰਾਏਲ ਦੇ ਰਾਜ ਅਤੇ ਯਹੂਦਾਹ ਦੇ ਰਾਜ ਦੋਨਾਂ ਨੇ ਪ੍ਰਮੇਸ਼ਵਰ ਵਿਰੁੱਧ ਪਾਪ ਕੀਤਾ | ਉਹਨਾਂ ਨੇ ਉਸ ਨੇਮ ਨੂੰ ਤੋੜਿਆ ਜੋ ਪ੍ਰਮੇਸ਼ਵਰ ਨੇ ਉਹਨਾਂ ਨਾਲ ਸਨੈਈ ਤੇ ਕੀਤਾ ਸੀ | ਪ੍ਰਮੇਸ਼ਵਰ ਨੇ ਉਹਨਾਂ ਨੂੰ ਚੇਤਾਵਨੀ ਦੇਣ ਲਈ ਆਪਣੇ ਨਬੀ ਭੇਜੇ ਕਿ ਉਹ ਤੌਬਾ ਕਰਨ ਅਤੇ ਦੁਬਾਰਾ ਫੇਰ ਉਸ ਦੀ ਬੰਦਗੀ ਕਰਨ ਪਰ ਉਹਨਾਂ ਨੇ ਹੁਕਮ ਮੰਨਣ ਦਾ ਇਨਕਾਰ ਕੀਤਾ |



ਇਸ ਲਈ ਪ੍ਰਮੇਸ਼ਵਰ ਨੇ ਉਹਨਾਂ ਦੇ ਦੁਸ਼ਮਣਾ ਨੂੰ ਆਗਿਆ ਦੇ ਕੇ ਉਹਨਾਂ ਨੂੰ ਨਾਸ ਕਰਨ ਦੁਆਰਾ ਦੋਨਾਂ ਰਾਜਾਂ ਨੂੰ ਸਜਾ ਦਿੱਤੀ | ਅਸੀਰੀਆ ਸਾਮਰਾਜ ਜੋ ਇਕ ਸ਼ਕਤੀਸ਼ਾਲੀ ਅਤੇ ਬੇਰਹਮ ਰਾਸ਼ਟਰ ਸੀ ਜਸਿ ਨੇ ਇਸਰਾਏਲ ਨੂੰ ਤਬਾਹ ਕੀਤਾ | ਅਸੀਰੀ ਲੋਕਾਂ ਨੇ ਇਸਰਾਏਲੀ ਰਾਜ ਦੇ ਬਹੁਤ ਲੋਕਾਂ ਨੂੰ ਮਾਰਿਆ, ਉਹਨਾਂ ਦੀਆਂ ਕੀਮਤੀ ਵਸਤਾਂ ਨੂੰ ਖੋਹ ਲਿਆ ਅਤੇ ਬਹੁਤ ਸਾਰੇ ਦੇਸ ਨੂੰ ਤਬਾਹ ਕਰ ਦਿੱਤਾ |



ਅਸੀਰੀਆਂ ਨੇ ਸਾਰੇ ਲੀਡਰਾਂ, ਅਮੀਰਾਂ ਅਤੇ ਕਾਰੀਗਰਾਂ ਨੂੰ ਇੱਕਠਾ ਕੀਤਾ ਅਤੇ ਉਹਨਾਂ ਨੂੰ ਅਸੀਰੀਆ ਵਚਿ ਲੈ ਗਏ | ਸਰਿਫ ਜੋ ਬਹੁਤ ਗਰੀਬ ਇਸਰਾਏਲੀ ਸਨ ਅਤੇ ਮਾਰੇ ਨਹੀ ਗਏ ਸਨ ਉਹੀ ਇਸਰਾਏਲ ਰਾਜ ਵੱਿਚ ਰਹੇ |



ਤੱਦ ਅਸੀਰੀਆਂ ਨੇ ਵਦੇਸ਼ੀਆਂ ਨੂੰ ਦੇਸ ਵਚਿ ਰਹਣਿ ਲਈ ਲਆਿਂਦਾ ਜੱਿਥੇ ਇਸਰਾਏਲ ਰਾਜ ਸੀ | ਵਦੇਸ਼ੀਆਂ ਨੇ ਟੁੱਟੇ ਸਹਰਿਾਂ ਨੂੰ ਦੁਬਾਰਾ ਉਸਾਰਆਿ ਅਤੇ ਪੱਿਛੇ ਰਹੇ ਇਸਰਾਏਲੀਆਂ ਨਾਲ ਵਆਿਹ ਕੀਤੇ | ਇਸਰਾਏਲੀਆਂ ਦੀ ਸੰਤਾਨ ਜਹਿਨਾਂ ਨੇ ਵਦਿੇਸ਼ੀਆਂ ਨਾਲ ਵਆਿਹ ਕੀਤੇ ਸਨ ਸਾਮਰੀ ਕਹਾਏ|



ਯਹੂਦਾਹ ਦੇ ਲੋਕਾਂ ਨੇ ਦੇਖਿਆ ਕਿ ਕਿਵੇਂ ਪ੍ਰਮੇਸ਼ਵਰ ਨੇ ਇਸਰਾਏਲ ਦੇ ਲੋਕਾਂ ਨੂੰ ਪ੍ਰਮੇਸ਼ਵਰ ਤੇ ਵਿਸ਼ਵਾਸ ਨਾ ਕਰਨ ਅਤੇ ਉਸਦੀ ਪਾਲਣਾ ਨਾ ਕਰਨ ਲਈ ਸਜਾ ਦਿੱਤੀ | ਪਰ ਉਹਨਾਂ ਫਿਰ ਵੀ ਬੁੱਤਾਂ ਅਤੇ ਕਨਾਨੀ ਦੇਵਤਿਆਂ ਦੀ ਪੂਜਾ ਕੀਤੀ | ਪ੍ਰਮੇਸ਼ਵਰ ਨੇ ਉਹਨਾਂ ਨੂੰ ਚੇਤਾਵਨੀ ਦੇਣ ਲਈ ਨਬੀ ਭੇਜੇ ਪਰ ਉਹਨਾਂ ਨੇ ਸੁਣਨ ਨੂੰ ਇਨਕਾਰ ਕੀਤਾ |



ਅਸੀਰੀਆ ਦੁਆਰਾ ਇਸਰਾਏਲ ਰਾਜ ਨੂੰ ਨਾਸ ਕਰਨ ਦੇ ਲਗ ਭੱਗ 100 ਸਾਲ ਬਾਅਦ ਪ੍ਰਮੇਸ਼ਵਰ ਨੇ ਨਬੂਕੱਦਨੱਸਰ ਬਾਬਲ ਦੇ ਰਾਜੇ ਨੂੰ ਯਹੂਦਾਹ ਦੇ ਰਾਜ ਉੱਤੇ ਹਮਲਾ ਕਰਨ ਨੂੰ ਭੇਜਿਆ | ਬਾਬਲ ਇਕ ਸ਼ਕਤੀਸ਼ਾਲੀ ਸਾਮਰਾਜ ਸੀ | ਯਹੂਦਾਹ ਦਾ ਰਾਜਾ ਨਬੂਕੱਦਨੱਸਰ ਦੇ ਸੇਵਕ ਨਾਲ ਹਰ ਸਾਲ ਬਹੁਤ ਸਾਰਾ ਧੰਨ ਦੇਣ ਲਈ ਰਾਜੀ ਹੋ ਗਿਆ |



ਪਰ ਕੁੱਝ ਸਾਲ ਬਾਅਦ ਯਹੂਦਾਹ ਦੇ ਰਾਜੇ ਨੇ ਬਾਬਲ ਦੇ ਵਰ੍ਹਿਧ ਬਗਾਵਤ ਕਰ ਦਿੱਤੀ | ਇਸ ਲਈ ਬਾਬਲ ਦੇ ਲੋਕ ਵਾਪਸ ਆਏ ਅਤੇ ਯਹੂਦਾਹ ਉੱਤੇ ਹਮਲਾ ਕੀਤਾ | ਉਹਨਾਂ ਨੇ ਯਰੂਸ਼ਲਮ ਨੂੰ ਘੇਰਾ ਪਾਇਆ ਅਤੇ ਮੰਦਰ ਨੂੰ ਤਬਾਹ ਕਰ ਦਿੱਤਾ ਅਤੇ ਸ਼ਹਰਿ ਅਤੇ ਮੰਦਰ ਦਾ ਸਾਰਾ ਧੰਨ ਲੈ ਗਏ |



ਬਗਾਵਤ ਲਈ ਯਹੂਦਾਹ ਦੇ ਰਾਜੇ ਨੂੰ ਸਜਾ ਦੇਣ ਲਈ ਨਬੂਕੱਦਨੱਸਰ ਦੇ ਸਪਿਾਹੀਆਂ ਨੇ ਰਾਜੇ ਦੇ ਸਾਹਮਣੇ ਉਸ ਦੇ ਪੁੱਤਰਾਂ ਨੂੰ ਮਾਰ ਦਿੱਤਾ ਅਤੇ ਉਸਦੀਆਂ ਅੱਖਾਂ ਕੱਢ ਦਿੱਤੀਆਂ | ਉਸ ਤੋਂ ਬਾਅਦ ਉਹਨਾਂ ਨੇ ਰਾਜੇ ਨੂੰ ਬੰਧੀ ਬਣ ਲਿਆ ਅਤੇ ਬਾਬਲ ਦੀ ਜੇਲ ਵਚਿ ਮਰਨ ਲਈ ਲੈ ਗਏ |



ਨਬੂਕੱਦਨੱਸਰ ਅਤੇ ਉਸਦੀ ਸੈਨਾ ਲਗ ਭੱਗ ਯਹੂਦਾਹ ਦੇ ਸਾਰੇ ਲੋਕਾਂ ਨੂੰ ਬਾਬਲ ਵਿਚ ਲੈ ਗਏ ਅਤੇ ਸਰਿਫ ਗਰੀਬ ਲੋਕਾਂ ਨੂੰ ਹੀ ਪੀੱਛੇ ਖੇਤੀ ਬਾੜੀ ਲਈ ਛੱਡ ਕੇ ਗਏ | ਇਸ ਸਮੇਂ ਨੂੰ ਹੀ ਬੰਧਬਾਈ ਕਹਿਾ ਜਾਂਦਾ ਹੈ ਜਦੋ ਪ੍ਰਮੇਸ਼ਵਰ ਦੇ ਲੋਕ ਵਾਅਦੇ ਦੇਸ ਨੂੰ ਛੱਡਣ ਲਈ ਮਜਬੂਰ ਹੋਏ |



ਚਾਹੇ ਪ੍ਰਮੇਸ਼ਵਰ ਨੇ ਆਪਣੇ ਲੋਕਾਂ ਨੂੰ ਉਹਨਾਂ ਦੇ ਪਾਪ ਦੇ ਕਾਰਨ ਉਹਨਾਂ ਨੂੰ ਬੰਧਵਾਈ ਵਿਚ ਭੇਜਣ ਦੁਆਰਾ ਸਜਾ ਦੀੱਤੀ ਪਰ ਉਹ ਉਹਨਾਂ ਨੂੰ ਅਤੇ ਆਪਣੇ ਵਾਦਿਆਂ ਨੂੰ ਭੁੱਲ ਨਹੀ ਗਿਆ ਸੀ | ਪ੍ਰਮੇਸ਼ਵਰ ਲਗਾਤਾਰ ਉਹਨਾਂ ਨੂੰ ਦੇਖਦਾ ਰਹਿਾ ਅਤੇ ਆਪਣੇ ਨਬੀਆਂ ਦੁਆਰਾ ਉਹਨਾਂ ਨਾਲ ਬੋਲਦਾ ਰਹਿਾ | ਉਸ ਨੇ ਵਾਇਦਾ ਕੀਤਾ ਕਿ ਉਹ ਸੱਤਰ ਸਾਲ ਬਾਅਦ ਵਾਅਦੇ ਦੇ ਦੇਸ ਵਿਚ ਦੁਬਾਰਾ ਮੁੜਨਗੇ |



ਲਗ ਭੱਗ ਸੱਤਰ ਸਾਲ ਬਾਅਦ ਖੋਰਸ ਪਰਸੀਆ ਦੇ ਰਾਜੇ ਨੇ ਬਾਬਲ ਨੂੰ ਹਰਾਇਆ ਅਤੇ ਪਰਸੀਆ ਦੇ ਰਾਜੇ ਨੇ ਬਾਬਲ ਦੇ ਰਾਜੇ ਦੀ ਜਗ੍ਹਾ ਲਈ | ਇਸਰਾਏਲੀ ਹੁਣ ਯਹੂਦੀ ਕਹਾਏ ਅਤੇ ਉਹਨਾਂ ਵਿੱਚੋਂ ਜਿਆਦਾਤਰ ਲੋਕਾਂ ਨੇ ਲਗ ਭੱਗ ਆਪਣਾ ਪੂਰਾ ਜੀਵਨ ਬਾਬਲ ਵਚਿ ਗੁਜਾਰਿਆ | ਸਰਿਫ ਕੁੱਝ ਬਜ਼ੁਰਗਾਂ ਨੂੰ ਹੀ ਯਹੂਦਾਹ ਦੇਸ ਯਾਦ ਸੀ |



ਪਰਸੀਆ ਦਾ ਸ਼ਾਸ਼ਕ ਬਹੁਤ ਮਜਬੂਤ ਸੀ ਪਰ ਲੋਕਾਂ ਉੱਤੇ ਦਆਿਲੂ ਸੀ ਜਹਿਨਾਂ ਨੂੰ ਉਸ ਨੇ ਫਤਹ ਕੀਤਾ ਸੀ | ਪਰਸੀਆ ਦਾ ਰਾਜਾ ਬਣਨ ਤੋਂ ਥੋੜੀ ਦੇਰ ਬਾਅਦ ਖੋਰਸ ਨੇ ਹੁਕਮ ਦੱਤਿਾ ਕਿ ਜੋ ਯਹੂਦੀ ਵਾਪਸ ਯਹੂਦਾਹ ਨੂੰ ਜਾਣਾ ਚਹੁੰਦੇ ਹਨ ਜਾਂਣ ਲਈ ਪਰਸੀਆ ਛੱਡ ਸਕਦੇ ਹਨ | ਉਸ ਨੇ ਉਹਨਾਂ ਨੂੰ ਮੰਦਰ ਬਣਾਉਣ ਲਈ ਪੈਸਾ ਦੱਤਿਾ | ਇਸ ਲਈ ਗੁਲਾਮੀ ਵਚਿ ਸੱਤਰ ਸਾਲ ਤੋਂ ਬਾਅਦ ਇਕ ਛੋਟਾ ਝੁੰਡ ਯਹੂਦਾ ਵਚਿ ਯਰੁਸ਼ਲਮ ਸ਼ਹਰਿ ਲਈ ਮੁੜਿਆ |



ਜਦੋਂ ਲੋਕ ਯਰੁਸ਼ਲਮ ਪਹੁੰਚੇ ਤਾਂ ਉਹਨਾਂ ਨੇ ਮੰਦਰ ਅਤੇ ਸ਼ਹਰਿ ਦੇ ਦੁਆਲੇ ਕੰਧ ਨੂੰ ਬਣਾਇਆ | ਚਾਹੇ ਉਹ ਅਜੇ ਵੀ ਦੂਸਰੇ ਲੋਕਾਂ ਦੇ ਅਧੀਨ ਸਨ, ਇਕ ਦਫ਼ਾ ਫਿਰਿ ਵਾਇਦੇ ਦੇ ਦੇਸ ਵਚਿ ਵਸੇ ਅਤੇ ਮੰਦਰ ਵਚਿ ਅਰਾਧਨਾ ਕੀਤੀ |

*: 2*

# 21. ਪ੍ਰਮੇਸ਼ਵਰ ਮਸੀਹਾ ਲਈ ਵਾਦਾ ਕਰਦਾ ਹੈ



ਬਹੁਤ ਪਹਿਲਾਂ ਤੋਂ ਪ੍ਰਮੇਸ਼ਵਰ ਨੇ ਮਸੀਹ ਨੂੰ ਭੇਜਣ ਦੀ ਯੋਜਨਾ ਬਣਾਈ ਸੀ | ਮਸੀਹ ਲਈ ਪਹਿਲਾ ਵਾਦਾ ਆਦਮ ਅਤੇ ਹਵਾ ਨਾਲ ਕੀਤਾ ਗਿਆ ਸੀ | ਪ੍ਰਮੇਸ਼ਵਰ ਨੇ ਵਾਦਾ ਕੀਤਾ ਸੀ ਕਿ ਹਵਾ ਦੀ ਸੰਤਾਨ ਪੈਦਾ ਹੋਵੇਗੀ ਜੋ ਸੱਪ ਦੇ ਸਿਰ ਨੂੰ ਫੇਵੇਂਗੀ | ਜਿਸ ਸੱਪ ਨੇ ਹਵਾ ਨੂੰ ਧੋਖਾ ਦਿੱਤਾ ਸੀ ਉਹ ਸ਼ੈਤਾਨ ਸੀ | ਵਾਅਦੇ ਦਾ ਮਤਲਬ ਸੀ ਕਿ ਮਸੀਹਾ ਸ਼ੈਤਾਨ ਨੂੰ ਪੂਰੀ ਤਰਾਂ ਨਾਲ ਹਰਾਵੇਗਾ |



ਪ੍ਰਮੇਸ਼ਵਰ ਨੇ ਅਬਰਾਹਾਮ ਨਾਲ ਵਾਦਾ ਕੀਤਾ ਸੀ ਕਿ ਉਸ ਦੁਆਰਾ ਸੰਸਾਰ ਦੀਆਂ ਸਾਰੀਆਂ ਜਾਤੀਆਂ ਬਰਕਤ ਪਾਉਣਗੀਆਂ | ਜਦੋਂ ਮਸੀਹਾ ਭਵਿੱਖ ਵਿਚ ਆਵੇਗਾ ਇਹ ਬਰਕਤਾਂ ਪੂਰੀਆਂ ਹੋਣਗੀਆਂ | ਉਹ ਸੰਸਾਰ ਦੀਆਂ ਸਾਰੀਆਂ ਜਾਤੀਆਂ ਲਈ ਸੰਭਵ ਕਰੇਗਾ ਕਿ ਹਰ ਕੋਈ ਬਚਾਇਆ ਜਾਵੇ |



ਪਰਮੇਸ਼ਵਰ ਨੇ ਮੂਸਾ ਨਾਲ ਵਾਦਾ ਕੀਤਾ ਕਿ ਭਵਿੱਖ ਵਿਚ ਉਹ ਮੂਸਾ ਵਰਗਾ ਇਕ ਹੋਰ ਨਬੀ ਖੜਾ ਕਰੇਗਾ | ਮਸੀਹ ਬਾਰੇ ਇਹ ਇਕ ਹੋਰ ਵਾਦਾ ਸੀ ਜੋ ਉਹ ਕੁਝ ਸਮੇਂ ਬਾਅਦ ਆਵੇਗਾ |



ਪ੍ਰਮੇਸ਼ਵਰ ਨੇ ਰਾਜਾ ਦਾਊਦ ਨਾਲ ਵਾਦਾ ਕੀਤਾ ਕਿ ਉਸ ਦੀ ਸੰਤਾਨ ਵਿੱਚੋਂ ਇਕ ਪ੍ਰਮੇਸ਼ਵਰ ਦੇ ਲੋਕਾਂ ਉੱਤੇ ਹਮੇਸ਼ਾਂ ਲਈ ਰਾਜਾ ਉਠੇਗਾ | ਇਸ ਦਾ ਮਤਲਬ ਕਿ ਮਸੀਹਾ ਦਾਊਦ ਦੀ ਆਪਣੀ ਸੰਤਾਨ ਵਿੱਚੋਂ ਇਕ ਹੋਵੇਗਾ |



ਯਰਮੀਯਾਹ ਨਬੀ ਦੁਆਰਾ ਪ੍ਰਮੇਸ਼ਵਰ ਨੇ ਵਾਦਾ ਕੀਤਾ ਕਿ ਉਹ ਇਕ ਨਵਾਂ ਨੇਮ ਬੰਨੇਗਾ, ਪਰ ਉਸ ਨੇਮ ਵਰਗਾ ਨਹੀਂ ਜੋ ਉਸਨੇ ਸਨਿਈ ਪਰਬਤ ਉੱਤੇ ਇਸਰੇਲੀਆਂ ਨਾਲ ਕੀਤਾ ਸੀ | ਨਵੇਂ ਨੇਮ ਵਿਚ ਪ੍ਰਮੇਸ਼ਵਰ ਆਪਣੀ ਬਵਸਿਥਾ ਨੂੰ ਲੋਕਾਂ ਦੇ ਦਲਿਾਂ ਉੱਤੇ ਲਖਿੇਗਾ ਅਤੇ ਲੋਕ ਪ੍ਰਮੇਸ਼ਵਰ ਨੂੰ ਵਅਿਕਤੀਗਤ ਜਾਨਣਗੇ, ਉਸਦੇ ਆਪਣੇ ਲੋਕ ਹੋਣਗੇ ਅਤੇ ਪ੍ਰਮੇਸ਼ਵਰ ਉਹਨਾ ਦੇ ਪਾਪਾਂ ਨੂੰ ਮਾਫ਼ ਕਰੇਗਾ | ਮਸੀਹਾ ਨਵੇਂ ਨੇਮ ਦੀ ਸ਼ੁਰੁਆਤ ਕਰੇਗਾ |



ਪਰਮੇਸ਼ਵਰ ਦੇ ਨਬੀ ਨੇ ਇਹ ਵੀ ਕਹਿਾ ਕਿ ਮਸੀਹ ਨਬੀ, ਯਾਜਕ, ਅਤੇ ਰਾਜਾ ਹੋਵੇਗਾ | ਨਬੀ ਉਹ ਵਅਿਕਤੀ ਹੁੰਦਾ ਹੈ ਜੋ ਪ੍ਰਮੇਸ਼ਵਰ ਦਾ ਵਚਨ ਸੁਣਦਾ ਅਤੇ ਪ੍ਰਮੇਸ਼ਵਰ ਦੇ ਵਚਨ ਦੀ ਲੋਕਾਂ ਉੱਤੇ ਘੋਸ਼ਣਾ ਕਰਦਾ ਹੈ | ਮਸੀਹਾ ਜਸਿ ਨੂੰ ਭੇਜਣ ਲਈ ਪ੍ਰਮੇਸ਼ਵਰ ਨੇ ਵਾਦਾ ਕੀਤਾ ਇਕ ਸਧਿ ਨਬੀ ਹੋਵੇਗਾ |



ਇਸਰਾਏਲੀ ਜਾਜਕ ਲੋਕਾਂ ਲਈ ਪ੍ਰਮੇਸ਼ਵਰ ਅੱਗੇ ਬਲੀਆਂ ਚੜ੍ਹਾਉਂਦੇ ਸਨ ਉਹਨਾਂ ਦੇ ਪਾਪਾਂ ਦੀ ਸਜ਼ਾ ਲਈ ਪ੍ਰਾਸਚਤਿ ਦੇ ਰੂਪ ਵਚਿ | ਜਾਜਕ ਲੋਕਾਂ ਲਈ ਪ੍ਰਾਰਥਨਾ ਵੀ ਕਰਦੇ ਸਨ | ਮਸੀਹਾ ਇਕ ਸਧਿ ਮਹਾਂ ਜਾਜਕ ਹੋਵੇਗਾ ਜੋ ਆਪਣੇ ਆਪ ਨੂੰ ਪ੍ਰਮੇਸ਼ਵਰ ਅੱਗੇ ਸਧਿ ਬਲੀਦਾਨ ਕਰੇਗਾ |



ਰਾਜਾ ਉਹ ਹੁੰਦਾ ਹੈ ਜੋ ਸਾਮਰਾਜ ਉੱਤੇ ਰਾਜ ਕਰਦਾ ਅਤੇ ਲੋਕਾਂ ਦਾ ਨਿਆਂ ਕਰਦਾ | ਮਸੀਹਾ ਇਕ ਸਧਿ ਰਾਜਾ ਹੋਵੇਗਾ ਜੋ ਆਪਣੇ ਪੁਰਖੇ ਦਾਊਦ ਦੀ ਰਾਜ ਗੱਦੀ ਉੱਤੇ ਬੈਠੇਗਾ | ਉਹ ਸਾਰੇ ਸੰਸਾਰ ਉੱਤੇ ਹਮੇਸ਼ਾਂ ਲਈ ਰਾਜ ਕਰੇਗਾ ਅਤੇ ਹਮੇਸ਼ਾਂ ਧਾਰਮਕਿਤਾ ਨਾਲ ਨਿਆਂ ਕਰੇਗਾ ਅਤੇ ਸਹੀ ਫੈਸਲੇ ਕਰੇਗਾ |



ਪਰਮੇਸ਼ਵਰ ਦਾ ਨਬੀ ਮਸੀਹਾ ਬਾਰੇ ਹੋਰ ਵੀ ਕਈ ਗੱਲਾਂ ਕਰਦਾ ਹੈ | ਮਲਾਕੀ ਨਬੀ ਨੇ ਭਵੀਂਖ ਬਾਣੀ ਕੀਤੀ ਹੈ ਕਿ ਮਸੀਹ ਦੇ ਆਉਣ ਤੋਂ ਪਹਲਿਾਂ ਇਕ ਮਹਾਨ ਨਬੀ ਆਵੇਗਾ | ਯਸਾਯਾਹ ਨਬੀ ਨੇ ਭਵੀਂਖ ਬਾਣੀ ਕੀਤੀ ਕਿ ਮਸੀਹਾ ਕੁਵਾਰੀ ਤੋਂ ਪੈਦਾ ਹੋਵੇਗਾ | ਮੀਕਾਹ ਨਬੀ ਨੇ ਕਹਿਾ ਕਿ ਉਹ ਬੈਤਲਹਮ ਦੇ ਨਗਰ ਵਚਿ ਪੈਦਾ ਹੋਵੇਗਾ |



ਯਸਾਯਾਹ ਨਬੀ ਨੇ ਕਹਿਾ ਕਿ ਮਸੀਹਾ ਗਲੀਲ ਵਚਿ ਰਹੇਗਾ, ਟੁੱਟੇ ਦਲਿ ਵਾਲਆਿਂ ਨੂੰ ਤਸੱਲੀ ਦੇਵੇਗਾ, ਬੰਧੁਆਂ ਲਈ ਅਜਾਦੀ ਘੋਸ਼ਤਿ ਕਰੇਗਾ ਅਤੇ ਕੈਦੀਆਂ ਨੂੰ ਛੁਟਕਾਰਾ ਦੇਵੇਗਾ | ਉਸ ਨੇ ਇਹ ਵੀ ਭਵੀਂਖ ਬਾਣੀ ਕੀਤੀ ਕਿ ਉਹ ਬਮਿਾਰਾਂ ਨੂੰ ਚੰਗਾ ਕਰੇਗਾ ਅਤੇ ਜਹਿੜੇ ਸੁਣਦੇ ਨਹੀਂ, ਦੇਖਦੇ ਨਹੀ, ਬੋਲਦੇ ਨਹੀ ਜਾਂ ਤੁਰਦੇ ਨਹੀ ਉਹਨਾਂ ਨੂੰ ਚੰਗਾ ਕਰੇਗਾ |



ਯਸਾਯਾਹ ਨਬੀ ਨੇ ਭਵੱਖਿ ਬਾਣੀ ਕੀਤੀ ਕਿ ਮਸੀਹਾ ਨੂੰ ਬਨਿਾ ਬਜ੍ਹਾ ਨਫਰਤ ਕੀਤੀ ਜਾਵੇਗੀ ਅਤੇ ਤ੍ਰਸਿਕਾਰਆਿ ਜਾਵੇਗਾ | ਹੋਰ ਦੂਸਰੇ ਨਬੀਆਂ ਨੇ ਭਵੱਖਿ ਬਾਣੀ ਕੀਤੀ ਕਿ ਜਹਿੜੇ ਮਸੀਹ ਨੂੰ ਮਾਰਨਗੇ ਉਹ ਉਸਦੇ ਕਪੜਆਿਂ ਲਈ ਜੂਆ ਖੇਲਣਗੇ ਅਤੇ ਇਕ ਮੱਤਿਰ ਉਸ ਨੂੰ ਧੋਖਾ ਦੇਵੇਗਾ | ਜ਼ਕਰੀਆ ਨਬੀ ਨੇ ਭਵੱਖਿ ਬਾਣੀ ਕੀਤੀ ਕਿ ਇਕ ਮੱਤਿਰ ਨੂੰ ਤੀਹ ਸੱਕਿੇ ਦੱਤਿੇ ਜਾਣਗੇ ਕਿ ਉਹ ਮਸੀਹ ਨੂੰ ਧੋਖਾ ਦੇਵੇ |



ਨਬੀਆਂ ਨੇ ਇਹ ਵੀ ਦੱਸਆਿ ਕਿ ਮਸੀਹ ਕਸਿ ਤਰਾਂ ਮਰੇਗਾ | ਯਸਾਯਾਹ ਨੇ ਭਵੱਖਿ ਬਾਣੀ ਕੀਤੀ ਕਿ ਲੋਕ ਮਸੀਹ ਉੱਤੇ ਥੁੱਕਣਗੇ, ਮਖੌਲ ਕਰਨਗੇ ਅਤੇ ਮਾਰਨਗੇ | ਉਹ ਉਸ ਨੂੰ ਛੇਦਨਗੇ ਅਤੇ ਉਹ ਵੱਡੇ ਦੁਖ ਅਤੇ ਪੀੜਾ ਵਚਿ ਮਰੇਗਾ ਚਾਹੇ ਉਸ ਨੇ ਕੋਈ ਪਾਪ ਨਹੀ ਕੀਤਾ |



ਨਬੀਆਂ ਨੇ ਇਹ ਵੀ ਕਹਿਾ ਕਿ ਮਸੀਹ ਵਿਚਿ ਕੋਈ ਪਾਪ ਨਹੀ ਹੋਵੇਗਾ ਅਤੇ ਉਹ ਸਧਿ ਹੋਵੇਗਾ | ਉਹ ਦੂਸਰੇ ਲੋਕਾਂ ਦੇ ਪਾਪਾਂ ਦੀ ਸਜਾ ਨੂੰ ਲੈਣ ਲਈ ਮਰੇਗਾ | ਉਸ ਦੀ ਸਜਾ ਲੋਕਾਂ ਅਤੇ ਪਰਮੇਸ਼ਵਰ ਵਚਿਕਾਰ ਸ਼ਾਂਤੀ ਲਆਿਵੇਗੀ | ਇਸ ਕਾਰਨ, ਇਹ ਪਰਮੇਸ਼ਵਰ ਦੀ ਇਛਾ ਸੀ ਕਿ ਉਹ ਮਸੀਹ ਨੂੰ ਲਤਾੜੇ |



ਨਬੀਆਂ ਨੇ ਭਵਖਿ ਬਾਣੀ ਕੀਤੀ ਕਿ ਮਸੀਹਾ ਮਰੇਗਾ ਅਤੇ ਪਰਮੇਸ਼ਵਰ ਉਸ ਨੂੰ ਮੁਰਦਆਿਂ ਵਚਿੋਂ ਜਵਿਾਲੇਗਾ | ਮਸੀਹ ਦੀ ਮੌਤ ਅਤੇ ਜੀ ਉੱਠਣ ਦੁਆਰਾ ਪ੍ਰਮੇਸ਼ਵਰ ਪਾਪੀਆਂ ਨੂੰ ਬਚਾਉਣ ਅਤੇ ਨਵੇਂ ਨੇਮ ਨੂੰ ਸ਼ੁਰੂ ਕਰਨ ਦੀ ਯੋਜਨਾ ਨੂੰ ਪੂਰਾ ਕਰੇਗਾ |



ਪ੍ਰਮੇਸ਼ਵਰ ਨੇ ਨਬੀਆਂ ਉੱਤੇ ਮਸੀਹ ਬਾਰੇ ਬਹੁਤ ਗੱਲਾਂ ਨੂੰ ਪ੍ਰਗਟ ਕੀਤਾ, ਪਰ ਮਸੀਹ ਇਹਨਾਂ ਨਬੀਆਂ ਵਿੱਚੋਂ ਕਿਸੇ ਦੇ ਵੀ ਸਮੇਂ ਵਿਚ ਨਹੀਂ ਆਇਆ | ਆਖਰੀ ਨਬੁਵਤਾਂ ਹੋਣ ਤੋਂ 400 ਸਾਲ ਤੋਂ ਵੀ ਬਾਅਦ, ਬਲਿਕੁਲ ਸਹੀ ਸਮੇਂ ਤੇ ਪ੍ਰਮੇਸ਼ਵਰ ਮਸੀਹ ਨੂੰ ਜਗਤ ਵਿਚ ਭੇਜੇਗਾ |

:

# 22. ਯਹੂੰਨਾ ਦਾ ਜਨਮ



ਸ਼ੁਰੂ ਵਚਿ ਪ੍ਰਮੇਸ਼ਵਰ ਲੋਕਾਂ ਨਾਲ ਨਬੀਆਂ ਅਤੇ ਦੂਤਾਂ ਦੁਆਰਾ ਗੱਲਾਂ ਕਰਦਾ ਸੀ | ਪਰ ਜਦੋਂ 400 ਸਾਲ ਬੀਤ ਗਏ ਉਸ ਨੇ ਉਹਨਾਂ ਨਾਲ ਕੋਈ ਗੱਲ ਨਹੀ ਕੀਤੀ | ਅਚਾਨਕ ਇਕ ਦੂਤ ਇਕ ਬਜ਼ੁਰਗ ਜਾਜਕ ਕੋਲ ਇਕ ਸੰਦੇਸ਼ ਨਾਲ ਆਇਆ ਜਸਿ ਦਾ ਨਾਮ ਜ਼ਕਰੀਆ ਸੀ | ਜ਼ਕਰੀਆ ਅਤੇ ਉਸਦੀ ਪਤਨੀ ਏਲੀਜ਼ਬਥ ਧਰਮੀ ਲੋਕ ਸਨ ਪਰ ਉਸ ਦੇ ਕੋਈ ਵੀ ਬੱਚਾ ਨਾ ਸੀ ਕਉਿਂਕ ਿਉਹ ਬਾਂਝ ਸੀ |



ਦੂਤ ਨੇ ਜ਼ਕਰੀਆ ਨੂੰ ਕਹਿਾ, “ਤੇਰੀ ਪਤਨੀ ਦੇ ਇਕ ਪੁੱਤਰ ਹੋਵੇਗਾ | ਤੂੰ ਉਸ ਦਾ ਨਾਮ ਯਹੁੰਨਾ ਰੱਖਣਾ | ਉਹ ਪਵਿੱਤਰ ਆਤਮਾ ਨਾਲ ਭਰਆਿ ਹੋਵੇਗਾ ਅਤੇ ਲੋਕਾਂ ਨੂੰ ਮਸੀਹ ਲਈ ਤਆਿਰ ਕਰੇਗਾ!” ਜ਼ਕਰੀਆ ਨੇ ਉੱਤਰ ਦੱਤਿਾ, “ਮੈਂ ਅਤੇ ਮੇਰੀ ਪਤਨੀ ਬੱਚਾ ਪੈਦਾ ਕਰਨ ਲਈ ਬੁਢੇ ਹਾਂ! ਮੈਂ ਕਦਿਾਂ ਜਾਣਾ ਕ ਿਇਹ ਹੋਵੇਗਾ ?”



ਦੂਤ ਨੇ ਜ਼ਕਰੀਆ ਨੂੰ ਉੱਤਰ ਦੱਿਤਾ, “ਮੈਂ ਪ੍ਰਮੇਸ਼ਵਰ ਦੁਆਰਾ ਭੇਜਆਿ ਗਆਿਂ ਹਾਂ ਕ ਿਤੇਰੇ ਲਈ ਇਹ ਖੁਸ਼ ਖਬਰੀ ਲਆਿਵਾਂ | ਇਸ ਲਈ ਕ ਿਤੂੰ ਮੇਰੇ ਉੱਤੇ ਵਸ਼ਿਵਾਸ ਨਹੀ ਕੀਤਾ, ਜਦ ਤੱਕ ਬੱਚਾ ਪੈਦਾ ਨਹੀ ਹੁੰਦਾ ਤੂੰ ਬੋਲੇਗਾਂ ਨਹੀ |” ਇਕ ਦਮ ਜ਼ਕਰੀਆ ਗੁੰਗਾ ਹੋ ਗਆਿ | ਤੱਦ ਦੂਤ ਜ਼ਕਰੀਆ ਕੋਲੋਂ ਚਲਾ ਗਆਿ | ਇਸ ਤੋਂ ਬਾਅਦ, ਜ਼ਕਰੀਆ ਘਰ ਵਾਪਸ ਆਇਆ ਅਤੇ ਉਸ ਦੀ ਪਤਨੀ ਗਰਭਵਤੀ ਹੋਈ |



ਜਦੋਂ ਏਲੀਜ਼ਬਥ ਛੇ ਮਹੀਨਆਿਂ ਦੀ ਗਰਭਵਤੀ ਸੀ, ਉਹੀ ਦੂਤ ਅਚਾਨਕ ਏਲੀਜ਼ਬਥ ਦੀ ਰਸ਼ਿਤੇਦਾਰ ਤੇ ਪ੍ਰਗਟ ਹੋਇਆ ਜਸਿ ਦਾ ਨਾਮ ਮਰੀਯਮ ਸੀ | ਉਹ ਕੁੰਵਾਰੀ ਸੀ ਅਤੇ ਉਸ ਦੀ ਕੁੜਮਾਈ ਇਕ ਯੂਸਫ ਨਾਮ ਦੇ ਵਅਿਕਤੀ ਨਾਲ ਹੋਈ ਸੀ | ਦੂਤ ਨੇ ਕਹਿਾ, “ਤੂੰ ਗਰਭਵਤੀ ਹੋਵੇਗੀ ਅਤੇ ਪੁੱਤਰ ਜਣੇਗੀ | ਤੂੰ ਉਸ ਦਾ ਨਾਮ ਯਸ਼ੂ ਰਖੀਂ | ਉਹ ਅੱਤ ਮਹਾਨ ਪ੍ਰਮੇਸ਼ਵਰ ਦਾ ਪੁੱਤਰ ਹੋਵੇਗਾ ਅਤੇ ਹਮੇਸ਼ਾਂ ਲਈ ਰਾਜ ਕਰੇਗਾ |”



ਮਰੀਯਮ ਨੇ ਉੱਤਰ ਦਿੱਤਾ, “ਇਹ ਕਿਸ ਤਰਾਂ ਹੋ ਸਕਦਾ ਹੈ ਜਦ ਕਿ ਮੈਂ ਕੁੰਵਾਰੀ ਹਾਂ ?” ਦੂਤ ਨੇ ਬਿਆਨ ਕੀਤਾ, “ਪਵਿੱਤਰ ਆਤਮਾ ਤੇਰੇ ਉੱਤੇ ਆਵੇਗਾ ਅਤੇ ਪ੍ਰਮੇਸ਼ਵਰ ਦੀ ਸ਼ਕਤੀ ਤੇਰ ਉੱਤੇ ਛਾਇਆ ਕਰੇਗੀ | ਬਾਲਕ ਪਵਿੱਤਰ ਅਤੇ ਪ੍ਰਮੇਸ਼ਵਰ ਦਾ ਪੁੱਤਰ ਹੋਵੇਗਾ |” ਜੋ ਕੁਝ ਦੂਤ ਨੇ ਕਹਿਾ ਮਰੀਯਮ ਨੇ ਵਿਸ਼ਵਾਸ ਅਤੇ ਗ੍ਰਹਿਣ ਕੀਤਾ |



ਦੂਤ ਦੇ ਮਰੀਯਮ ਨਾਲ ਗੱਲ ਕਰਨ ਦੇ ਇਕ ਦਮ ਬਾਅਦ ਉਹ ਏਲੀਜ਼ਬਥ ਦੇ ਕੋਲ ਗਈ | ਜਵਿੇਂ ਹੀ ਏਲੀਜ਼ਬਥ ਨੇ ਮਰੀਯਮ ਦੇ ਸਲਾਮ ਦੀ ਅਵਾਜ ਸੁਣੀ, ਏਲੀਜ਼ਬਥ ਦਾ ਬੱਚਾ ਉਸ ਦੇ ਅੰਦਰ ਉਛਲਿਆ | ਜੋ ਕੁਝ ਪ੍ਰਮੇਸ਼ਵਰ ਨੇ ਉਹਨਾਂ ਲਈ ਕੀਤਾ ਸੀ ਉਸ ਲਈ ਦੋਨਾ ਔਰਤਾਂ ਨੇ ਮਲਿ ਕੇ ਖੁਸ਼ੀ ਕੀਤੀ | ਏਲੀਜ਼ਬਥ ਕੋਲ ਤਨਿ ਮਹੀਨੇ ਰਹਣਿ ਤੋਂ ਬਾਅਦ ਮਰੀਯਮ ਘਰ ਵਾਪਸ ਆਈ |



ਏਲੀਜ਼ਬਥ ਦੁਆਰਾ ਆਪਣੇ ਬੱਚੇ ਨੂੰ ਜਨਮ ਦੇਣ ਤੋਂ ਬਾਅਦ, ਜ਼ਕਰੀਆ ਅਤੇ ਏਲੀਜ਼ਬਥ ਨੇ ਬੱਚੇ ਨੂੰ ਯਹੁੰਨਾ ਨਾਮ ਦਿੱਤਾ ਜਵਿੇਂ ਦੂਤ ਨੇ ਹੁਕਮ ਦਿੱਤਾ ਸੀ | ਤੱਦ ਪ੍ਰਮੇਸ਼ਵਰ ਨੇ ਜ਼ਕਰੀਆ ਦੀ ਜੁਬਾਨ ਨੂੰ ਖੋਲ ਦਿੱਤਾ | ਜ਼ਕਰੀਆ ਨੇ ਕਹਿਾ, “ਪ੍ਰਮੇਸ਼ਵਰ ਦੀ ਮਹਮਿਾਂ ਹੋਵੇ ਕਿ ਉਸ ਨੇ ਆਪਣੇ ਲੋਕਾਂ ਨੂੰ ਯਾਦ ਕੀਤਾ ! ਮੇਰੇ ਪੱਤਰ ਤੂੰ ਅੱਤ ਮਹਾਨ ਪ੍ਰਮੇਸ਼ਵਰ ਦਾ ਨਬੀ ਕਹਾਵੇਗਾਂ ਜੋ ਲੋਕਾਂ ਨੂੰ ਦੱਸੇਗਾ ਕਿ ਉਹ ਕਸਿ ਤਰਾਂ ਆਪਣੇ ਪਾਪਾਂ ਤੋਂ ਮਾਫ਼ੀ ਪਾਉਣ !”

:

# 23. ਯਿਸੂ ਦਾ ਜਨਮ



ਮਰੀਯਮ ਦੀ ਕੁੜਮਾਈ ਇਕ ਧਰਮੀ ਜਨ ਨਾਲ ਹੋਈ ਸੀ ਜਸਿ ਦਾ ਨਾਮ ਯੂਸਫ ਸੀ | ਜਦੋਂ ਉਸ ਨੂੰ ਪਤਾ ਲੱਗਾ ਕਿ ਮਰੀਯਮ ਗਰਭਵਤੀ ਹੈ ਤਾਂ ਉਸ ਨੂੰ ਸੀ ਕਿ ਇਹ ਉਸ ਦਾ ਬੱਚਾ ਨਹੀਂ ਹੈ | ਉਹ ਮਰੀਯਮ ਨੂੰ ਬਦਨਾਮ ਨਹੀਂ ਕਰਨਾ ਚਹੁੰਦਾ ਸੀ, ਇਸ ਲਈ ਉਸ ਨੇ ਉਸ ਨੂੰ ਚੁਪ ਚਾਪ ਤਿਆਗ ਦੇਣ ਦਾ ਫੈਸਲਾ ਕੀਤਾ | ਇਸ ਤੋਂ ਪਹਲਿਾਂ ਕਿ ਉਹ ਇਸ ਤਰਾਂ ਕਰਦਾ ਇਕ ਦੂਤ ਉਸ ਕੋਲ ਆਇਆ ਅਤੇ ਉਸ ਨਾਲ ਸੁਫਨੇ ਵਚਿ ਗੱਲ ਕੀਤੀ |



ਦੂਤ ਨੇ ਕਹਿਾ, “ਯੂਸਫ, ਮਰੀਯਮ ਨੂੰ ਆਪਣੀ ਪਤਨੀ ਬਨਾਉਣ ਤੋਂ ਨਾ ਡਰ | ਜਹਿੜਾ ਬੱਚਾ ਉਸ ਦੇ ਗਰਭ ਵਚਿ ਹੈ ਉਹ ਪਵੱਿਤਰ ਆਤਮਾ ਵਲੋਂ ਹੈ | ਉਹ ਪੁੱਤਰ ਜਣੇਗੀ | ਉਸ ਦਾ ਨਾਮ ਯਸ਼ੂ ਰਾਖੀ (ਉਸ ਦਾ ਮਤਲਬ ਹੈ, “ਯਹੋਵਾ ਬਚਾਉਂਦਾ ਹੈ”), ਕਉਿਂਕ ਿਉਹ ਆਪਣੇ ਲੋਕਾਂ ਨੂੰ ਉਹਨਾਂ ਦੇ ਪਾਪਾਂ ਤੋਂ ਬਚਾਵੇਗਾ |”



ਇਸ ਲਈ ਯੂਸਫ ਨੇ ਮਰੀਯਮ ਨਾਲ ਵਿਆਹ ਕਰ ਲਿਆ ਅਤੇ ਉਸ ਨੂੰ ਪਤਨੀ ਦੇ ਰੂਪ ਵਚਿ ਆਪਣੇ ਘਰ ਲੈ ਆਇਆ ਪਰ ਜਦ ਤੱਕ ਉਸ ਨੇ ਜਨਮ ਨਾ ਦੇ ਦੀਤਾ ਉਸ ਨਾਲ ਸੰਗ ਨਾ ਕੀਤਾ |



ਜਦੋਂ ਮਰੀਯਮ ਦੇ ਜਨਮ ਦੇਣ ਦਾ ਸਮਾਂ ਨੇੜੇ ਆ ਗਿਆ, ਰੋਮੀ ਸਰਕਾਰ ਨੇ ਸੱਭ ਲਈ ਹੁਕਮ ਜਾਰੀ ਕੀਤਾ ਕਿ ਉਹ ਜਨਗਣਨਾ ਲਈ ਆਪਣੇ ਪੁਰਖਿਆਂ ਦੇ ਨਗਰਾਂ ਵਚਿ ਜਾਣ | ਯੂਸਫ ਅਤੇ ਮਰੀਯਮ ਨੂੰ ਆਪਣੇ ਨਵਿਾਸ ਸਥਾਨ ਨਾਸਰਤ ਤੋਂ ਬੈਤਲਹਮ ਜਾਣ ਲਈ ਲੰਬਾ ਸਫਰ ਤਹਿ ਕਰਨਾ ਪਿਆ ਕਿਉਂਕਿ ਉਹਨਾਂ ਦਾ ਪੁਰਖਾ ਦਾਉਦ ਸੀ ਜਸਿ ਦਾ ਜੱਦੀ ਨਗਰ ਬੈਤਲਹਮ ਸੀ |



ਜਦੋਂ ਉਹ ਬੈਤਲਹਮ ਪਹੁੰਚੇ ਤਾਂ ਉੱਥੇ ਠਹਰਿਨ ਲਈ ਕੋਈ ਜਗ੍ਹਾ ਨਹੀ ਸੀ | ਸਰਿਫ ਉਹ ਉਹੀ ਜਗ੍ਹਾ ਪਾ ਸਕੇ ਜੱਥਿ ਪਸ਼ੂ ਬੰਨੇ ਜਾਂਦੇ ਸਨ | ਬੱਚਾ ਉਸੇ ਜਗ੍ਹਾ ਪੈਦਾ ਹੋਇਆ ਅਤੇ ਮਾਂ ਨੇ ਉਸ ਨੂੰ ਖੁਰਲੀ ਵਚਿ ਲਟਿਾ ਦੱਤਿਾ ਕਉਿਂਕ ਿਉਸ ਲਈ ਕੋਈ ਬਸਿਤਰ ਨਹੀਂ ਸੀ | ਉਹਨਾਂ ਨੇ ਉਸ ਦਾ ਨਾਮ ਯਸਿੂ ਰੱਖਆਿ |



ਉਸ ਰਾਤ ਨੇੜੇ ਦੇ ਮੈਦਾਨਾਂ ਵਚਿ ਕੁੱਝ ਚਰਵਾਹੇ ਭੇਡਾਂ ਦੀ ਰਖਵਾਲੀ ਕਰਦੇ ਸਨ | ਅਚਾਨਕ, ਇਕ ਚਮਕੀਲਾ ਦੂਤ ਉਹਨਾਂ ਉੱਤੇ ਪ੍ਰਗਟ ਹੋਇਆ ਅਤੇ ਉਹ ਡਰ ਗਏ | ਦੂਤ ਨੇ ਉਹਨਾਂ ਨੂੰ ਕਹਿਾ, “ਨਾ ਡਰੋ, ਕਉਿਂਕ ਿਮੇਰੇ ਕੋਲ ਤੁਹਾਡੇ ਲਈ ਇਕ ਖੁਸ਼ੀ ਦੀ ਖਬਰ ਹੈ | ਮਸੀਹਾ, ਸਵਾਮੀ, ਬੈਤਲਹਮ ਵਚਿ ਪੈਦਾ ਹੋ ਚੁੱਕਾ ਹੈ !”



“ਜਾਓ ਉਸ ਬੱਚੇ ਦੀ ਭਾਲ ਕਰੋ, ਅਤੇ ਤੁਸੀ ਉਸ ਨੂੰ ਕਿ ਕਪੜੇ ਵਿਚ ਲਪੇਟਿਆ ਹੋਇਆ ਅਤੇ ਖੁਰਲੀ ਵਿਚ ਪਇਆ ਦੇਖੋਂਗੇ |” ਅਚਾਨਕ, ਅਕਾਸ਼ ਪ੍ਰਮੇਸ਼ਵਰ ਦੀ ਮਹਮਿਾਂ ਕਰਦੇ ਹੋਏ ਦੂਤਾਂ ਨਾਲ ਭਰ ਗਇਆ, ਜੋ ਕਹਿ ਰਹੇ ਸਨ, “ਸਵਰਗ ਵਿਚ ਪ੍ਰਮੇਸ਼ਵਰ ਦੀ ਮਹਮਿਾਂ ਹੋ ਅਤੇ ਧਰਤੀ ਉੱਤੇ ਲੋਕਾਂ ਲਈ ਸ਼ਾਂਤੀ ਜਹਿਨਾਂ ਉੱਤੇ ਉਹ ਦਯਾ ਕਰਦਾ ਹੈ !”



ਚਰਵਾਹੇ ਇਕ ਦਮ ਉਸ ਜਗ੍ਹਾ ਤੇ ਪਹੁੰਚੇ ਜੱਥੇ ਯਸ਼ੂ ਸੀ ਅਤੇ ਉਹਨਾਂ ਨੇ ਉਸ ਨੂੰ ਖੁਰਲੀ ਵਿਚ ਪਇਆ ਦੇਖਿਆ ਇਕ ਦਮ ਉਸੇ ਤਰਾਂ ਜਵਿੇਂ ਦੂਤ ਨੇ ਕਹਿਾ ਸੀ | ਉਹ ਬਹੁਤ ਉਤਸ਼ਾਹਤਿ ਸਨ | ਮਰੀਯਮ ਵੀ ਬਹੁਤ ਖੁਸ਼ ਸੀ | ਚਰਵਾਹੇ ਜੋ ਉਸ ਗੱਲ ਲਈ ਜੋ ਉਹਨਾਂ ਨੇ ਸੁਣਆਿ ਅਤੇ ਦੇਖਿਆ ਉਸ ਲਈ ਪ੍ਰਮੇਸ਼ਵਰ ਦੀ ਮਹਮਿਾਂ ਕਰਦੇ ਹੋਏ ਮੈਦਾਨਾਂ ਵਿਚ ਵਾਪਸ ਆਏ ਜੱਥੇ ਉਹਨਾਂ ਦੀਆਂ ਭੇਡਾਂ ਸਨ |



ਕੁੱਝ ਸਮੇਂ ਬਾਅਦ ਪੂਰਬੀ ਦੂਰ ਦੇਸਾਂ ਦੇ ਰਾਜਿਆਂ ਨੇ ਅਕਾਸ਼ ਵਚਿ ਅਜੀਬ ਤਾਰਾ ਦੇਖਿਆ | ਉਹਨਾਂ ਨੂੰ ਪੱਤਾ ਲੱਗਾ ਕਿ ਇਸ ਦਾ ਮਤਲਬ ਯਹੂਦੀਆਂ ਲਈ ਇਕ ਨਵਾਂ ਰਾਜਾ ਪੈਦਾ ਹੋਇਆ ਹੈ | ਇਸ ਲਈ, ਰਾਜੇ ਨੂੰ ਦੇਖਣ ਲਈ ਉਹਨਾਂ ਨੇ ਲੰਬਾ ਸਫਰ ਤੈ ਕੀਤਾ | ਉਹ ਬੈਤਲਹਮ ਆਏ ਅਤੇ ਉਸ ਘਰ ਪਹੁੰਚੇ ਜੱਥੇ ਯਸ਼ੂ ਅਤੇ ਉਸ ਦੇ ਮਾਂ ਬਾਪ ਰਹੰਿਦੇ ਸਨ |



ਜਦੋਂ ਯੋਤਸ਼ੀਆਂ ਨੇ ਯਸ਼ੂ ਨੂੰ ਉਸ ਦੇ ਮਾਂ ਬਾਪ ਦੇ ਨਾਲ ਦੇਖਿਆ, ਉਹ ਝੁੱਕੇ ਅਤੇ ਉਸ ਦੀ ਅਰਾਧਨਾ ਕੀਤੀ | ਉਹਨਾਂ ਨੇ ਯਸ਼ੂ ਨੂੰ ਬਹੁਮੁੱਲੇ ਤੋਹਫ਼ੇ ਦੱਤਿੇ | ਤੱਦ ਉਹ ਘਰਾਂ ਨੂੰ ਵਾਪਸ ਚਲੇ ਗਏ |

:

# 24. ਯਹੂੰਨਾ ਯਿਸੂ ਨੂੰ ਬਪਤਸਿਮਾ ਦੀਂਦਾ



ਯਹੂੰਨਾ ਜ਼ਕਰੀਆ ਅਤੇ ਏਲੀਜ਼ਬਥ ਦਾ ਪੁੱਤਰ ਜਵਾਨ ਹੋਕੇ ਨਬੀ ਬਣਿਆ | ਉਹ ਜੰਗਲ ਵਚਿ ਰਹਿਾ, ਜੰਗਲੀ ਸ਼ਹਦਿ ਅਤੇ ਟੱਡੀਆਂ ਖਾਂਦਾ ਸੀ, ਉੂਠ ਦੇ ਵਾਲਾ ਦੇ ਕਪੜੇ ਪਾਉਦਾ ਸੀ |



ਬਹੁਤ ਸਾਰੇ ਲੋਕ ਜੰਗਲ ਵਚਿ ਯਹੂੰਨਾ ਨੂੰ ਸੁਣਨ ਲਈ ਆਉਦੇ ਸਨ | ਉਸ ਨੇ ਉਹਨਾਂ ਨੂੰ ਪ੍ਰਚਾਰ ਕੀਤਾ, ਇਹ ਕਹਦਿਆਿ , “ਤੌਬਾ ਕਰੋ, ਪ੍ਰਮੇਸ਼ਵਰ ਦਾ ਰਾਜ ਨੇੜੇ ਹੈ!”



ਜਦੋਂ ਲੋਕਾਂ ਨੇ ਯਹੂੰਨਾ ਦਾ ਸੰਦੇਸ਼ ਸੁਣਿਆ, ਬਹੁਤਿਆਂ ਨੇ ਆਪਣੇ ਪਾਪਾਂ ਤੋਂ ਤੌਬਾ ਕੀਤੀ ਅਤੇ ਯਹੂੰਨਾ ਨੇ ਉਹਨਾਂ ਨੂੰ ਬਪਤਸਿਮਾ ਦੱਤਾ | ਬਹੁਤ ਸਾਰੇ ਧਾਰਮਕਿ ਆਗੂ ਵੀ ਯਹੂੰਨਾ ਕੋਲੋਂ ਬਪਤਸਿਮਾ ਲੈਣ ਆਏ, ਪਰ ਉਹਨਾਂ ਨੇ ਆਪਣੇ ਪਾਪਾਂ ਨੂੰ ਨਾ ਮੰਨਿਆ ਅਤੇ ਨਾ ਤੌਬਾ ਕੀਤੀ |



ਯਹੂੰਨਾ ਨੇ ਧਾਰਮਕਿ ਆਗੂਆਂ ਨੂੰ ਕਹਿਾ, "ਤੁਸੀ ਜਹਰੀਲੇ ਸੱਪ !" ਤੌਬਾ ਕਰੋ ਅਤੇ ਆਪਣੇ ਸੁਭਾਓ ਨੂੰ ਬਦਲੋ | ਹਰ ਦਰਖਤ ਜਹਿੜਾ ਚੰਗਾ ਫਲ ਨਹੀਂ ਦੀਂਦਾ ਕੱਟਿਆ ਜਾਵੇਗਾ ਅਤੇ ਅੱਗ ਵਚਿ ਸੁੱਟ ਦੱਤਾ ਜਾਵੇਗਾ |" ਯਹੂੰਨਾ ਨੇ ਪੂਰਾ ਕੀਤਾ ਜੋ ਕੁੱਝ ਨਬੀਆਂ ਨੇ ਉਸ ਬਾਰੇ ਕਹਿਾ ਸੀ, "ਦੇਖੋ, ਮੈਂ ਆਪਣੇ ਸੰਦੇਸਵਾਹਕ ਨੂੰ ਤੇਰੇ ਅੱਗੇ ਅੱਗੇ ਭੇਜਦਾ ਹਾਂ, ਜੋ ਤੇਰੇ ਮਾਰਗ ਨੂੰ ਤਆਿਰ ਕਰੇਗਾ |"



ਕਈ ਯਹੂਦੀਆਂ ਨੇ ਯਹੂੰਨਾ ਤੋਂ ਪੁਛਿਆ ਕਿ ਕੀ ਉਹ ਮਸੀਹ ਹੈ | ਯਹੂੰਨਾ ਨੇ ਉੱਤਰ ਦਿੱਤਾ, “ਮੈਂ ਮਸੀਹ ਨਹੀ ਹਾਂ, ਪਰ ਮੇਰੇ ਤੋਂ ਬਾਅਦ ਕੋਈ ਆ ਰਹਿਾ ਹੈ| ਉਹ ਮਹਾਨ ਹੈ, ਕਿ ਮੈਂ ਉਸਦੀ ਜੁੱਤੀ ਦਾ ਤਸਮਾਂ ਵੀ ਖੋਲਣ ਦੇ ਯੋਗ ਨਹੀ ਹਾਂ|”



ਅਗਲੇ ਦਨਿ ਯਸ਼ੂ ਯਹੂੰਨਾ ਕੋਲੋਂ ਬਪਤਸਿਮਾ ਲੈਣ ਲਈ ਆਇਆ | ਜਦੋਂ ਯਹੂੰਨਾ ਨੇ ਯਸ਼ੂ ਨੂੰ ਦੇਖਆਿ, ਉਸ ਨੇ ਕਹਿਾ, “ਦੇਖੋ! ਉਹ ਪ੍ਰਮੇਸ਼ਵਰ ਦਾ ਮੇਮਨਾ ਹੈ ਜੋ ਜਗਤ ਦੇ ਪਾਪਾਂ ਨੂੰ ਚੁੱਕ ਲੈ ਜਾਂਦਾ ਹੈ |”



ਯਹੂੰਨਾ ਨੇ ਯਸ਼ੂ ਨੂੰ ਕਹਿਾ, "ਮੈਂ ਤੈਨੂ ਬਪਤਸਿਮਾ ਦੇਣ ਦੇ ਯੋਗ ਨਹੀ ਹਾਂ | ਇਸ ਦੀ ਬਜਾਈ ਤੂੰ ਮੈਨੂੰ ਬਪਤਸਿਮਾ ਦੇ |" ਪਰ ਯਸ਼ੂ ਨੇ ਕਹਿਾ, "ਤੂੰ ਮੈਨੂੰ ਬਪਤਸਿਮਾ ਦੇ, ਕਉਿਂਕ ਿਇਹੀ ਕਰਨਾ ਚੰਗਾ ਹੈ |" ਇਸ ਲਈ ਯਹੂੰਨਾ ਨੇ ਉਸ ਨੂੰ ਬਪਤਸਿਮਾ ਦੱਤਿਾ, ਚਾਹੇ ਯਸ਼ੂ ਨੇ ਕੋਈ ਪਾਪ ਨਹੀਂ ਕੀਤਾ ਸੀ |



ਜਦੋਂ ਯਸ਼ੂ ਬਪਤਸਿਮੇ ਤੋਂ ਬਾਅਦ ਪਾਣੀ ਵਚਿੋਂ ਬਾਹਰ ਆਇਆ, ਪ੍ਰਮੇਸ਼ਵਰ ਦਾ ਆਤਮਾ ਕਬੂਤਰ ਦੇ ਰੂਪ ਵਚਿ ਉੱਤਰਆਿ ਅਤੇ ਉਸ ਉੱਪਰ ਬੈਠ ਗਆਿ | ਉਸੇ ਸਮੇਂ, ਸਵਰਗ ਤੋਂ ਪ੍ਰਮੇਸ਼ਵਰ ਦੀ ਅਵਾਜ ਇਹ ਕਹਦਿੇ ਆਈ, "ਤੂੰ ਮੇਰਾ ਪਆਿਰਾ ਪੁੱਤਰ ਹੈਂ ਜਸਿ ਨੂੰ ਮੈ ਪਆਿਰ ਕਰਦਾ ਹਾਂ ਅਤੇ ਮੈਂ ਤੇਰੇ ਤੋਂ ਅਤ ਿਪਰਸਨ ਹਾਂ |"



ਪ੍ਰਮੇਸ਼ਵਰ ਨੇ ਯਹੁੰਨਾ ਨੂੰ ਦੱਸਿਆ ਹੋਇਆ ਸੀ, “ਪਵਿੱਤਰ ਆਤਮਾ ਆਵੇਗਾ ਅਤੇ ਜਸਿ ਕਸਿ ਉੱਤੇ ਆ ਕੇ ਠਹਰਿੇ ਜਸਿ ਨੂੰ ਤੂੰ ਬਪਤਸਿਮਾ ਦੀਂਦਾ ਹੈ | ਉਹ ਵਅਿਕਤੀ ਪ੍ਰਮੇਸ਼ਵਰ ਦਾ ਪੁੱਤਰ ਹੈ |” ਸਰਿਫ ਇਕੋ ਹੀ ਪ੍ਰਮੇਸ਼ਵਰ ਹੈ | ਪਰ ਜਦੋਂ ਯਹੁੰਨਾ ਨੇ ਯਸਿੂ ਨੂੰ ਬਪਤਸਿਮਾ ਦੀਤਾ, ਉਸ ਨੇ ਪਤਿਾ ਨੂੰ ਗੱਲ ਕਰਦੇ ਸੁਣਆਿ, ਪ੍ਰਮੇਸ਼ਵਰ ਦੇ ਪੁੱਤਰ ਨੂੰ ਦੇਖਆਿ, ਯਸਿੂ ਕੌਣ ਹੈ ਅਤੇ ਉਸ ਨੇ ਪਵਿੱਤਰ ਆਤਮਾ ਨੂੰ ਦੇਖਆਿ |

:

# 25. ਸ਼ੈਤਾਨ ਯਿਸੂ ਦੀ ਪਰਖ ਕਰਦਾ



ਯਸ਼ੂ ਦੇ ਬਪਤਸਿਮੇ ਦੇ ਇਕ ਦਮ ਬਾਅਦ ਪਵਿੱਤਰ ਆਤਮਾ ਉਸ ਨੂੰ ਜੰਗਲ ਵਿਚ ਲੈ ਗਿਆ ਜਿੱਥੇ ਉਸ ਨੇ ਚਾਲੀ ਦਿਨ ਅਤੇ ਚਾਲੀ ਰਾਤ ਵਰਤ ਰੱਖਿਆ | ਸ਼ੈਤਾਨ ਯਿਸੂ ਕੋਲ ਆਇਆ ਅਤੇ ਉਸ ਨੇ ਉਸ ਨੂੰ ਅਜਮਾਇਸ਼ ਵਿਚ ਪਾਇਆ ਕਿ ਉਹ ਪਾਪ ਕਰੇ |



ਸ਼ੈਤਾਨ ਨੇ ਯਿਸੂ ਨੂੰ ਇਹ ਕਹਿੰਦੇ ਹੋਏ ਪਰਖ ਕੀਤੀ, "ਅਗਰ ਤੂੰ ਪ੍ਰਮੇਸ਼ਵਰ ਦਾ ਪੁੱਤਰ ਹੈਂ ਤਾਂ ਇਹਨਾਂ ਪੱਥਰਾਂ ਨੂੰ ਕਹਿ ਕੇ ਇਹ ਰੋਟੀ ਬਣ ਜਾਂ ਤਾਂ ਕਿ ਤੂੰ ਖਾ ਸਕੇ |



ਯਸ਼ੂ ਨੇ ਉੱਤਰ ਦੱਤਾ, “ਪ੍ਰਮੇਸ਼ਵਰ ਦੇ ਵਚਨ ਵਚਿ ਲੱਖਿਆ ਹੈ, ਜੀਣ ਲਈ ਲੋਕਾਂ ਨੂੰ ਸਰਿਫ ਰੋਟੀ ਦੀ ਜਰੂਰਤ ਹੀ ਨਹੀ, ਪਰ ਹਰ ਵਚਨ ਜਹਿੜਾ ਪ੍ਰਮੇਸ਼ਵਰ ਮੂੰਹ ਤੋਂ ਨਕਿਲਦਾ ਹੈ !”



ਸ਼ੈਤਾਨ ਯਸ਼ੂ ਨੂੰ ਮੰਦਰ ਦੇ ਉੱਚੇ ਕੰਗਿਰੇ ਤੇ ਲੈ ਗਆਿ ਅਤੇ ਕਹਿਾ, “ਅਗਰ ਤੂੰ ਪ੍ਰਮੇਸ਼ਵਰ ਦਾ ਪੱਤਰ ਹੈਂ, ਆਪਣੇ ਆਪ ਨੂੰ ਹੇਠਾਂ ਡੇਗ ਦੇਹ ਕਉਿਕਂ ਲੱਖਿਆ ਹੈ | ਪ੍ਰਮੇਸ਼ਵਰ ਆਪਣੇ ਦੂਤਾਂ ਨੂੰ ਹੁਕਮ ਦੇਵੇਗਾ ਕਂ ਉਹ ਤੈਨੂ ਚੁੱਕ ਲੈਣਗੇ ਅਤੇ ਤੇਰਾ ਪੈਰ ਪੱਥਰ ਨਾਲ ਨਾ ਟੱਕਰਾਏਗਾ |”



ਪਰ ਯਸ਼ੂ ਨੇ ਸ਼ੈਤਾਨ ਨੂੰ ਵਚਨ ਵਿੱਚੋਂ ਹਵਾਲਾ ਦੀਂਦੇ ਹੋਏ ਉੱਤਰ ਦੱਤਿਾ | ਉਸ ਨੇ ਕਹਿਾ, "ਵਚਨ ਵਚਿ ਪ੍ਰਮੇਸ਼ਵਰ ਨੇ ਆਪਣੇ ਲੋਕਾਂ ਨੂੰ ਹੁਕਮ ਦੱਤਿਾ ਹੈ, 'ਆਪਣੇ ਪ੍ਰਭੁ ਪ੍ਰਮੇਸ਼ਵਰ ਦੀ ਪਰਖ ਨਾ ਕਰੋ |"



ਸ਼ੈਤਾਨ ਨੇ ਯਸ਼ੂ ਨੂੰ ਸੰਸਾਰ ਦੇ ਸਾਰੇ ਰਾਜ ਦਖਿਾਏ ਅਤੇ ਉਹਨਾਂ ਦੀ ਮਹਮਿਾਂ ਅਤੇ ਕਹਿਾ, "ਅਗਰ ਤੂੰ ਝੁਕ ਕੇ ਮੈਨੂੰ ਸਜ਼ਿਦਾ ਕਰੇਂ ਅਤੇ ਮੇਰੀ ਅਰਾਧਨਾ ਕਰੇ ਮੈਂ ਇਹ ਸੱਭ ਤੈਨੂੰ ਦੇਵਾਗਾ|"



ਯਸ਼ੂ ਨੇ ਉੱਤਰ ਦੱਿਤਾ, "ਸ਼ੈਤਾਨ ਮੇਰੇ ਕੋਲੋਂ ਦੂਰ ਚੱਲਿਆ ਜਾਹ! ਪ੍ਰਮੇਸ਼ਵਰ ਦੇ ਵਚਨ ਵਿਚ ਉਸ ਨੇ ਆਪਣੇ ਲੋਕਾਂ ਨੂੰ ਹੁਕਮ ਦੱਿਤਾ ਹੈ, "ਸਰਿਫ ਆਪਣੇ ਪ੍ਰਮੇਸ਼ਵਰ ਯਹੋਵਾਹ ਦੀ ਬੰਦਗੀ ਅਤੇ ਸੇਵਾ ਕਰ |"



ਯਸ਼ੂ ਸ਼ੈਤਾਨ ਦੀਆਂ ਪ੍ਰੀਖਿਆਵਾਂ ਵਿਚ ਨਹੀ ਫੱਸਿਆ ਇਸ ਲਈ ਸ਼ੈਤਾਨ ਉਸ ਕੋਲੋਂ ਚਲਾ ਗਿਆ | ਤੱਦ ਦੂਤ ਆਏ ਅਤੇ ਯਸ਼ੂ ਦੀ ਦੇਖ ਭਾਲ ਕੀਤੀ |

*: ਮੱਤੀ 4:1–11; ਮਰਕੁਸ 1:12–13; ਲੂਕਾ 4:1–13*

# 26. ਯਿਸੂ ਆਪਣੀ ਸੇਵਕਾਈ ਸ਼ੁਰੂ ਕਰਦਾ



ਸ਼ੈਤਾਨ ਦੀ ਪ੍ਰੀਖਿਆ ਜੱਤਿਣ ਤੋਂ ਬਾਅਦ ਯਸ਼ੂ ਪਵੱਤਿਰ ਆਤਮਾ ਦੀ ਸ਼ਕਤੀ ਨਾਲ ਭਰ ਕੇ ਗਲੀਲ ਦੇ ਇਲਕੇ ਵਿਚ ਆਇਆ ਜੱਥੇ ਉਹ ਰਹਿਾ ਸੀ | ਯਸ਼ੂ ਸਖਿਆਿ ਦੱਿੰਦਾ ਹੋਇਆ ਜਗ੍ਹਾ ਜਗ੍ਹਾ ਗਆਿ | ਸੱਭ ਉਸਦੀ ਪ੍ਰਸੰਸਾ ਕਰਦੇ ਸਨ |



ਯਸ਼ੂ ਨਾਸਰਤ ਦੇ ਨਗਰ ਵਿਚ ਗਆਿ ਜੱਥੇ ਉਹ ਆਪਣੇ ਬਚਪਨ ਵਿਚ ਰਹਿੰਦਾ ਸੀ | ਸਬਤ ਦੇ ਦਨਿ ਉਹ ਮੰਦਰ ਵਿਚ ਗਆਿ | ਉਹਨਾਂ ਨੇ ਉਸ ਦੇ ਹੱਥ ਵਿਚ ਪੜ੍ਹਨ ਲਈ ਯਸਾਯਾਹ ਨਬੀ ਦੀਆਂ ਪੋਥੀਆਂ ਦੱਿਤੀਆਂ | ਯਸ਼ੂ ਨੇ ਪੋਥੀ ਖੋਲੀ ਅਤੇ ਲੋਕਾਂ ਲਈ ਉਸਦਾ ਇਕ ਭਾਗ ਪੜ੍ਹਿਆ |



ਯਸ਼ੂ ਨੇ ਪੜ੍ਹਿਆ, “ਪ੍ਰਮੇਸ਼ਵਰ ਨੇ ਮੈਨੂੰ ਆਪਣਾ ਆਤਮਾਂ ਦਿੱਤਾ ਹੈ ਕਿ ਗਰੀਬਾਂ ਨੂੰ ਖੁਸ਼ ਖਬਰੀ ਸੁਣਾਵਾਂ, ਬੰਧੂਆਂ ਨੂੰ ਅਜਾਦੀ, ਅੰਨਿਆਂ ਨੂੰ ਦੇਖਣ, ਅਤੇ ਦੱਬਿਆਂ ਹੋਇਆਂ ਨੂੰ ਛੁਟਕਾਰੇ ਦਾ ਪ੍ਰਚਾਰ ਕਰਾਂ | ਇਹ ਪ੍ਰਮੇਸ਼ਵਰ ਦੀ ਮੰਨਜੂਰੀ ਦਾ ਵਰ੍ਹਾ ਹੈ |



ਤੱਦ ਯਸ਼ੂ ਬੈਠ ਗਇਆ | ਹਰ ਇਕ ਨੇ ਉਸ ਨੂੰ ਗੌਰ ਨਾਲ ਦੇਖਿਆ | ਉਹ ਇਸ ਵਚਨ ਦੇ ਭਾਗ ਨੂੰ ਜਾਣਦੇ ਸਨ ਜੋ ਉਸਨੇ ਹੁਣੇ ਪੜ੍ਹਿਆ ਸੀ ਉਹ ਮਸੀਹ ਨਾਲ ਸਬੰਧਤ ਸੀ | ਯਸ਼ੂ ਨੇ ਕਹਿਾ, “ਮੈਂ ਜੋ ਵਚਨ ਪੜ੍ਹੇ ਹਨ ਉਹ ਅੱਜ ਤੁਹਾਡੇ ਵਿਚ ਪੂਰੇ ਹੋਏ |” ਸੱਭ ਲੋਕ ਹੈਰਾਨ ਸਨ | “ਕੀ ਇਹ ਯੂਸਫ ਦਾ ਪੁੱਤਰ ਨਹੀ ਹੈ ?” ਉਹਨਾਂ ਨੇ ਕਹਿਾ |



ਤੱਦ ਯਿਸੂ ਨੇ ਕਹਿਾ, “ਇਹ ਸੱਚ ਹੈ ਕਿ ਕੋਈ ਵੀ ਨਬੀ ਆਪਣੇ ਪੀਂਡ ਗ੍ਰਹਣ ਨਹੀ ਕੀਤਾ ਜਾਂਦਾ | ਏਲੀਯਾਹ ਦੇ ਸਮੇਂ ਇਸਰਾਏਲ ਵਿਚ ਬਹੁਤ ਸਾਰੀਆਂ ਵਧਿਵਾ ਸਨ | ਪਰ ਜਦੋਂ ਸਾਢੇ ਤੀਂਨ ਸਾਲ ਲਈ ਅਕਾਲ ਪੈ ਗਿਆ, ਪ੍ਰਮੇਸ਼ਵਰ ਨੇ ਏਲੀਯਾਹ ਨੂੰ ਇਸਰਾਏਲ ਵਿੱਚੋਂ ਵਧਿਵਾ ਦੀ ਮੱਦਦ ਕਰਨ ਲਈ ਨਹੀ ਭੇਜਿਆ ਪਰ ਇਸ ਦੀ ਬਜਾਇ ਦੂਸਰੇ ਦੇਸ ਵਿੱਚੋਂ ਵਧਿਵਾ ਨੂੰ ਭੇਜਿਆ |”



ਯਿਸੂ ਨੇ ਲਗਾਤਾਰ ਕਹਣਿਾ ਜਾਰੀ ਰੱਖਿਆ, “ਅਤੇ ਅਲੀਸ਼ਾ ਦੇ ਦਨਿਾਂ ਵਿਚ ਇਸਰਾਏਲ ਵਿਚ ਬਹੁਤ ਸਾਰੇ ਲੋਕ ਚਮੜੀ ਦੀ ਬਮਿਾਰੀ ਨਾਲ ਬੀਮਾਰ ਸਨ |” ਪਰ ਨੇ ਉਹਨਾਂ ਵਿੱਚੋਂ ਕਸਿੇ ਨੂੰ ਵੀ ਨਹੀਂ ਚੰਗਾ ਕੀਤਾ | ਉਸਨੇ ਸਿਰਫ ਨਾਮਾਨ ਨੂੰ ਹੀ ਚੰਗਾ ਕੀਤਾ ਜੋ ਇਸਰਾਏਲ ਦੇ ਦੁਸ਼ਮਣਾਂ ਦਾ ਕਮਾਂਡਰ ਸੀ | ਜਹਿੜੇ ਲੋਕ ਯਿਸੂ ਨੂੰ ਸੁਣ ਰਹੇ ਸਨ ਉਹ ਯਹੂਦੀ ਸਨ | ਜਦੋਂ ਉਹਨਾਂ ਨੇ ਉਸਨੂੰ ਇਹ ਕਹੀਂਦੇ ਸੁਣਿਆ ਉਹ ਉਸ ਉੱਤੇ ਗੁੱਸੇ ਹੋਏ |



ਨਾਸਰਤ ਦੇ ਲੋਕਾਂ ਨੇ ਯਸ਼ੂ ਨੂੰ ਮੰਦਰ ਵਿੱਚੋਂ ਖਿਚ ਕੇ ਬਾਹਰ ਕਰ ਦਿੱਤਾ ਅਤੇ ਉਸ ਨੂੰ ਪਹਾੜੀ ਦੇ ਕਨਿਾਰੇ ਕੋਲ ਲਿਆ ਕੇ ਧੱਕਾ ਦੇ ਕੇ ਮਾਰਨ ਲਈ ਲਿਆਏ | ਪਰ ਯਸ਼ੂ ਲੋਕਾਂ ਵਿੱਚੋਂ ਖਿੱਸਕ ਕੇ ਨਿੱਕਲ ਗਿਆ ਅਤੇ ਨਾਸਰਤ ਤੋਂ ਬਾਹਰ ਚੱਲਿਆ ਗਿਆ |



ਤੱਦ ਯਸ਼ੂ ਗਲੀਲ ਸਾਰੇ ਇਲਾਕੇ ਵਿਚ ਗਿਆ ਅਤੇ ਇਕ ਵੱਡੀ ਭੀੜ ਉਸ ਦੇ ਕੋਲ ਆਈ | ਉਹ ਉਸ ਕੋਲ ਬਹੁਤ ਸਾਰੇ ਬੀਮਾਰ ਜਾਂ ਅਪਹਾਜ ਲੋਕਾਂ ਨੂੰ ਲੈ ਕੇ ਆਏ ਜਹਿਨਾਂ ਵਿਚ ਅੰਨੇ, ਲੰਗੜੇ ਅਤੇ ਗੂੰਗੇ ਵੀ ਸਨ ਅਤੇ ਯਸ਼ੂ ਨੇ ਉਹਨਾਂ ਨੂੰ ਚੰਗਾ ਕੀਤਾ |



ਬਹੁਤ ਸਾਰੇ ਲੋਕ ਜਹਿਨਾਂ ਨੂੰ ਭੂਤ ਚਿੰਬੜੇ ਸਨ ਯਸ਼ੂ ਕੋਲ ਲਆਿਂਦੇ | ਯਸ਼ੂ ਦੇ ਹੁਕਮ ਅਨੁਸਾਰ, ਭੂਤ ਲੋਕਾਂ ਵਿੱਚੋਂ ਬਾਹਰ ਆਏ ਅਤੇ ਆਮ ਤੌਰ ਤੇ ਇਹ ਕਹਿੰਦੇ ਸਨ, "ਤੂੰ ਪ੍ਰਮੇਸ਼ਵਰ ਦਾ ਪੁੱਤਰ ਹੈਂ !" ਲੋਕਾਂ ਦੀ ਭੜਿ ਹੈਰਾਨ ਹੋਈ ਅਤੇ ਪ੍ਰਮੇਸ਼ਵਰ ਦੀ ਮਹਮਿਾਂ ਕੀਤੀ |



ਤੱਦ ਯਸ਼ੂ ਨੇ ਬਾਰਾਂ ਆਦਮੀ ਚੁਣੇ ਅਤੇ ਉਹ ਰਸੂਲ ਕਹਾਏ | ਚੇਲਆਿਂ ਨੇ ਯਸ਼ੂ ਨਾਲ ਯਾਤਰਾ ਕੀਤੀ ਅਤੇ ਉਸ ਕੋਲੋਂ ਸਖਿਆ |

ਬਾਈਬਲ ਦੀ ਕਹਾਣੀ*: ਮੱਤੀ 4:12–25,* ਮਰਕੁਸ *1:14–15,35–39; 3:13–21;* ਲੂਕਾ *4:14–30,38–44*

# 27. ਚੰਗੇ ਸਾਮਰੀ ਦੀ ਕਹਾਣੀ



ਇਕ ਦਨਿ ਇਕ ਸ਼ਰ੍ਹਾ ਦਾ ਮਾਹਰਿ ਯਹੂਦੀ ਯਸੂ ਨੂੰ ਪਰਖਣ ਲਈ ਉਸ ਕੋਲ ਆਇਆ, ਇਹ ਕਹੰਿਦਾ ਹੋਇਆ, "ਗੁਰੂ ਜੀ, ਅਨੰਤ ਜੀਵਨ ਪਾਉਣ ਲਈ ਮੈਂ ਕੀ ਕਰਾਂ ?" ਯਸੂ ਨੇ ਉੱਤਰ ਦੱਤਾ, "ਪ੍ਰਮੇਸ਼ਵਰ ਦੀ ਬਵਿਸਥਾ ਵਚਿ ਕੀ ਲਖਿਆਿ ਹੋਇਆ ਹੈ ?"



ਸ਼ਰ੍ਹਾ ਦੇ ਮਾਹਰਿ ਨੇ ਉੱਤਰ ਦੱਤਾ ਕੀ ਪ੍ਰਮੇਸ਼ਵਰ ਦੀ ਸ਼ਰ੍ਹਾ ਕਹੰਿਦੀ ਹੈ, "ਤੂੰ ਆਪਣੇ ਪ੍ਰਮੇਸ਼ਵਰ ਨੂੰ ਆਪਣੇ ਪੂਰੇ ਦਲਿ ਨਾਲ, ਪੂਰੇ ਪ੍ਰਾਣ ਨਾਲ, ਪੂਰੇ ਬਲ ਨਾਲ ਅਤੇ ਪੂਰੇ ਮਨ ਨਾਲ ਪਆਿਰ ਕਰ | ਅਤੇ ਆਪਣੇ ਗੁਆਂਡੀ ਨਾਲ ਆਪਣੇ ਜਹਿਾ ਪਆਿਰ ਕਰ |" ਯਸੂ ਨੇ ਉੱਤਰ ਦੱਤਾ, "ਤੂੰ ਬਲਿਕੁਲ ਠੀਕ ਹੈਂ ! ਇਸ ਨੂੰ ਕਰ ਤਾਂ ਤੂੰ ਜਵਿੇਂਗਾ |"



ਪਰ ਸ਼ਰ੍ਹਾ ਦਾ ਮਾਹਰਿ ਸਬੂਤ ਦੇਣਾ ਚਾਹੁੰਦਾ ਸੀ ਕਿ ਉਹ ਧਰਮੀ ਹੈ, ਇਸ ਲਈ ਉਸ ਨੇ ਪੁਛਿਆ, "ਮੇਰੇ ਗੁਆਂਡੀ ਕੌਣ ਹੈ ?"



ਯਸ਼ੂ ਨੇ ਸ਼ਰ੍ਹਾ ਦੇ ਮਾਹਰਿ ਨੂੰ ਇਕ ਕਹਾਣੀ ਦੱਸਦੇ ਹੋਏ ਉੱਤਰ ਦੱਤਿਾ | "ਇਕ ਵਾਰ ਇਕ ਯਹੂਦੀ ਵਅਿਕਤੀ ਸੀ ਜੋ ਯਰੁਸ਼ਲਮ ਤੋਂ ਯਰੀਹੋ ਨੂੰ ਜਾਣ ਵਾਲੀ ਸੜਕ ਤੇ ਜਾ ਰਹਿਾ ਸੀ |"



ਜਦੋਂ ਵਿਅਕਤੀ ਜਾ ਰਹਿਾ ਸੀ ਉਸ ਉੱਤੇ ਡਾਕੂਆਂ ਦੇ ਝੁੰਡ ਨੇ ਹਮਲਾ ਕੀਤਾ | ਉਹ ਉਸਦਾ ਸੱਭ ਕੁੱਝ ਲੈ ਗਏ ਉਸ ਨੂੰ ਮਾਰ ਕੇ ਅਧਮਰਾ ਕਰਕੇ ਛੱਡ ਗਏ | ਤੱਦ ਉਹ ਚਲੇ ਗਏ |”



“ਉਸ ਦੇ ਇਕ ਦਮ ਬਾਅਦ ਇਕ ਯਹੂਦੀ ਜਾਜਕ ਉਸੇ ਰਾਹ ਲੰਘਿਆ | ਜਦੋਂ ਉਸ ਧਰਮ ਦੇ ਆਗੂ ਨੇ ਉਸ ਵਿਅਕਤੀ ਨੂੰ ਦੇਖਿਆ ਜਸਿ ਨੂੰ ਮਾਰਿਆ ਅਤੇ ਲੁੱਟਿਆ ਗਿਆ ਸੀ ਉਹ ਸੜਕ ਦੇ ਪਾਸਓਿ ਹੋ ਕੇ ਲੰਘ ਗਿਆ, ਉਸ ਵਿਅਕਤੀ ਨੂੰ ਆਖੋਂ ਓਹਲੇ ਕਰਦਾ ਹੋਇਆ ਜਸਿ ਨੂੰ ਮੱਦਦ ਦੀ ਲੋੜ ਸੀ |



“ਜਆਿਾਦਾ ਦੇਰ ਬਾਅਦ ਨਹੀਂ , ਇਕ ਲੇਵੀ ਉਸੇ ਮਾਰਗ ਆਇਆ | (ਲੇਵੀ ਯਹੂਦੀਆਂ ਦਾ ਇਕ ਗੋਤਰ ਸੀ ਜੋ ਮੰਦਰ ਵਚਿ ਜਾਜਕਾਂ ਦੀ ਸਹਾਇਤਾ ਕਰਦੇ ਸਨ |) ਲੇਵੀ ਵੀ ਸੜਕ ਦੇ ਪਾਸੇ ਹੋ ਕੇ ਲੰਘ ਗਆਿ, ਉਸ ਵਅਿਕਤੀ ਨੂੰ ਆਖੋਂ ਓਹਲੇ ਕਰਦਾ ਹੋਇਆ ਜਸਿ ਨੂੰ ਮੱਦਦ ਦੀ ਲੋੜ ਸੀ |



“ਅਗਲਾ ਵਅਿਕਤੀ ਜਹਿੜਾ ਉਸੇ ਮਾਰਗ ਆ ਰਹਿਾ ਸੀ ਉਹ ਇਕ ਸਾਮਰੀ ਵਅਿਕਤੀ ਸੀ | (ਸਾਮਰੀ ਯਹੂਦੀਆਂ ਦੀ ਅੰਸ਼ ਵਚਿੋਂ ਸਨ ਜਹਿਨਾਂ ਨੇ ਹੋਰ ਜਾਤੀਆਂ ਦੇ ਲੋਕਾਂ ਵਚਿ ਵਆਿਹ ਕੀਤੇ ਸਨ | ਸਾਮਰੀ ਅਤੇ ਯਹੂਦੀ ਇਕ ਦੂਸਰੇ ਨੂੰ ਨਫਰਤ ਕਰਦੇ ਸਨ ) ਪਰ ਜਦੋਂ ਸਾਮਰੀ ਨੇ ਯਹੂਦੀ ਆਦਮੀ ਨੂੰ ਦੇਖਆਿ, ਉਸ ਨੇ ਉਸ ਪ੍ਰਤੀ ਬਹੁਤ ਜਆਿਦਾ ਹਮਦਰਦੀ ਨੂੰ ਮਹਿਸੂਸ ਕੀਤਾ | ਉਸ ਨੇ ਉਸ ਦੀ ਦੇਖ ਭਾਲ ਕੀਤੀ ਅਤੇ ਉਸਦੇ ਜਖਮਾਂ ਤੇ ਪੱਟੀਆਂ ਬੰਨੀਆਂ |”



“ਤੱਦ ਸਾਮਰੀ ਨੇ ਉਸ ਬੰਦੇ ਨੂੰ ਆਪਣੇ ਗਧੇ ਤੇ ਲੱਦਿਆ ਅਤੇ ਸੜਕ ਦੇ ਕਨਿਾਰੇ ਇਕ ਸਰਾਂ ਵਚਿ ਉਸ ਦੇ ਦੇਖ ਭਾਲ ਕਰਨ ਲਈ ਲੈ ਗਆਿ |”



“ਅਗਲੇ ਦਨਿ, ਸਾਮਰੀ ਨੇ ਆਪਣੇ ਰਾਹ ਜਾਣਾ ਸੀ | ਉਸ ਨੇ ਉਸ ਸਰਾਂ ਦੇ ਮਾਲਕ ਨੂੰ ਉਸ ਬੰਦੇ ਦੀ ਦੇਖ ਭਾਲ ਕਰਨ ਲਈ ਕੁਝ ਪੈਸੇ ਦੱਤਿੇ ਅਤੇ ਕਹਿਾ, “ਉਸ ਦੇ ਦੇਖ ਭਾਲ ਕਰਨਾ ਅਤੇ ਜੇ ਇਸ ਤੋਂ ਇਲਾਵਾ ਹੋਰ ਖਰਚ ਹੋਵੇ ਤਾਂ ਮੈਂ ਵਾਪਸੀ ਤੇ ਉਹ ਖਰਚ ਦੇ ਦੇਵਾਂਗਾ |”



ਤੱਦ ਯਸ਼ੂ ਨੇ ਸ਼ਰ੍ਹਾ ਦੇ ਮਾਹਰਿ ਤੋਂ ਪੁੱਛਿਆ, “ਤੂੰ ਕੀ ਸੋਚਦਾ ਹੈਂ? ਇਹਨਾ ਤੀਨਾ ਵਅਿਕਤੀਆਂ ਵਚਿੋਂ ਉਸ ਮਾਰੇ ਲੁੱਟੇ ਵਅਿਕਤੀ ਦਾ ਗੁਆਂਡੀ ਕੌਣ ਸੀ ?” ਉਸ ਨੇ ਉੱਤਰ ਦੀਤਾ, “ਉਹ ਜੋ ਉਸ ਪ੍ਰਤੀ ਦਯਾਵਾਨ ਸੀ |” ਯਸ਼ੂ ਨੇ ਉੱਤਰ ਦੀਤਾ, “ਤੂੰ ਜਾਹ ਅਤੇ ਤੂੰ ਵੀ ਉਸੇ ਤਰਾਂ ਕਰ |”

ਬਾਈਬਲ ਦੀ ਕਹਾਣੀ*: ਲੂਕਾ 10:25−37*

# 28. ਧੰਨਵਾਨ ਜਵਾਨ ਹਾਕਮ



ਇਕ ਦਨਿ ਇਕ ਧਨਵਾਨ ਜਵਾਨ ਹਾਕਮ ਯਸ਼ੂ ਕੋਲ ਆਇਆ ਅਤੇ ਉਸ ਨੂੰ ਪੁੱਛਿਆ, “ਚੰਗੇ ਗੁਰੂ, ਅਨੰਤ ਜੀਵਨ ਪਾਉਣ ਲਈ ਮੈਂ ਕ ਿਕਰਾਂ ?” ਯਸ਼ੂ ਨੇ ਉਸ ਨੂੰ ਕਹਿਾ, “ਤੂੰ ਮੈਨੂੰ ਚੰਗਾ ਕਉਿ ਕਹੰਿਦਾ ਹੈਂ?” ਸਰਿਫ ਇਕ ਹੀ ਚੰਗਾ ਹੈ, ਅਤੇ ਉਹ ਪ੍ਰਮੇਸ਼ਵਰ ਹੈ | ਪਰ ਜੇ ਤੂੰ ਅਨੰਤ ਜੀਵਨ ਚਾਹੁੰਦਾ ਤਾਂ ਪ੍ਰਮੇਸ਼ਵਰ ਦੇ ਹੁਕਮ ਮਨ |”



“ਕਹਿੜਾ ਹੁਕਮ ਮੈਂ ਮੰਨਾ?” ਉਸ ਨੇ ਪੁੱਛਿਆ | ਯਸ਼ੂ ਨੇ ਉੱਤਰ, “ਕਤਲ ਨਾ ਕਰ| ਜਨਾਹ ਨਾ ਕਰ | ਚੋਰੀ ਨਾ ਕਰ | ਝੂਠ ਨਾ ਬੋਲ | ਆਪਣੇ ਮਾਂ-ਬਾਪ ਦੀ ਇਜੱਤ ਕਰ ਅਤੇ ਆਪਣੇ ਗੁਆਂਡੀ ਨੂੰ ਆਪਣੇ ਜਹਿਾ ਪਆਿਰ ਕਰ |”



ਪਰ ਨੌਜਵਾਨ ਨੇ ਕਹਿਾ, “ਮੈਂ ਤਾਂ ਇਹਨਾਂ ਹੁਕਮਾਂ ਦੀ ਪਾਲਣਾ ਆਪਣੇ ਬਚਪਨ ਤੋਂ ਕਰਦਾ ਆ ਰਹਿਾਂ ਹਾਂ | ਅਨੰਤ ਜੀਵਨ ਪਾਉਣ ਲਈ ਮੈਨੂੰ ਹੋਰ ਕਿ ਕਰਨਾ ਪਵੇਗਾ ? ਯਸ਼ੂ ਨੇ ਉਸ ਵੱਲ ਦੇਖਿਆ ਅਤੇ ਉਸ ਨੂੰ ਪਆਿਰ ਕੀਤਾ |



ਯਸ਼ੂ ਨੇ ਉੱਤਰ ਦਤਿਾ, “ਜੇ ਸੱਧਿ ਹੋਣਾ ਚਹੁੰਦਾ ਹੈਂ, ਤਾਂ ਜਾਹ ਆਪਣੀ ਸਾਰੀ ਧੰਨ ਸੰਪਤੀ ਵੇਚ ਦੇਹ ਅਰੇ ਗਰੀਬਾਂ ਨੂੰ ਵੰਡ ਦੇਹ, ਅਤੇ ਤੈਨੂੰ ਸਵਰਗ ਵਚਿ ਖਜਾਨਾ ਮਲਿੇਗਾ | ਤੱਦ ਆ ਅਤੇ ਮੇਰੇ ਪਛਿੇ ਹੋ ਲੈ |”



ਜਦੋਂ ਨੌਜਵਾਨ ਨੇ ਸੁਣਿਆ ਜੋ ਯਸ਼ੂ ਨੇ ਕਹਿਾ ਸੀ, ਉਹ ਉਦਾਸ ਹੋਇਆ, ਕਉਿਕਂ ਉਹ ਬਹੁਤ ਅਮੀਰ ਅਤੇ ਜੋ ਕੁੱਝ ਵੀ ਉਸ ਕੋਲ ਸੀ ਉਸ ਨੂੰ ਗੁਆਉਣਾ ਨਹੀ ਚਾਹੁੰਦਾ ਸੀ | ਉਹ ਮੁੜਿਆ ਅਤੇ ਯਸ਼ੂ ਕੋਲੋਂ ਚਲਾ ਗਿਆ |



ਤੱਦ ਯਸ਼ੂ ਨੇ ਆਪਣੇ ਚੇਲਿਆਂ ਨੂੰ ਕਹਿਾ, “ਅਮੀਰ ਲੋਕਾਂ ਲਈ ਇਹ ਬਹੁਤ ਹੀ ਮੁਸ਼ਕਲ ਹੈ ਕਂ ਉਹ ਪ੍ਰਮੇਸ਼ਵਰ ਦੇ ਰਾਜ ਵਚਿ ਵੜਨ ! ਹਾਂ, ਅਮੀਰ ਆਦਮੀ ਲਈ ਪਰਮੇਸ੍ਰੁਰ ਦੇ ਰਾਜ ਵੱਚਿ ਵੜਨ ਨਾਲੋਂ ਇੱਕ ਊਠ ਦਾ ਸੂਈ ਦੇ ਨੱਕੇ ਵੱਚਿੋਂ ਲੰਘਣਾ ਸੌਖਾ ਹੈ”



ਜਦੋਂ ਚੇਲਿਆਂ ਨੇ ਸੁਣਿਆ ਜੋ ਯਸ਼ੂ ਨੇ ਕਹਿਆ ਸੀ, ਉਹ ਹਲਿ ਗਏ ਅਤੇ ਕਹਿਆ, “ਤੱਦ ਕੌਣ ਬਚਾਇਆ ਜਾ ਸਕਦਾ ਹੈ ?”



ਯਸ਼ੂ ਨੇ ਚੇਲਿਆਂ ਵੱਲ ਦੇਖਿਆ ਅਤੇ ਕਹਿਆ, “ਮਨੁੱਖਾਂ ਲਈ ਤਾਂ ਇਹ ਮੁਸ਼ਕਲ ਹੈ ਪਰ ਪ੍ਰਮੇਸ਼ਵਰ ਲਈ ਸੱਭ ਕੁੱਭ ਸੰਭਵ ਹੈ |”



ਪਤਰਸ ਨੇ ਯਸ਼ੂ ਨੂੰ ਕਹਿਾ, “ਅਸੀ ਸੱਭ ਕੁੱਝ ਛੱਡ ਦੱਤਿਾ ਅਤੇ ਤੇਰੇ ਪਛਿੇ ਹੋ ਗਏ ਹਾਂ | ਸਾਡਾ ਇਨਾਮ ਕਾਿ ਹੋਵੇਗਾ ?”



ਯਸ਼ੂ ਨੇ ਉੱਤਰ ਦੱਤਿਾ, “ਸੱਭ ਨੇ ਆਪਣੇ ਘਰ, ਭੈਣ, ਭਾਈ, ਪਤਿਾ, ਮਾਤਾ, ਬੱਚੇ, ਜਾਂ ਜਾਇਦਾਦ ਮੇਰੀ ਲਈ ਛੱਡੀ ਹੈ ਛੱਡੇ, ਉਹ ਸੌ ਗੁਣਾ ਜਆਿਦਾ ਪਾਉਣਗੇ ਅਤੇ ਅਨੰਤ ਜੀਵਨ ਵੀ | ਪਰ ਬਹੁਤੇ ਜਹਿੜੇ ਪਹਲਿੇ ਹਨ ਆਖਰੀ ਹੋਣਗੇ ਅਤੇ ਜਹਿੜੇ ਆਖਰੀ ਹਨ ਉਹ ਪਹਲਿੇ ਹੋਣਗੇ |”

ਬਾਈਬਲ ਦੀ ਕਹਾਣੀ*: ਮੱਤੀ 19:16–30; ਮਰਕੁਸ 10:17–31; ਲੂਕਾ 18:18–30*

# 29. ਇਕ ਨਿਰਦਈ ਨੌਕਰ ਦੀ ਕਹਾਣੀ



ਇਕ ਦਨਿ ਪਤਰਸ ਨੇ ਯਸ਼ੂ ਨੂੰ ਪੁਛਿਆ, “ਸਵਾਮੀ, ਮੈਂ ਆਪਣੇ ਭਾਈ ਨੂੰ ਕੰਿਨੀ ਵਾਰ ਮਾਫ਼ ਕਰਾਂ ਜਦੋਂ ਉਹ ਮੇਰੇ ਵਰਿੁਧ ਪਾਪ ਕਰਦਾ ਹੈ ? ਕਈ ਸੱਤ ਵਾਰ ?” ਯਸ਼ੂ ਨੇ ਉੱਤਰ ਦੰਿਤਾ, “ਸੱਤ ਵਾਰ ਨਹੀ, ਪਰ ਸੱਤ ਦਾ ਸੱਤਰ ਵਾਰ !” ਇਸ ਦੁਆਰਾ, ਅਸੀਂ ਜਾਣਦੇ ਹਾਂ ਕਿ ਯਸ਼ੂ ਦਾ ਮਤਲਬ ਹੈ ਕਿ ਹਮੇਸ਼ਾਂ ਮਾਫ਼ ਕਰੋ | ਤੱਦ ਯਸ਼ੂ ਨੇ ਕਹਾਣੀ ਦੱਸੀ |



ਯਸ਼ੂ ਨੇ ਕਹਿਾ, “ਪ੍ਰਮੇਸ਼ਵਰ ਦਾ ਰਾਜ ਇਕ ਰਾਜੇ ਵਰਗਾ ਹੈ ਜੋ ਆਪਣੇ ਨੌਕਰਾਂ ਨਾਲ ਹਸਿਾਬ ਕਰਨਾ ਚਾਹੁੰਦਾ ਸੀ | ਉਸ ਦਾ ਇਕ ਨੌਕਰ ਵੱਡੀ ਰਕਮ ਕਰੀਬ 200,000ਰੁਪੀਏ ਦਾ ਕਰਜਦਰ ਜੋ ਲੱਗ ਭੱਗ ਇਕ ਸਾਲ ਦੀ ਕਮਾਈ ਸੀ |



“ਜਦਕਿ ਨੌਕਰ ਉਧਾਰ ਵਾਪਸ ਨਹੀ ਕਰ ਸਕਦਾ ਸੀ, ਰਾਜੇ ਨੇ ਕਹਿਾ, “ ਪੈਸਾ ਗ੍ਰਹਾਉਣ ਲਈ ਇਸ ਵਅਿਕਤੀ ਅਤੇ ਇਸ ਦੇ ਪਰੀਵਾਰ ਨੂੰ ਗੁਲਾਮ ਕਰਕੇ ਵੇਚ ਦਓਿ |”



“ਨੌਕਰ ਨੇ ਰਾਜੇ ਅੱਗੇ ਗੁਟਨੇ ਟੇਕੇ ਅਤੇ ਕਹਿਾ , “ਮੇਰੇ ਉੱਤੇ ਦਯਾ ਕਰੋ, ਮੈਂ ਆਪਣਾ ਸਾਰਾ ਉਧਰ ਵਾਪਸ ਕਰ ਦੇਵਾਂਗਾ ਜਸਿ ਦਾ ਮੈਂ ਕਰਜਾਈ ਹਾਂ |’ ਰਾਜੇ ਨੂੰ ਨੌਕਰ ਤੇ ਤਰਸ ਆਇਆ, ਉਸ ਨੇ ਉਸਦਾ ਸਾਰਾ ਉਧਾਰ ਮਾਫ਼ ਦੱਿਤਾ ਅਤੇ ਉਸ ਨੂੰ ਛੱਡ ਦੱਿਤਾ |”



“ਪਰ ਜਦੋਂ ਨੌਕਰ ਰਾਜੇ ਕੋਲੋਂ ਬਾਹਰ ਚੱਲਿਆ ਗਿਆ, ਉਹ ਆਪਣੇ ਨਾਲ ਦੇ ਨੌਕਰ ਨੂੰ ਮਲਿਆਿ ਜੋ ਉਸ ਦਾ ਕਰਜਾਈ ਸੀ ਲੱਗ ਭੱਗ ਚਾਰ ਮਹੀਨੇ ਦੀ ਮਜਦੂਰੀ ਦੀ ਰਕਮ ਸੀ | ਨੌਕਰ ਨੇ ਆਪਣੇ ਸਾਥੀ ਨੂੰ ਫੜਆਿ ਅਤੇ ਉਸ ਨੂੰ ਕਹਿਾ, “ਮੈਨੂੰ ਮੇਰਾ ਪੈਸਾ ਵਾਪਸ ਕਰ !”



“ਸਾਥੀ ਨੌਕਰ ਨੇ ਗੁਟਨਆਿ ਤੇ ਹੋ ਕੇ ਕਹਿਾ, “ਕਰਿਪਾ ਕਰਕੇ ਮੇਰੇ ਉੱਤੇ ਦਯਾ ਕਰੋ ਅਤੇ ਮੈਂ ਤੁਹਾਡੀ ਸਾਰੀ ਰਕਮ ਵਾਪਸ ਕਰ ਦੇਵਾਂਗਾ ਜਸਿ ਦਾ ਮੈਂ ਕਰਜਾਈ ਹਾਂ |” ਪਰ ਇਸ ਦੀ ਬਜਾਇ, ਨੌਕਰ ਨੇ ਆਪਣੇ ਸਾਥੀ ਨੂੰ ਜੇਲ ਵਚਿ ਬੰਦ ਕਰ ਦੱਤਿਾ ਜੱਦ ਤੱਕ ਉਹ ਕਰਜ ਚੁਕਾ ਨਾ ਦੇਵੇ |”



“ਕੁੱਝ ਦੂਸਰੇ ਨੌਕਰਾਂ ਨੇ ਸੱਭ ਦੇਖਿਆ ਜੋ ਹੋਇਆ ਸੀ ਅਤੇ ਬਹੁਤ ਪਰੇਸ਼ਾਨ ਹੋਏ | ਉਹ ਰਾਜੇ ਕੋਲ ਗਏ ਅਤੇ ਉਸ ਨੂੰ ਸੱਭ ਕੁੱਝ ਦੱਸਿਆ |”



“ਰਾਜੇ ਨੇ ਉਸ ਨੌਕਰ ਨੂੰ ਬੁਲਾਇਆ ਅਤੇ ਕਿਹਾ, “ਤੂੰ ਦੁਸ਼ਟ ਨੌਕਰ ! ਮੈਂ ਤੈਨੂੰ ਤੇਰਾ ਕਰਜ ਮਾਫ਼ ਕੀਤਾ ਕਉਿਂਕਿ ਤੂੰ ਬੇਨਤੀ ਕੀਤੀ | ਤੈਨੂੰ ਵੀ ਉਸੇ ਤਰਾਂ ਹੀ ਕਰਨਾ ਚਾਹੀਦਾ ਸੀ |’ ਰਾਜਾ ਬਹੁਤ ਗੁੱਸੇ ਹੋਇਆ ਅਤੇ ਉਸ ਦੁਸ਼ਟ ਨੌਕਰ ਨੂੰ ਜੇਲ ਵਚਿ ਸੁੱਟ ਦੱਤਿਾ ਜੱਦ ਤੱਕ ਉਹ ਆਪਣਾ ਪੂਰਾ ਕਰਜ ਵਾਪਸ ਨਹੀ ਕਰਦਾ |”



ਤੱਦ ਯਸ਼ੂ ਨੇ ਕਹਿਾ, “ਇਸੇ ਤਰਾਂ ਹੀ ਮੇਰਾ ਸਵਰਗੀ ਪਤਿਾ ਵੀ ਤੁਹਾਡੇ ਹਰ ਇਕ ਨਾਲ ਕਰੇਗਾ ਅਗਰ ਤੁਸੀ ਆਪਣੇ ਭਾਈ ਨੂੰ ਦਲਿੋਂ ਮਾਫ਼ ਨਹੀ ਕਰਦੇ |”

ਬਾਈਬਲ ਦੀ ਕਹਾਣੀ*: ਮੱਤੀ 18:21−35*

# 30. ਯਸ਼ੂ ਪੰਜ ਹਜਾਰ ਦੀ ਭੀੜ ਨੂੰ ਰਜਾਉਂਦਾ



ਯਸ਼ੂ ਨੇ ਆਪਣੇ ਚੇਲਿਆਂ ਨੂੰ ਅਲੱਗ ਅਲੱਗ ਪਿੰਡਾਂ ਵਿਚ ਪ੍ਰਚਾਰ ਕਰਨ ਅਤੇ ਸਿਖਿਆ ਦੇਣ ਲਈ ਭੇਜਿਆ | ਜਦੋਂ ਉਹ ਵਾਪਸ ਆਏ ਜਿੱਥੇ ਯਸ਼ੂ ਸੀ, ਤਾਂ ਉਹਨਾਂ ਨੇ ਜੋ ਕੁਝ ਕੀਤਾ ਯਸ਼ੂ ਨੂੰ ਦੱਸਣ ਲੱਗੇ | ਤੱਦ ਯਸ਼ੂ ਨੇ ਉਹਨਾਂ ਨੂੰ ਬੁਲਾਇਆ ਕਿ ਉਹ ਕੁੱਝ ਸਮੇਂ ਲਈ ਉਸ ਨਾਲ ਝੀਲ ਤਾਂ ਪਰ ਸ਼ਾਂਤ ਜਗ੍ਹਾ ਤੇ ਅਰਾਮ ਕਰਨ ਲਈ ਚੱਲਣ | ਇਸ ਲਈ ਉਹ ਇਕ ਕਸ਼ਿਤੀ ਵਿਚ ਚੜ੍ਹੇ ਅਤੇ ਝੀਲ ਦੇ ਦੂਸਰੇ ਪਰ ਚਲੇ ਗਏ |



ਪਰ ਬਹੁਤ ਲੋਕਾਂ ਨੇ ਯਸ਼ੂ ਅਤੇ ਉਸ ਦੇ ਚੇਲਿਆਂ ਨੂੰ ਕਸ਼ਿਤੀ ਵਿਚ ਬੈਠ ਕੇ ਪਰ ਜਾਂਦਿਆਂ ਦੇਖਿਆ | ਇਹ ਲੋਕ ਝੀਲ ਦੇ ਕਨਿਾਰੇ ਕਨਿਾਰੇ ਭੱਜ ਕੇ ਝੀਲ ਦੇ ਦੂਸਰੇ ਪਾਰ ਉਹਨਾਂ ਤੋਂ ਵੀ ਪਹਲਿਾਂ ਪਹੁੰਚ ਗਏ | ਇਸ ਲਈ ਜਦੋਂ ਯਸ਼ੂ ਅਤੇ ਉਸ ਦੇ ਚੇਲੇ ਪਹੁੰਚੇ, ਲੋਕਾਂ ਦੀ ਇਕ ਵੱਡੀ ਭੀੜ ਪਹਲਿਾਂ ਹੀ ਉੱਥੇ ਉਹਨਾਂ ਦਾ ਇੰਤਜਾਰ ਕਰ ਰਹੀ ਸੀ |



ਭੀੜ ਵਿਚਿ ੫੦੦੦ ਤੋਂ ਵੀ ਜਆਿਦਾ ਮਰਦ ਸਨ, ਜਸਿ ਵਚਿ ਬੱਚੇ ਅਤੇ ਔਰਤਾਂ ਸ਼ਾਮਲ ਨਹੀ ਸਨ | ਯਸ਼ੂ ਲੋਕਾਂ ਪ੍ਰਤੀ ਤਰਸ ਨਾਲ ਭਰ ਗਆਿ | ਯਸ਼ੂ ਲਈ, ਲੋਕ ਉਹਨਾਂ ਭੇਡਾਂ ਵਰਗੇ ਸਨ ਜਹਿਨਾਂ ਦਾ ਅਯਾਲੀ ਨਹੀਂ ਹੁੰਦਾ | ਇਸ ਲਈ ਯਸ਼ੂ ਨੇ ਉਹਨਾਂ ਨੂੰ ਸੱਖਿਆਿ ਦੱਤਿੀ ਅਤੇ ਜਹਿੜੇ ਬੀਮਾਰ ਸਨ ਉਹਨਾਂ ਨੂੰ ਚੰਗਾ ਵੀ ਕੀਤਾ |



ਦਨਿ ਦੇ ਅੰਤ ਵਚਿ, ਚੇਲਆਿਂ ਨੇ ਯਸ਼ੂ ਨੂੰ ਕਹਿਾ, “ਬਹੁਤ ਦੇਰ ਹੋ ਗਈ ਹੈ ਅਤੇ ਨੇੜੇ ਕੋਈ ਨਗਰ ਵੀ ਨਹੀ ਹੈ | ਲੋਕਾਂ ਨੂੰ ਭੇਜ ਦੇਹ ਤਾਂ ਕਿ ਇਹ ਜਾਂ ਅਤੇ ਕੁੱਝ ਖਾਣ ਲਈ ਲੈਣ |”


ਪਰ ਯਸ਼ੂ ਨੇ ਚੇਲਿਆਂ ਨੂੰ ਕਹਿਾ, “ਤੁਸੀ ਇਹਨਾਂ ਨੂੰ ਕੁੱਝ ਖਾਣ ਲਈ ਦੇਵੋ !” ਉਹਨਾਂ ਨੇ ਉੱਤਰ ਦੱਿਤਾ, “ਅਸੀ ਇਹ ਕਸਿ ਤਰਾਂ ਕਰ ਸਕਦੇ ਹਾਂ ? ਸਾਡੇ ਕੋਲ ਸਰਿਫ ਪੰਜ ਰੋਟੀਆਂ ਅਤੇ ਦੋ ਛੋਟੀਆਂ ਮੱਛੀਆਂ ਹਨ |”


ਯਸ਼ੂ ਨੇ ਆਪਣਆਿਂ ਚੇਲਆਿਂ ਨੂੰ ਕਹਿਾ ਕਿ ਉਹ ਲੋਕਾਂ ਨੂੰ ਘਾਹ ਉੱਤੇ ਪੰਜਾਹ ਪੰਜਾਹ ਦੇ ਝੁੰਡਾਂ ਵਚਿ ਬੈਠਣ ਲਈ ਕਹਣਿ |”



ਤੱਦ ਯਿਸੂ ਨੇ ਪੰਜ ਰੋਟੀਆਂ ਅਤੇ ਦੋ ਮੱਛੀਆਂ ਲਈਆਂ, ਸਵਰਗ ਵੱਲ ਦੇਖਦੇ ਹੋਏ ਇਸ ਖਾਣੇ ਲਈ ਪ੍ਰਮੇਸ਼ਵਰ ਦਾ ਧੰਨਵਾਦ ਕੀਤਾ |



ਤੱਦ ਯਿਸੂ ਨੇ ਰੋਟੀਆਂ ਅਤੇ ਮੱਛੀਆਂ ਨੂੰ ਤੋੜਿਆ | ਉਸ ਨੇ ਇਹ ਟੁਕੜੇ ਚੇਲਿਆਂ ਨੂੰ ਦੱਤਿ ਕਿ ਉਹ ਲੋਕਾਂ ਨੂੰ ਦੇਣ | ਚੇਲੇ ਭੋਜਨ ਵੰਡਦੇ ਰਹੇ ਅਤੇ ਉਹ ਨਾ ਮੁਕੇ ! ਸੱਭ ਲੋਕਾਂ ਨੇ ਖਾਧਾ ਅਤੇ ਰੱਜ ਗਏ |



ਉਸ ਤੋਂ ਬਾਅਦ ਚੇਲਿਆਂ ਨੇ ਨਾ ਖਾਧੇ ਗਏ ਭੋਜਨ ਨੂੰ ਇਕੱਠਾ ਕੀਤਾ ਅਤੇ ਬਾਰਾਂ ਟੋਕਰੀਆਂ ਨੂੰ ਭਰਨ ਲਈ ਵੀ ਕਾਫੀ ਸੀ ! ਇਹ ਸਾਰਾ ਭੋਜਨ ਪੰਜ ਰੋਟੀਆਂ ਅਤੇ ਦੋ ਮੱਛੀਆਂ ਤੋਂ ਆਇਆ ਸੀ |

ਬਾਈਬਲ ਦੀ ਕਹਾਣੀ*: ਮੱਤੀ 14:13–21;ਮਰਕੁਸ 6:31–44; ਲੂਕਾ 9:10–17; ਯੂਹੰਨਾ 6:5–15*

# 31. ਯਸ਼ੂ ਪਾਣੀ ਉੱਤੇ ਤੁਰਦਾ



ਜਦੋਂ ਉਸਨੇ ਭੀੜ ਨੂੰ ਭੇਜ ਦੱਿਤਾ, ਤੱਦ ਯਸ਼ੂ ਨੇ ਆਪਣਆਿਂ ਚੇਲਆਿਂ ਨੂੰ ਬੇੜੀ ਵਚਿ ਬੈਠਣ ਅਤੇ ਝੀਲ ਦੇ ਪਾਰ ਜਾਣ ਲਈ ਕਹਿਾ| ਭੀੜ ਨੂੰ ਭੇਜਣ ਤੋਂ ਬਾਅਦ ਯਸ਼ੂ ਪਹਾੜ ਉੱਤੇ ਪ੍ਰਾਰਥਨਾ ਕਰਨ ਲਈ ਗਆਿ | ਯਸ਼ੂ ਉੱਥੇ ਇੱਕਲਾ ਹੀ ਸੀ ਅਤੇ ਦੇਰ ਰਾਤ ਤੱਕ ਪ੍ਰਾਰਥਨਾ ਕਰਦਾ ਰਹਿਾ |



ਜਦ ਚੇਲੇ ਅਜੇ ਆਪਣੀ ਕਸ਼ਿਤੀ ਹੀ ਚਲਾ ਰਹੇ ਸਨ ਅਤੇ ਦੇਰ ਰਾਤ ਤੱਕ ਉਹ ਅਜੇ ਝੀਲ ਦੇ ਵਚਿਕਾਰ ਹੀ ਪਹੁੰਚੇ ਸਨ | ਉਹ ਕਸ਼ਿਤੀ ਵਚਿ ਬਹੁਤ ਵੱਡੀ ਮੁਸ਼ਕਲ ਦਾ ਸਾਹਮਣਾ ਕਰਦੇ ਹੋਏ ਘੁੰਮ ਰਹੇ ਸਨ ਕਉਿਂਕ ਵੱਡੀ ਹਨੇਰੀ ਉਹਨਾਂ ਦੇ ਵਰਿੁੱਧ ਚੱਲ ਰਹੀ ਸੀ |



ਤੱਦ ਯਸ਼ੂ ਨੇ ਪ੍ਰਾਰਥਨਾ ਕਰਨਾ ਬੰਦ ਕੀਤਾ ਅਤੇ ਚੇਲਿਆਂ ਕੋਲ ਗਿਆ | ਉਹ ਝੀਲ ਦੇ ਦੂਸਰੇ ਪਾਸੇ ਤੋਂ ਪਾਣੀ ਉੱਤੇ ਚੱਲਦਾ ਹੋਇਆ ਉਹਨਾਂ ਦੀ ਬੇੜੀ ਵੱਲ ਆ ਰਿਹਾ ਸੀ |



ਚੇਲੇ ਬਹੁਤ ਘਬਰਾ ਗਏ ਜਦੋਂ ਉਹਨਾਂ ਨੇ ਯਸ਼ੂ ਨੂੰ ਦੇਖਿਆ, ਕਿਉਂਕਿ ਉਹਨਾਂ ਨੇ ਸੋਚਿਆ ਕਿ ਉਹ ਭੂਤ ਦੇਖ ਰਹੇ ਹਨ | ਯਸ਼ੂ ਜਾਣਦਾ ਸੀ ਕਿ ਚੇਲੇ ਡਰਦੇ ਹਨ, ਇਸ ਲਈ ਉਸਨੇ ਉਹਨਾਂ ਨੂੰ ਬੁਲਾਇਆ ਅਤੇ ਕਿਹਾ, "ਨਾ ਡਰੋ |" ਮੈਂ ਹਾਂ !"



ਤੱਦ ਪਤਰਸ ਨੇ ਯਸ਼ੂ ਨੂੰ ਕਹਿਾ, “ਸਵਾਮੀ, ਅਗਰ ਤੂੰ ਹੈਂ, ਹੁਕਮ ਦੇਹ ਕਿ ਮੈਂ ਪਾਣੀ ਉੱਤੇ ਚੱਲ ਕੇ ਤੇਰੇ ਕੋਲ ਆਵਾਂ |” ਯਸ਼ੂ ਨੇ ਪਤਰਸ ਨੂੰ ਕਹਿਾ, “ਆ ਜਾਹ !”



ਇਸ ਲਈ ਪਤਰਸ ਬੇੜੀ ਵਿੱਚੋਂ ਉੱਤਰਿਆ ਅਤੇ ਪਾਣੀ ਉੱਤੇ ਚੱਲ ਕੇ ਯਸ਼ੂ ਵੱਲ ਜਾਣ ਲੱਗਾ | ਪਰ ਥੋੜੀ ਦੂਰ ਜਾਣ ਤੋਂ ਬਾਅਦ, ਉਸ ਨੇ ਆਪਣੀਆਂ ਅੱਖਾਂ ਯਸ਼ੂ ਵਲੋਂ ਫੇਰ ਲਈਆਂ ਅਤੇ ਲਹਰਿਾਂ ਵੱਲ ਦੇਖਣ ਲੱਗਾ ਅਤੇ ਵੱਡੀ ਹਨੇਰੀ ਨੂੰ ਮਹਸਿੂਸ ਕਰਨ ਲੱਗਾ |



ਤੱਦ ਪਤਰਸ ਡਰ ਗਿਆ ਅਤੇ ਪਾਣੀ ਵਚਿ ਡੁੱਬਣ ਲੱਗਾ | ਉਸ ਨੇ ਉੱਚੀ ਦੇਣੀ ਪੁਕਾਰਿਆ, “ਸਵਾਮੀ, ਮੈਨੂੰ ਬਚਾ!” ਯਸ਼ੂ ਨੇ ਇਕ ਦਮ ਵਧ ਕੇ ਉਸ ਨੂੰ ਫੜ੍ਹ ਲਿਆ | ਤੱਦ ਉਸਨੇ ਪਤਰਸ ਨੂੰ ਕਹਿਾ, “ਹੇ ਥੋੜੀ ਪ੍ਰਤੀਤ ਵਾਲੇ, ਤੂੰ ਕਉਿ ਸ਼ੱਕ ਕੀਤੀ ?”



ਜਦੋਂ ਪਤਰਸ ਅਤੇ ਯਸ਼ੂ ਬੇੜੀ ਵਚਿ ਚੜ੍ਹ ਗਏ, ਤਾਂ ਇਕ ਦਮ ਹਵਾ ਚੱਲਣੀ ਬੰਦ ਹੋ ਗਈ ਅਤੇ ਪਾਣੀ ਸ਼ਾਂਤ ਹੋ ਗਿਆ | ਚੇਲੇ ਹੈਰਾਨ ਹੋ ਗਏ | ਉਹਨਾਂ ਨੇ ਯਸ਼ੂ ਦੀ ਅਰਾਧਨਾ ਕੀਤੀ, ਇਹ ਕਹਿੰਦੇ ਹੋਏ, “ਸੱਚਮੁਚ ਤੂੰ ਪ੍ਰਮੇਸ਼ਵਰ ਦਾ ਪੁੱਤਰ ਹੈਂ |”

ਬਾਈਬਲ ਦੀ ਕਹਾਣੀ*: ਮੱਤੀ 14:22–33; ਮਰਕੁਸ 6:45–52; ਯਹੂੰਨਾ 6:16–21*

# 32. ਯਿਸੂ ਭੂਤਾਂ ਨਾਲ ਭਰੇ ਆਦਮੀ ਅਤੇ ਬਮਿਾਰ ਔਰਤ ਨੂੰ ਚੰਗਾ ਕਰਦਾ ਹੈ



ਇਕ ਦਨਿ, ਯਸ਼ੂ ਅਤੇ ਉਸਦੇ ਚੇਲੇ ਬੇੜੀ ਦੁਆਰਾ ਝੀਲ ਦੇ ਪਾਰ ਉਸ ਇਲਾਕੇ ਵਚਿ ਗਏ ਜੱਥੇ ਗ੍ਰਸੀਨੀ ਲੋਕ ਰਹੰਿਦੇ ਸਨ |



ਜਦੋਂ ਉਹ ਝੀਲ ਦੇ ਦੂਸਰੇ ਪਾਰ ਪਹੁੰਚੇ ਤਾਂ ਇਕ ਆਦਮੀ ਦੌੜ ਕੇ ਯਸ਼ੂ ਕੋਲ ਆਇਆ ਜਸਿਨੂੰ ਭੂਤ ਚੰਬਿੜੇ ਸਨ |



ਇਹ ਵਅਿਕਤੀ ਬਹੁਤ ਹੀ ਤਕੜਾ ਸੀ ਕਿ ਕੋਈ ਵੀ ਉਸ ਨੂੰ ਕਾਬੂ ਨਹੀ ਕਰ ਸਕਦਾ ਸੀ | ਲੋਕ ਉਸਦੇ ਹੱਥਾਂ ਅਤੇ ਪੈਰਾਂ ਨੂੰ ਸੰਗਲਾਂ ਨਾਲ ਵੀ ਬੰਨ ਚੁੱਕੇ ਸਨ ਪਰ ਉਹ ਤੋੜ ਦੀਂਦਾ ਸੀ |



ਵਅਿਕਤੀ ਉਸ ਇਲਾਕੇ ਦੀਆਂ ਕਬਰਾਂ ਵਚਿ ਰਹੀਂਦਾ ਸੀ | ਇਹ ਵਅਿਕਤੀ ਰਾਤ ਦਨਿ ਚੀਕਾਂ ਮਾਰਦਾ ਰਹੀਂਦਾ ਸੀ | ਉਹ ਕਪੜੇ ਨਹੀ ਪਾਉਂਦਾ ਅਤੇ ਆਪਣੇ ਆਪ ਨੂੰ ਪਥਰਾਂ ਨਾਲ ਕੱਟਦਾ ਰਹੀਂਦਾ |



ਜਦੋਂ ਇਹ ਵਿਅਕਤੀ ਯਸ਼ੂ ਕੋਲ ਆਇਆ ਤਾਂ ਉਸ ਦੇ ਅੱਗੇ ਆਪਣੇ ਗੋਡੇ ਟੇਕੇ | ਯਸ਼ੂ ਨੇ ਦੁਸ਼ਟ ਆਤਮਾਂ ਨੂੰ ਕਹਿਾ, “ਇਸ ਵਿਅਕਤੀ ਦੇ ਅੰਦਰੋਂ ਬਾਹਰ ਆ ਜਾਓ |”



ਦੁਸ਼ਟ ਆਤਮਾਂ ਵਾਲਾ ਵਿਅਕਤੀ ਉੱਚੀ ਅਵਾਜ ਵਚਿ ਬੋਲਆਿ, “ਤੇਰਾ ਮੇਰੇ ਨਾਲ ਕੀ ਵਾਸਤਾ, ਯਸ਼ੂ, ਅੱਤ ਮਹਾਨ ਪ੍ਰਮੇਸ਼ਵਰ ਦੇ ਪੁੱਤਰ ? ਮੈਨੂੰ ਦੁੱਖ ਨਾ ਦੇਹ !” ਤੱਦ ਯਸ਼ੂ ਨੇ ਦੁਸ਼ਟ ਆਤਮਾਂ ਨੂੰ ਪੁੱਛਿਆ, “ਤੇਰਾ ਨਾਮ ਕੀ ਹੈ?” ਉਸ ਨੇ ਉੱਤਰ ਦਤਿਾ, “ਮੇਰਾ ਨਾਮ ਲਸ਼ਕਰ ਹੈ, ਕਉਿਂਕਿ ਅਸੀ ਬਹੁਤੇ ਹਾਂ “ (ਲਸ਼ਕਰ ਰੋਮੀ ਫੌਂਜ ਵਚਿ ਬਹੁਤੇ ਹਜਾਰਾਂ ਸਪਿਾਹੀਆਂ ਲਈ ਵਰਤਆਿ ਜਾਂਦਾ ਸੀ )



ਦੁਸ਼ਟ ਆਤਮਾ ਨੇ ਯਸ਼ੂ ਅੱਗੇ ਬੇਨਤੀ ਕੀਤੀ, "ਕਰਿਪਾ ਕਰਕੇ ਸਾਨੂੰ ਇਸ ਇਲਾਕੇ ਤੋਂ ਬਾਹਰ ਨਾ ਕੱਡ !" ਉੱਥੇ ਲਾਗੇ ਪਹਾੜ ਉੱਤੇ ਇਕ ਸੂਰਾਂ ਦਾ ਝੁੰਡ ਚਰਦਾ ਸੀ | ਇਸ ਲਈ ਦੁਸ਼ਟ ਆਤਮਾ ਨੇ ਬੇਨਤੀ ਕੀਤੀ, "ਕਰਿਪਾ ਕਰਕੇ ਸਾਨੂੰ ਇਹਨਾਂ ਸੂਰਾਂ ਵਚਿ ਭੇਜ ਦੇਹ !" ਯਸ਼ੂ ਨੇ ਕਹਿਾ, "ਜਾਹ"



ਦੁਸ਼ਟ ਆਤਮਾ ਮਨੁੱਖ ਦੇ ਅੰਦਰੋਂ ਬਾਹਰ ਆਏ ਅਤੇ ਸੂਰਾਂ ਵਚਿ ਵੜ ਗਏ | ਸੁਰ ਮੂੰਹ ਭਾਰਨੇ ਹੇਠਾਂ ਝੀਲ ਵੱਲ ਭੱਜੇ ਅਤੇ ਡੁੱਬ ਗਏ | ਉਸ ਝੁੰਡ ਵਚਿ ਲੱਗ ਭੱਗ 2000 ਸੁਰ ਸਨ |



ਜਦੋਂ ਸੂਰਾਂ ਨੂੰ ਚਾਰਨ ਵਾਲੇ ਆਦਮੀਆਂ ਨੇ ਦੇਖਿਆ ਕਿ ਕੀ ਹੋਇਆ ਉਹ ਦੌੜ ਕੇ ਨਗਰ ਵਿਚ ਗਏ ਹਰ ਇਕ ਜਿਸ ਨੂੰ ਉਹ ਮਿਲੇ ਜੋ ਕੁੱਝ ਯਿਸੂ ਨੇ ਕੀਤਾ ਉਸ ਬਾਰੇ ਦੱਸਿਆ | ਨਗਰ ਦੇ ਲੋਕ ਆਏ ਅਤੇ ਉਸ ਆਦਮੀ ਨੂੰ ਦੇਖਿਆ ਜਿਸ ਵਿਚ ਭੂਤ ਸਨ | ਉਹ ਚੁੱਪ ਚਾਪ ਕਪੜੇ ਪਹਿਨੀ ਅਤੇ ਇਕ ਆਮ ਆਦਮੀ ਦੀ ਤਰਾਂ ਬੈਠਾ ਸੀ |



ਲੋਕ ਬਹੁਤ ਡਰੇ ਹੋਏ ਸਨ ਅਤੇ ਉਹਨਾਂ ਨੇ ਯਿਸੂ ਨੂੰ ਦੂਰ ਜਾਂਣ ਲਈ ਕਿਹਾ | ਇਸ ਲਈ ਯਿਸੂ ਬੇੜੀ ਉੱਤੇ ਚੜ੍ਹਿਆ ਅਤੇ ਜਾਣ ਲੱਗਾ | ਉਹ ਭੂਤਾਂ ਵਾਲਾ ਵਿਅਕਤੀ ਯਿਸੂ ਅਗੇ ਬੇਨਤੀ ਕਰਨ ਲੱਗਾ ਕਿ ਉਹ ਵੀ ਯਿਸੂ ਦੇ ਨਾਲ ਜਾਣਾ ਚਾਹੁੰਦਾ ਹੈ |



ਪਰ ਯਸ਼ੂ ਨੇ ਉਸ ਨੂੰ ਕਹਿਾ, “ਨਹੀ, ਮੈਂ ਚਾਹੁੰਦਾ ਹਾਂ ਕਿ ਤੂੰ ਆਪਣੇ ਘਰ ਜਾਵੇਂ ਅਤੇ ਆਪਣੇ ਮਿੱਤਰਾਂ ਅਤੇ ਘਰਦਆਿਾਂ ਨੂੰ ਸੱਭ ਕੁੱਭ ਦੱਸੇ ਜੋ ਪ੍ਰਮੇਸ਼ਵਰ ਨੇ ਤੇਰੇ ਲਈ ਕੀਤਾ ਅਤੇ ਕਵਿੇਂ ਉਸ ਨੇ ਤੇਰੇ ਉੱਤੇ ਦਯਾ ਕੀਤੀ ਹੈ |



ਇਲ ਲਈ ਉਹ ਵਅਿਕਤੀ ਚਲਾ ਗਆਿ ਅਤੇ ਸੱਭ ਨੂੰ ਯਸ਼ੂ ਬਾਰੇ ਦੱਸਆਿ ਜੋ ਉਸ ਨੇ ਉਸ ਲਈ ਕੀਤਾ ਸੀ ਹਰ ਇਕ ਜਸਿ ਨੇ ਉਸਦੀ ਕਹਾਣੀ ਨੂੰ ਸੁਣਆਿਂ ਉਹ ਹੈਰਾਨੀ ਅਤੇ ਅਚੰਬੇ ਨਾਲ ਭਰ ਗਏ |



ਯਿਸੂ ਝੀਲ ਦੇ ਦੂਸਰੇ ਕਨਿਾਰੇ ਵੱਲ ਮੁੜਿਆ | ਉੱਥੇ ਪਹੁੰਚਣ ਤੋਂ ਬਾਅਦ, ਇਕ ਵੱਡੀ ਭੀੜ ਉਸ ਦੁਆਲੇ ਇਕੱਠੀ ਹੋ ਗਈ ਅਤੇ ਉਸ ਉੱਪਰ ਡਿੱਗ ਰਹੇ ਸਨ | ਉਸ ਭੀੜ ਵਿਚ ਇਕ ਔਰਤ ਸੀ ਜੋ ਬਾਰਾਂ ਸਾਲਾਂ ਤੋਂ ਲਹੂ ਬਹਣਿ ਦੀ ਬਮਿਾਰੀ ਤੋਂ ਪੀੜਤ ਸੀ | ਉਸ ਨੇ ਆਪਣਾ ਸਾਰਾ ਧੰਨ ਡਾਕਟਰਾਂ ਨੂੰ ਦੇ ਦਿੱਤਾ ਸੀ ਕਿ ਉਹ ਉਸ ਨੂੰ ਚੰਗਾ ਕਰਨ ਪਰ ਉਹ ਉਸ ਤੋਂ ਵੀ ਬੁਰੀ ਹੁੰਦੀ ਗਈ |



ਉਸ ਨੇ ਸੁਣਿਆ ਸੀ ਕਿ ਯਿਸੂ ਨੇ ਬਹੁਤ ਬਮਿਾਰ ਲੋਕਾਂ ਨੂੰ ਚੰਗਾ ਕੀਤਾ ਹੈ ਅਤੇ ਸੋਚਿਆ, "ਮੈਨੂੰ ਯਕੀਨ ਹੈ ਕਿ ਅਗਰ ਮੈਂ ਸਰਿਫ ਯਿਸੂ ਦੇ ਪੱਲੂ ਨੂੰ ਹੀ ਛੂਹ ਲਵਾਂ ਤਾਂ ਮੈਂ ਵੀ ਠੀਕ ਹੋ ਜਾਵਾਂਗੀ !" ਇਸ ਲਈ ਉਹ ਯਿਸੂ ਦੇ ਪਿੱਛੇ ਆਈ ਅਤੇ ਉਸ ਦੇ ਪੱਲੂ ਨੂੰ ਛੂਹ ਲਿਆ | ਜਦਿੇਂ ਹੀ ਉਸਨੇ ਉਸ ਨੂੰ ਛੂਹਿਆ ਉਸਦਾ ਲਹੂ ਬਹਣਿਾ ਬੰਦ ਹੋ ਗਿਆ |



ਇਕ ਦਮ, ਯਸ਼ੂ ਨੇ ਜਾਣ ਲਿਆ ਕਿ ਸ਼ਕਤੀ ਉਸ ਵਿੱਚੋਂ ਨਿੱਕਲੀ ਹੈ | ਇਸ ਲਈ ਉਹ ਘੁੰਮਿਆ ਅਤੇ ਪੁੱਛਿਆ, "ਮੈਨੂੰ ਕਿਸ ਨੇ ਛੂਹਿਆ ਹੈ ?" ਚੇਲਿਆਂ ਨੇ ਉੱਤਰ ਦਿੱਤਾ, "ਬਹੁਤ ਸਾਰੀ ਭੀੜ ਤੇਰੇ ਉਦਾਲੇ ਹੈ ਅਤੇ ਉਹ ਤੇਰੇ ਉੱਤੇ ਡਿੱਗਦੀ ਹੈ | ਕਿਉਂ ਤੂੰ ਪੁੱਛਦਾਂ ਹੈਂ, "ਮੈਨੂੰ ਕਿਸ ਨੇ ਛੂਹਿਆ ਹੈ ?"



ਔਰਤ ਯਸ਼ੂ ਅੱਗੇ ਆਪਣੇ ਗੁਟਨਿਆ ਤੇ ਡਿੱਗ ਪਈ, ਡਰਦੀ ਅਤੇ ਕੰਮਬਦੀ ਹੋਈ | ਤੱਦ ਉਸਨੇ ਉਸ ਨੂੰ ਦੱਸਿਆ ਜੋ ਉਸ ਨੇ ਕੀਤਾ ਸੀ ਅਤੇ ਉਹ ਚੰਗੀ ਹੋ ਚੁੱਕੀ ਸੀ | ਯਸ਼ੂ ਨੇ ਉਸ ਨੂੰ ਕਿਹਾ, "ਤੇਰੇ ਵਿਸ਼ਵਾਸ ਨੇ ਤੈਨੂੰ ਚੰਗਾਂ ਕੀਤਾ | ਸ਼ਾਂਤੀ ਨਾਲ ਜਾਹ"

ਬਾਈਬਲ ਦੀ ਕਹਾਣੀ: ਮੱਤੀ *8:28–34; 9:20–22;* ਮਰਕੁਸ *5:1–20; 5:24b–34;* ਲੂਕਾ *8:26–39; 8:42b–48*

# 33. ਇਕ ਕਸਿਾਨ ਦੀ ਕਹਾਣੀ



ਇਕ ਦਨਿ, ਯਸਿ਼ੂ ਝੀਲ ਦੇ ਕਨਿਾਰੇ ਲੋਕਾਂ ਦੀ ਇਕ ਵੱਡੀ ਭੀੜ ਨੂੰ ਸੱਖਿਾ ਰਹਿਾ ਸੀ | ਬਹੁਤ ਲੋਕ ਉਸ ਨੂੰ ਸੁਣਨ ਲਈ ਆਏ ਕਿ ਯਸਿ਼ੂ ਪਾਣੀ ਦੇ ਕਨਿਾਰੇ ਉੱਤੇ ਇਕ ਬੇੜੀ ਵਚਿ ਚੜ੍ਹ ਗਆਿ ਕਿ ਉਹਨਾਂ ਨਾਲ ਗੱਲ ਕਰਨ ਲਈ ਕਾਫੀ ਜਗ੍ਹਾ ਹੋ ਸਕੇ | ਉਹ ਬੇੜੀ ਵਚਿ ਬੈਠ ਗਆਿ ਅਤੇ ਸੱਖਿਾਉਣ ਲੱਗਾ |



ਯਸਿ਼ੂ ਨੇ ਇਹ ਕਹਾਣੀ ਦੱਸੀ "ਇਕ ਕਸਿਾਨ ਕੁੱਝ ਬੀਜ ਬੀਜਣ ਲਈ ਗਆਿ | ਜਵੋਂ ਹੀ ਉਹ ਹੱਥ ਨਾਲ ਬੀਜ ਰਹਿਾ ਸੀ ਕੁੱਝ ਬੀਜ ਰਾਹ ਵਚਿ ਡੱਗਿੇ ਅਤੇ ਪੰਛੀ ਆਏ ਉਹਨਾਂ ਬੀਜਾਂ ਨੂੰ ਚੁੱਗ ਗਏ |"



“ਦੂਸਰੇ ਬੀਜ ਪਥਰੀਲੀ ਜਮੀਨ ਉੱਤੇ ਡਿੱਗੇ, ਜਿੱਥੇ ਜਿਆਦਾ ਮਿੱਟੀ ਨਹੀ ਸੀ | ਪਥਰੀਲੀ ਜਮੀਨ ਉੱਤੇ ਬੀਜ ਬਹੁਤ ਜਲਦੀ ਨਾਲ ਉੱਗੇ, ਪਰ ਉਹਨਾਂ ਦੀਆਂ ਜੜ੍ਹਾਂ ਹੇਠਾਂ ਮਿੱਟੀ ਵਿਚ ਡੂੰਗੀਆਂ ਨਾ ਜਾ ਸਕੀਆਂ | ਜਦੋਂ ਸੂਰਜ ਚੜ੍ਹਿਆ ਅਤੇ ਗਰਮੀ ਹੋਈ ਪੌਦੇ ਸੁੱਕ ਗਏ ਅਤੇ ਮਰ ਗਏ |”



“ਫਿਰ ਦੂਸਰੇ ਬੀਜ ਝਾੜੀਆਂ ਵਿਚ ਡਿੱਗੇ |” ਉਹ ਬੀਜ ਵੱਧਣ ਲੱਗੇ ਪਰ ਝਾੜੀਆਂ ਨੇ ਉਹਨਾਂ ਨੂੰ ਦੱਬ ਲਿਆ | ਇਸ ਲਈ ਜਹਿੜੇ ਪੌਦੇ ਝਾੜੀਆਂ ਵਾਲੀ ਜਮੀਨ ਵਚਿਲੇ ਬੀਜਾਂ ਤੋਂ ਵਧੇ ਉਹਨਾਂ ਨੇ ਕੋਈ ਦਾਣਾ ਪੈਦਾ ਨਾ ਕੀਤਾ |”



“ਬਾਕੀ ਬੀਜ ਚੰਗੀ ਜਮੀਨ ਤੇ ਡਗਿੰੇ | ਇਹ ਬੀਜ ਵਧੇ ਅਤੇ ਕੁੱਝ 30, 60, ਗੁਣਾ, ਇਥੋਂ ਤੱਕ 100 ਗੁਣਾ ਵਧੇਰੇ ਦਾਣੇ ਪੈਦਾ ਕੀਤੇ | ਜਸਿ ਦੇ ਕੰਨ ਹੋਣ ਉਹ ਸੁਣੇ!”



ਇਸ ਕਹਾਣੀ ਨੇ ਚੇਲਿਆਂ ਨੂੰ ਦੁਬਧਿਾ ਵਚਿ ਪਾ ਦਤਿੱਾ | ਇਸ ਲਈ ਯਸਿੂ ਨੇ ਬਆਿਨ ਕੀਤਾ, “ਬੀਜ ਪ੍ਰਮੇਸ਼ਵਰ ਦਾ ਵਚਨ ਹੈ |” ਰਾਹ ਇਕ ਉਹ ਵਅਿਕਤੀ ਹੈ ਜੋ ਪ੍ਰਮੇਸ਼ਵਰ ਦੇ ਵਚਨ ਨੂੰ ਸੁਣਦਾ ਹੈ ਪਰ ਉਸ ਨੂੰ ਸਮਝਦਾ ਨਹੀਂ ਅਤੇ ਸ਼ੈਤਾਨ ਉਸ ਕੋਲੋਂ ਵਚਨ ਨੂੰ ਦੂਰ ਲੈ ਜਾਂਦਾ ਹੈ |”



"ਪਥਰੀਲੀ ਜਮੀਨ ਉਹ ਵਿਅਕਤੀ ਹੈ ਜੋ ਪ੍ਰਮੇਸ਼ਵਰ ਦੇ ਵਚਨ ਨੂੰ ਸੁਣਦਾ ਹੈ ਅਤੇ ਅਨੰਦ ਨਾਲ ਗ੍ਰਹਣਿ ਕਰਦਾ ਹੈ | ਪਰ ਜਦੋਂ ਮੁਸ਼ਕਲ ਜਾਂ ਸਤਾਵਟ ਆਂਉਦੀ ਹੈ ਉਹ ਦੂਰ ਹੋ ਜਾਂਦਾ ਹੈ |"



"ਕੰਡਿਆਲੀ ਜਮੀਨ ਉਹ ਵਿਅਕਤੀ ਹੈ ਜੋ ਪ੍ਰਮੇਸ਼ਵਰ ਦਾ ਵਚਨ ਸੁਣਦਾ ਹੈ ਪਰ ਸਮਾਂ ਪੈਣ ਤੇ ਜਿੰਦਗੀ ਦੀ ਦੇਖਭਾਲ, ਧੰਨ ਦੌਲਤ, ਖੁਸ਼ੀਆਂ ਪ੍ਰਮੇਸ਼ਵਰ ਲਈ ਪਿਆਰ ਨੂੰ ਦਬਾ ਦਿੰਦੇ ਹਨ | ਨਤੀਜੇ ਵਜੋਂ, ਸਿਖਿਆ ਜੋ ਉਸਨੇ ਲਈ ਉਸ ਲਈ ਕੋਈ ਫਲ ਪੈਦਾ ਨਹੀ ਕਰਦੀ |"



“ਪਰ ਚੰਗੀ ਜਮੀਨ ਉਹ ਵਿਅਕਤੀ ਹੈ ਜੋ ਪ੍ਰਮੇਸ਼ਵਰ ਦੇ ਵਚਨ ਨੂੰ ਸੁਣਦਾ ਹੈ, ਵਿਸ਼ਵਾਸ ਕਰਦਾ ਹੈ ਅਤੇ ਫਲ ਪੈਦਾ ਕਰਦਾ ਹੈ |”

ਬਾਈਬਲ ਦੀ ਕਹਾਣੀ*: ਮੱਤੀ 13:1−8,18−23; ਮਰਕੁਸ; Mark  4:1−8,13−20;; ਲੂਕਾ 8:4−15*

# 34. ਯਸ਼ੂ ਇਕ ਹੋਰ ਕਹਾਣੀ ਸਖਿਾਉਂਦਾ ਹੈ



ਯਸਿੂ ਨੇ ਪ੍ਰਮੇਸ਼ਵਰ ਦੇ ਰਾਜ ਬਾਰੇ ਹੋਰ ਵੀ ਕਿ ਕਿਹਾਣੀਆਂ ਦੱਸੀਆਂ | ਉਦਾਹਰਨ ਦੇ ਤੌਰ ਤੇ, “ਪ੍ਰਮੇਸ਼ਵਰ ਦਾ ਰਾਜ ਇਕ ਰਾਈ ਦੇ ਦਾਣੇ ਜਹਿਾ ਹੈ ਜਸਿ ਨੂੰ ਕਸਿ ਨੇ ਆਪਣੇ ਖੇਤ ਵਚਿ ਬੀਜਆਿ | ਤੁਸੀ ਜਾਣਦੇ ਹੋ ਕਿ ਰਾਈ ਦਾ ਦਾਣਾ ਸੱਭ ਦਾਣਆਿਂ ਨਾਲੋਂ ਛੋਟਾ ਹੁੰਦਾ ਹੈ |



“ਪਰ ਜਦੋਂ ਰਾਈ ਦਾ ਦਾਣਾ ਉਗਦਾ ਹੈ ਇਹ ਬਗੀਚੇ ਦੇ ਸਾਰੇ ਪੌਦਆਿਂ ਨਾਲੋਂ ਵੱਡਾ ਪੌਦਾ ਬਣ ਜਾਂਦਾ ਹੈ, ਇੰਨਾ ਵੱਡਾ ਕਿ ਇਸ ਦੀਆਂ ਟਾਹਣੀਆ ਵਚਿ ਪੰਛੀ ਆਪਣੇ ਆਹਲਣੇ ਬਣਾਉਦੇ ਹਨ |”



ਯਿਸੂ ਨੇ ਇਕ ਹੋਰ ਕਹਾਣੀ ਦੱਸੀ, “ਪ੍ਰਮੇਸ਼ਵਰ ਦਾ ਰਾਜ ਖਮੀਰ ਦੀ ਤਰਾਂ ਹੈ ਜਸਿ ਨੂੰ ਇਕ ਔਰਤ ਆਟੇ ਦੇ ਤੌਂਣ ਵਚਿ ਮਲਿਾਉਂਦੀ ਹੈ ਜੋ ਸਾਰੀ ਤੌਂਣ ਨੂੰ ਖਮੀਰਾ ਕਰ ਦੰਿਦਾ ਹੈ |”



“ਪ੍ਰਮੇਸ਼ਵਰ ਦਾ ਰਾਜ ਇਕ ਖਜਾਨੇ ਦੀ ਤਰਾਂ ਵੀ ਹੈ ਜਸਿ ਨੂੰ ਕਸਿੇ ਨੇ ਆਪਣੇ ਖੇਤ ਵਚਿ ਦੱਬਆਿ | ਕਸਿੇ ਦੂਸਰੇ ਵਅਿਕਤੀ ਨੇ ਉਸ ਖਜਾਨੇ ਨੂੰ ਲੱਭ ਲਆਿ ਅਤੇ ਦੁਬਾਰਾ ਫੇਰ ਦੱਬ ਦੰਿਤਾ | ਉਹ ਬਹੁਤ ਹੀ ਖੁਸ਼ੀ ਨਾਲ ਭਰ ਗਆਿ ਕ ਿਉਹ ਗਆਿ ਅਤੇ ਉਸ ਨੇ ਆਪਣਾ ਸੱਭ ਕੁੱਝ ਵੇਚ ਦੰਿਤਾ ਕ ਿਉਸ ਪੈਸੇ ਨਾਲ ਉਸ ਖੇਤ ਨੂੰ ਖਰੀਦ ਲਵੇ |”



“ਪ੍ਰਮੇਸ਼ਵਰ ਦਾ ਰਾਜ ਉਸ ਸ਼ੁੱਧ ਮੋਤੀ ਵਰਗਾ ਹੈ ਜੋ ਬਹੁਤ ਕੀਮਤੀ ਹੈ | ਜਦੋਂ ਮੋਤੀ ਦੇ ਵਪਾਰੀ ਨੂੰ ਇਸ ਬਾਰੇ ਪਤਾ ਲੱਗਾ, ਉਸਨੇ ਆਪਣਾ ਸੱਭ ਕੁੱਝ ਵੇਚ ਦਿੱਤਾ ਕਿ ਉਸ ਪੈਸੇ ਨਾਲ ਇਸ ਮੋਤੀ ਨੂੰ ਖਰੀਦ ਲਵੇ |”



ਤੱਦ ਯਿਸੂ ਨੇ ਉਹਨਾਂ ਕੁੱਝ ਲੋਕਾਂ ਨੂੰ ਇਕ ਕਹਾਣੀ ਦੱਸੀ ਜੋ ਆਪਣੇ ਕੰਮਾ ਵਿਚ ਵਿਸ਼ਵਾਸ ਕਰਦੇ ਸਨ ਅਤੇ ਦੂਸਰਿਆਂ ਨੂੰ ਨਕਾਰਦੇ ਸਨ | ਉਸ ਨੇ ਕਿਹਾ, “ਦੋ ਆਦਮੀ ਮੰਦਰ ਵਿਚ ਪ੍ਰਾਰਥਨਾ ਕਰਨ ਲਈ ਗਏ | ਉਹਨਾਂ ਵਿੱਚੋਂ ਇਕ ਮਸੂਲੀਆ ਅਤੇ ਦੂਸਰਾ ਧਰਮ ਦਾ ਆਗੂ ਸੀ |”



“ਧਰਮ ਦੇ ਆਗੂ ਨੇ ਪ੍ਰਾਰਥਨਾ ਇਸ ਪ੍ਰਕਾਰ ਕੀਤੀ, “ਪ੍ਰਮੇਸ਼ਵਰ ਤੇਰਾ ਧੰਨਵਾਦ, ਕਿ ਮੈਂ ਪਾਪੀ ਨਹੀ ਹਾਂ ਉਹਨਾਂ ਦੂਸਰੇ ਮਨੁੱਖਾਂ ਵਾਂਗੂ – ਜਵਿੇਂ ਕਿ ਧੋਖਾ ਦੇਣ ਵਾਲੇ, ਅਧਰਮੀ, ਜਨਾਹਕਾਰ, ਇਥੋਂ ਤੱਕ ਕੇ ਮਸੂਲ ਲੈਣ ਵਾਲੇ ਵਰਗਾ ਨਹੀ ਹਾਂ |”



“ਉਦਾਹਰਨ ਦੇ ਤੌਰ ਤੇ, ਮੈਂ ਹਰ ਹਫਤੇ ਦੋ ਵਾਰ ਵਰਤ ਰੱਖਦਾ ਹਾਂ, ਅਤੇ ਆਪਣੇ ਸਾਰੇ ਪੈਸੇ ਅਤੇ ਮਾਲ ਦਾ ਦਸਵਾਂ ਹਿੱਸਾ ਵੀ ਦਿੰਦਾ ਹਾਂ |”



"ਪਰ ਮਸੂਲ ਲੈਣ ਵਾਲਾ ਉਸ ਧਰਮ ਦੇ ਆਗੂ ਤੋਂ ਦੂਰ ਖੜ੍ਹਾ ਸੀ ਅਤੇ ਉਸਨੇ ਸਵਰਗ ਵੱਲ ਵੀ ਨਾ ਦੇਖਿਆ | ਇਸ ਦੀ ਬਜਾਇ, ਉਸਨੇ ਆਪਣੀਆਂ ਮੁੱਕੀਆਂ ਨਾਲ ਆਪਣੀ ਛਾਤੀ ਪਿੱਟੀ ਅਤੇ ਪ੍ਰਾਰਥਨਾ ਕੀਤੀ, "ਪ੍ਰਮੇਸ਼ਵਰ, ਕਰਿਪਾ ਕਰਕੇ, ਮੇਰੇ ਉੱਤੇ ਦਯਾ ਕਰ ਅਤੇ ਮੈਨੂ ਮਾਫ਼ ਕਰ ਕਿਉਂਕਿ ਮੈਂ ਪਾਪੀ ਹਾਂ |"



ਤੱਦ ਯਸ਼ੂ ਨੇ ਕਹਿਾ, "ਮੈਂ ਤੁਹਾਨੂੰ ਸੱਚ ਆਖਦਾ ਹਾਂ, ਪ੍ਰਮੇਸ਼ਵਰ ਨੇ ਮਸੂਲੀਏ ਦੀ ਪ੍ਰਾਰਥਨਾਂ ਸੁਣੀ ਅਤੇ ਉਸ ਨੂੰ ਧਰਮੀ ਘੋਸ਼ਤ ਕੀਤਾ | ਪਰ ਉਸ ਨੇ ਧਰਮ ਦੇ ਆਗੂ ਦੀ ਪ੍ਰਾਰਥਨਾ ਨੂੰ ਪਸੰਦ ਨਾ ਕੀਤਾ | ਪ੍ਰਮੇਸ਼ਵਰ ਹਰ ਘੁਮੰਡੀ ਨੂੰ ਨੀਵਿਆਂ ਕਰੇਗਾ ਅਤੇ ਜੋ ਆਪਣੇ ਆਪ ਨੂੰ ਨੀਵਾਂ ਕਰਦਾ ਹੈ ਉਸ ਨੂੰ ਉੱਚਾ ਕਰੇਗਾ |"

*ਬਾਈਬਲ ਦੀ ਕਹਾਣੀ: ਮੱਤੀ 13:31−33,44−46; ਮਰਕੁਸ 4:30−32; ਲੂਕਾ 13:18−21; 18:9−14*

# 35. ਦਯਾਵਾਨ ਪਤਿਆ ਦੀ ਕਹਾਣੀ



ਇਕ ਦਨਿ ਯਸ਼ੂ ਬਹੁਤ ਸਾਰੇ ਮਸੂਲੀਆਂ ਅਤੇ ਦੂਸਰੇ ਪਾਪੀਆਂ ਨੂੰ ਸੀਖਾ ਰਹਿਾ ਸੀ ਜੋ ਉਸ ਕੋਲੋਂ ਸੁਣਨ ਨੂੰ ਆਏ ਹੋਏ ਸਨ |



ਕੁੱਝ ਧਰਮ ਦੇ ਆਗੂ ਵੀ ਜੋ ਉੱਥੇ ਸਨ ਉਹਨਾਂ ਨੇ ਯਸ਼ੂ ਨੂੰ ਪਾਪੀਆਂ ਨਾਲ ਮੀਤਿਰਾਂ ਦੀ ਤਰਾਂ ਮਲਿਦੇ ਦੇਖਆਿ ਅਤੇ ਇਕ ਦੂਸਰੇ ਨਾਲ ਉਸ ਦੀ ਨੀਂਦਾ ਕਰਨ ਲੱਗੇ | ਇਸ ਲਈ ਯਸ਼ੂ ਨੇ ਉਹਨਾਂ ਨੂੰ ਇਕ ਕਹਾਣੀ ਦੱਸੀ |



“ਇਕ ਵਾਰੀ ਇਕ ਮਨੁੱਖ ਦੀ ਜਸਿਦੇ ਦੋ ਪੁੱਤਰ ਸਨ | ਛੋਟੇ ਲੜਕੇ ਨੇ ਆਪਣੇਂ ਪਤਿਾ ਨੂੰ ਕਹਿਾ, “ਪਤਿਾ, ਮੈਂ ਹੁਣੇ ਹੀ ਆਪਣਾ ਹੱਿਸਾ ਚਾਹੁੰਦਾ ਹਾਂ !” ਇਸ ਲਈ ਪਤਿਾ ਨੇ ਆਪਣੀ ਜਾਇਦਾਦ ਦੋਨਾਂ ਪੁੱਤਰਾਂ ਵਚਿਕਾਰ ਵੰਡ ਦੱਿਤੀ |”



“ਛੇਤੀ ਹੀ ਛੋਟੇ ਪੁੱਤਰ ਨੇ ਆਪਣਾ ਸੱਭ ਕੁੱਝ ਇਕੱਠਾ ਕੀਤਾ ਅਤੇ ਦੂਰ ਚਲਾ ਗਆਿ ਅਤੇ ਪਾਪ ਦੇ ਜੀਵਨ ਵਚਿ ਆਪਣਾ ਸਾਰਾ ਪੈਸਾ ਖਤਮ ਕਰ ਦੱਿਤਾ |”



“ਉਸ ਤੋਂ ਬਾਅਦ, ਜੱਥੇ ਛੋਟਾ ਲੜਕਾ ਰਹਿੰਦਾ ਸੀ ਉੱਥੇ ਬਹੁਤ ਅਕਾਲ ਪੈ ਗਿਆ, ਅਤੇ ਉਸ ਕੋਲ ਭੋਜਨ ਖਰੀਦਣ ਲਈ ਪੈਸਾ ਨਹੀਂ ਸੀ | ਸਰਿਫ ਸੂਰਾਂ ਨੂੰ ਚਰਾਉਣ ਵਾਲੀ ਨੌਕਰੀ ਹੀ ਉਸ ਨੂੰ ਮਲਿੀ ਅਤੇ ਉਹ ਕਰਨ ਲੱਗਾ | ਉਸ ਦੀ ਹਾਲਤ ਬਹੁਤ ਖਰਾਬ ਹੋਈ ਅਤੇ ਉਹ ਬਹੁਤ ਭੁੱਖਾ ਹੋਇਆ ਕਿ ਉਹ ਸੂਰਾਂ ਦਾ ਚਾਰਾ ਖਾਂਣ ਲਈ ਮਜਬੂਰ ਹੋਇਆ |”



“ਆਖਰਕਾਰ, ਛੋਟੇ ਲੜਕੇ ਨੇ ਆਪਣੇ ਆਪ ਨੂੰ ਕਹਿਾ, “ਮੈਂ ਕੀ ਕਰ ਰਹਿਾਂ ਹਾਂ ? ਮੇਰੇ ਪਤਿਾ ਦੇ ਸਾਰੇ ਨੌਕਰਾਂ ਕੋਲ ਖਾਂਣ ਲਈ ਵਾਫਰ ਹੈ, ਅਤੇ ਮੈਂ ਏਥੇ ਭੁੱਖਾ ਮਰ ਰਹਿਾਂ ਹਾਂ | ਮੈਂ ਆਪਣੇ ਪਤਿਾ ਕੋਲ ਵਾਪਸ ਜਾਵਾਂਗਾ ਅਤੇ ਉਸਦਾ ਇਕ ਨੌਕਰ ਬਣਨ ਲਈ ਬੇਨਤੀ ਕਰਾਂਗਾ |”



“ਇਸ ਲਈ ਛੋਟਾ ਲੜਕਾ ਆਪਣੇ ਪਤਿਾ ਦੇ ਘਰ ਵੱਲ ਵਾਪਸ ਚੱਲ ਪਿਆ | ਜਦੋਂ ਉਹ ਅਜੇ ਦੂਰ ਹੀ ਸੀ ਉਸ ਦੇ ਪਤਿਾ ਨੇ ਉਸ ਨੂੰ ਦੇਖ ਲਿਆ ਅਤੇ ਦਯਾ ਨਾਲ ਭਰ ਗਿਆ | ਉਹ ਦੌੜ ਕੇ ਆਪਣੇ ਪੁੱਤਰ ਕੋਲ ਗਿਆ, ਉਸ ਨੂੰ ਜੱਫੀ ਪਾਈ ਅਤੇ ਉਸ ਨੂੰ ਚੁੰਮਿਆ |”



“ਪੁੱਤਰ ਨੇ ਉਸ ਨੂੰ ਕਹਿਾ, ਪਤਿਾ, ਮੈਂ ਤੇਰੇ ਅਤੇ ਪ੍ਰਮੇਸ਼ਵਰ ਦੇ ਵਰਿੁਧ ਪਾਪ ਕੀਤਾ ਹੈ | ਮੈਂ ਤੇਰਾ ਪੁੱਤਰ ਕਹਾਉਣ ਦੇ ਯੋਗ ਨਹੀ ਹਾਂ |”



“ਪਰ ਉਸ ਦੇ ਪਿਤਾ ਨੇ ਆਪਣੇ ਇਕ ਨੌਕਰ ਨੂੰ ਕਹਿਾ, ‘ਛੇਤੀ ਨਾਲ ਜਾਹ ਅਤੇ ਸੱਭ ਤੋਂ ਵੱਧੀਆ ਕਪੜੇ ਲਿਆ ਅਤੇ ਮੇਰੇ ਪੁੱਤਰ ਨੂੰ ਪਹਨਿਾ ਦੇ ! ਉਸ ਦੀ ਉਂਗਲੀ ਵਿਚ ਮੁੰਦਰੀ ਅਤੇ ਪੈਰਾਂ ਵਿਚ ਜੁੱਤੀ ਪਾ | ਤੱਦ ਵੱਧੀਆ ਵੱਛਾ ਕੱਟ ਤਾਂ ਕਿ ਅਸੀ ਜਸ਼ਨ ਮਨਾਈਏ ਕਿਉਂਕਿ ਮੇਰਾ ਪੁੱਤਰ ਜੋ ਮਰ ਗਿਆ ਸੀ ਹੁਣ ਜਿਉਂਦਾ ਹੈ | ਉਹ ਗੁਆਚ ਗਿਆ ਸੀ ਪਰ ਹੁਣ ਲੱਭ ਗਿਆ ਹੈ |”



“ਇਸ ਲਈ ਲੋਕ ਜਸ਼ਨ ਮਨਾਉਣ ਲੱਗੇ | ਜਲਦੀ ਹੀ ਵੱਡਾ ਪੁੱਤਰ ਵੀ ਖੇਤਾਂ ਵਿੱਚੋਂ ਕੰਮ ਕਰਕੇ ਘਰ ਵਾਪਸ ਆਇਆ | ਉਸ ਨੇ ਸੰਗੀਤ ਅਤੇ ਨੱਚਣਾ ਸੁਣਿਆ ਅਤੇ ਹੈਰਾਨ ਹੋਇਆ ਕਿ ਇਹ ਕਿ ਹੋ ਰਹਿਾ ਹੈ !”



"ਜਦੋਂ ਵੱਡੇ ਪੁੱਤਰ ਨੂੰ ਪਤਾ ਲੱਗਾ ਕਿ ਇਹ ਉਸਦੇ ਛੋਟੇ ਭਰਾ ਦੇ ਘਰ ਵਾਪਸ ਆਉਣ ਲਈ ਜਸ਼ਨ ਮਨਾ ਰਹੇ ਹਨ ਉਹ ਬਹੁਤ ਗੁੱਸੇ ਹੋਇਆ ਅਤੇ ਘਰ ਦੇ ਅੰਦਰ ਨਹੀ ਜਾਣਾ ਚਹੁੰਦਾ ਸੀ | ਉਸ ਦਾ ਪਤਿਾ ਬਾਹਰ ਆਇਆ ਅਤੇ ਉਸ ਅੱਗੇ ਬੇਨਤੀ ਕਰਨ ਲੱਗਾ ਕਿ ਉਹ ਅੰਦਰ ਆਵੇ ਅਤੇ ਉਹਨਾਂ ਨਾਲ ਜਸ਼ਨ ਮਨਾਵੇ ਪਰ ਉਸ ਨੇ ਇਨਕਾਰ ਕਰ ਦਿੱਤਾ |"



"ਵੱਡੇ ਪੁੱਤਰ ਨੇ ਆਪਣੇ ਪਤਿਾ ਨੂੰ ਕਹਿਾ, 'ਇਹਨਾ ਸਾਰੇ ਸਾਲਾਂ ਵਚਿ ਮੈਂ ਤੁਹਾਡੇ ਲਈ ਵਫਾਦਾਰੀ ਨਾਲ ਕੰਮ ਕੀਤਾ ! ਮੈਂ ਕਦੀ ਵੀ ਕਹਣਿਾ ਨਹੀ ਮੋੜਆਿ, ਪਰ ਤਾਂ ਵੀ ਤੁਸੀ ਕਦੀ ਮੈਨੂੰ ਇਕ ਛੋਟੀ ਬੱਕਰੀ ਨਹੀ ਦਿੱਤੀ ਕਿ ਮੈਂ ਆਪਣੇ ਮਿੱਤਰਾਂ ਨਾਲ ਜਸ਼ਨ ਮਨਵਾ | ਪਰ ਜੱਦ ਇਹ ਤੁਹਾਡਾ ਪੁੱਤਰ ਜੋ ਸਾਰਾ ਪੈਸਾ ਆਪਣੇ ਪਾਪ ਦੇ ਜੀਵਨ ਵਚਿ ਖਤਮ ਕਰਕੇ ਘਰ ਆਇਆ ਤਾਂ ਤੁਸੀਂ ਉਸ ਲਈ ਸੱਭ ਤੋਂ ਵੱਧੀਆ ਵੱਛਾ ਵੱਡਆਿ !"



ਪਿਤਾ ਨੇ ਉੱਤਰ ਦਿੱਤਾ, "ਮੇਰੇ ਬੇਟੇ, ਤੂੰ ਹਮੇਸ਼ਾਂ ਮੇਰੇ ਨਾਲ ਰਿਹਾ ਹੈਂ ਅਤੇ ਜੋ ਕੁੱਝ ਮੇਰਾ ਹੈ ਉਹ ਤੇਰਾ ਹੈ | ਪਰ ਸਾਡੇ ਲਈ ਇਹ ਠੀਕ ਹੈ ਕਿ ਅਸੀ ਜਸ਼ਨ ਮਨਾਈਏ ਕਿਉਂਕਿ ਤੇਰਾ ਭਰਾ ਮਰ ਗਿਆ ਸੀ ਪਰ ਹੁਣ ਉਹ ਜਿਉਂਦਾ ਹੈ | ਉਹ ਗੁਆਚ ਗਿਆ ਸੀ ਪਰ ਹੁਣ ਲੱਭ ਗਿਆ ਹੈ !"

ਬਾਈਬਲ ਦੀ ਕਹਾਣੀ*: ਲੂਕਾ 10:25–37*

36. **ਰੂਪਾਂਤਰਣ**



ਇਕ ਦਨਿ ਯਸ਼ੂ ਨੇ ਆਪਣੇ ਚੇਲੇ ਪਤਰਸ , ਯਕੂਬ ਅਤੇ ਯਹੁੰਨਾ ਨੂੰ ਨਾਲ ਲਿਆ | (ਚੇਲਾ ਯਹੁੰਨਾ ਉਹ ਬੰਦਾ ਨਹੀ ਸੀ ਜਸਿ ਨੇ ਯਸ਼ੂ ਨੂੰ ਬਪਤਸਿਮਾ ਦਿੱਤਾ ਸੀ ) ਉਹ ਇਕ ਉੱਚੇ ਪਹਾੜ ਉੱਤੇ ਪ੍ਰਾਰਥਨਾ ਕਰਨ ਲਈ ਗਏ |



ਜਦੋਂ ਯਸ਼ੂ ਪ੍ਰਾਰਥਨ ਕਰ ਰਹਿਾ ਸੀ ਉਸ ਦਾ ਚੇਹਰਾ ਸੂਰਜ ਵਾਂਗੂ ਚਮਕਣ ਲੱਗ ਪਿਆ ਅਤੇ ਉਸਦੇ ਬਸਤਰ ਰੋਸ਼ਨੀ ਵਾਂਗੂ ਸਫੇਦ ਹੋ ਗਏ, ਅਤੇ ਉਹ ਇੰਨੇ ਚਿੱਟੇ ਸਨ ਕਿ ਦੁਨੀਆਂ ਦਾ ਕੋਈ ਵੀ ਧੋਬੀ ਅਜਹਿੇ ਚਿੱਟੇ ਕਰਨ ਯੋਗ ਨਹੀ ਹੈ |



ਮੂਸਾ ਅਤੇ ਏਲੀਯਾਹ ਨਬੀ ਪ੍ਰਗਟ ਹੋਏ | ਇਹ ਮਨੁੱਖ ਧਰਤੀ ਉੱਤੇ ਕਈ ਸੈਕੜੇ ਸਾਲ ਪਹਿਲਾਂ ਰਹਿੰਦੇ ਸਨ | ਉਹਨਾਂ ਨੇ ਯਸ਼ੂ ਨਾਲ ਉਸਦੀ ਮੌਤ ਬਾਰੇ ਗੱਲਾਂ ਕੀਤੀਆਂ ਜੋ ਜਲਦੀ ਯਰੁਸ਼ਲਮ ਵਚਿ ਹੋਣ ਜਾ ਰਹੀ ਸੀ |



ਜਵਿੇਂ ਹੀ ਮੂਸਾ ਅਤੇ ਏਲੀਯਾਹ ਯਸ਼ੂ ਨਾਲ ਗੱਲਾਂ ਕਰਦੇ ਸਨ ਪਤਰਸ ਨੇ ਯਸ਼ੂ ਨੂੰ ਕਹਿਾ, “ਸਾਡੇ ਲਈ ਇਹ ਭਲਾ ਹੈ ਕਿ ਅਸੀ ਇਥੇ ਰਹੀਏ | ਆਓ ਅਸੀ ਤਨਿ ਬੇਦੀਆਂ ਬਣਾਈਏ, ਇਕ ਮੂਸਾ ਲਈ, ਅਤੇ ਇਕ ਏਲੀਯਾਹ ਲਈ |” ਪਤਰਸ ਨਹੀ ਜਾਣਦਾ ਸੀ ਕਿ ਉਹ ਕੀ ਕਹਿੰਦਾ ਸੀ |



ਜਦੋ ਪਤਰਸ ਅਜੇ ਗੱਲਾਂ ਹੀ ਕਰਦਾ ਸੀ, ਇਕ ਚਮਕੀਲਾ ਬੱਦਲ ਹੇਠਾਂ ਆਇਆ ਅਤੇ ਉਹਨਾਂ ਨੂੰ ਘੇਰ ਲਿਆ ਅਤੇ ਉਸ ਬੱਦਲ ਵਚਿੱ ਇਕ ਅਵਾਜ ਇਹ ਕਹੰਿਦੇ ਆਈ, "ਇਹ ਮੇਰਾ ਪੁੱਤਰ ਹੈ ਜਸਿ ਨੂੰ ਮੈਂ ਪਆਿਰ ਕਰਦਾ ਹਾਂ| ਉਸ ਤੋਂ ਪ੍ਰਸੰਨ ਹਾਂ | ਇਸ ਦੇ ਸੁਣੋ |" ਤੰਿਨੇ ਚੇਲੇ ਡਰ ਗਏ ਅਤੇ ਧਰਤੀ ਉੱਤੇ ਡੰਿਗ ਗਏ |



ਤੱਦ ਯਸ਼ੂ ਨੇ ਉਹਨਾਂ ਨੂੰ ਛੂਹਆਿ ਅਤੇ ਕਹਿਾ, "ਨਾ ਡਰੋ | ਉੱਠੋ |" ਜਦੋਂ ਉਹਨਾਂ ਨੇ ਚਾਰੋਂ ਔਰ ਦੇਖਆਿ ਉੱਥੇ ਸਫਿਰ ਯਸ਼ੂ ਹੀ ਖੜ੍ਹਾ ਸੀ |



ਯਸ਼ੂ ਅਤੇ ਤੀਂਨ ਚੇਲੇ ਪਹਾੜ ਤੋਂ ਹੇਠਾਂ ਆਏ | ਤੱਦ ਯਸ਼ੂ ਨੇ ਉਹਨਾਂ ਨੂੰ ਕਹਿਾ, "ਜੋ ਕੁੱਝ ਇਥੇ ਹੋਇਆ ਹੈ ਉਸ ਬਾਰੇ ਕਸਿੇ ਨੂੰ ਕੁੱਝ ਨਹੀ ਦੱਸਣਾ | ਮੈ ਜਲਦੀ ਮਰ ਜਾਵਾਂਗਾ ਅਤੇ ਫਰਿ ਜਉਿਂਦਾ ਹੋ ਜਾਵਾਂਗਾ | ਇਸ ਤੋਂ ਬਾਅਦ ਤੁਸੀਂ ਲੋਕਾਂ ਨੂੰ ਦੱਸ ਸਕਦੇ ਹੋ |"

ਬਾਈਬਲ ਦੀ ਕਹਾਣੀ*: ਮੱਤੀ 17:1–9; ਮਰਕੁਸ 9:28–36*

37. **ਯਿਸੂ ਲਾਜ਼ਰ ਨੂੰ ਜੀਉਂਦਾ ਕਰਦਾ**



ਇਕ ਦਨਿ ਯਸ਼ੂ ਨੂੰ ਇਕ ਸੰਦੇਸ਼ ਮਲਿਆਿ ਕਂਿ ਲਾਜਰ ਬਹੁਤ ਬਮਿਾਰ ਹੈ | ਲਾਜਰ ਅਤੇ ਉਸਦੀਆਂ ਦੋ ਭੈਣਾਂ, ਮਰੀਯਮ ਅਤੇ ਮਾਰਥਾਂ ਯਸ਼ੂ ਦੇ ਨਜਦੀਕੀ ਮੱਤਿਰ ਸਨ | ਜਦੋਂ ਯਸ਼ੂ ਨੇ ਇਹ ਸੰਦੇਸ਼ ਸੁਣਆਿ, ਉਸ ਨੇ ਕਹਿਾ, "ਇਹ ਬਮਿਾਰੀ ਮੌਤ ਦਾ ਕਾਰਨ ਨਹੀਂ ਪਰ ਪ੍ਰਮੇਸ਼ਵਰ ਦੀ ਮਹਮਿਾ ਦਾ ਕਰਨ ਹੋਵੇਗੀ |" ਯਸ਼ੂ ਆਪਣੇ ਮੱਤਿਰਾਂ ਨੂੰ ਪਆਿਰ ਕਰਦਾ ਸੀ ਪਰ ਜੱਥੇ ਉਹ ਰੁੱਕਆਿ ਹੋਇਆ ਸੀ ਉੱਥੇ ਦੋ ਦਨਿ ਹੋਰ ਰੁੱਕ ਗਆਿ |



ਦੋ ਦਨਿ ਬਾਅਦ ਯਸ਼ੂ ਨੇ ਆਪਣੇ ਚੇਲਆਿਂ ਨੂੰ ਕਹਿਾ, "ਆਓ ਯਹੁਦਆਿ ਨੂੰ ਵਾਪਸ ਚੱਲੀਏ|" "ਪਰ ਗੁਰੂ ਜੀ", ਚੇਲਆਿਂ ਨੇ ਉੱਤਰ ਦੱਤਿਾ, "ਥੋੜਾ ਸਮਾਂ ਪਹਲਿਾਂ ਉੱਥੇ ਦੇ ਲੋਕ ਤੁਹਾਨੂੰ ਮਾਰਨਾ ਚਹੁੰਦੇ ਸਨ !" ਯਸ਼ੂ ਨੇ ਉੱਤਰ ਦੱਤਿਾ, "ਸਾਡਾ ਮੱਤਿਰ ਲਾਜਰ ਸੌਂ ਗਆਿ ਹੈ, ਅਤੇ ਮੇਰੇ ਲਈ ਜਰੂਰੀ ਹੈ ਕਂਿ ਮੈਂ ਉਸ ਨੂੰ ਜਗਾਵਾਂ |"



ਯਸ਼ੂ ਦੇ ਚੇਲਿਆਂ ਨੇ ਉੱਤਰ ਦਿੱਤਾ, “ਸਵਾਮੀ, ਅਗਰ ਲਾਜਰ ਸੌਂ ਰਹਿਾ ਹੈ, ਤਾਂ ਉਹ ਠੀਕ ਹੋ ਜਾਵੇਗਾ |” ਤੱਦ ਯਸ਼ੂ ਨੇ ਉਹਨਾਂ ਨੂੰ ਸਾਫ਼ ਸਾਫ਼ ਦੱਸਿਆ, “ਲਾਜਰ ਮਰ ਗਿਆ ਹੈ |” ਮੈਂ ਖੁਸ਼ ਹਾਂ ਕਿ ਮੈਂ ਉੱਥੇ ਨਹੀ ਸੀ ਤਾਂ ਕਿ ਤੁਸੀ ਮੇਰੇ ਉੱਤੇ ਨਹਿਚਾ ਕਰੋਂ |”



ਜਦੋਂ ਯਸ਼ੂ ਲਾਜਰ ਦੇ ਪਿੰਡ ਆਇਆ, ਲਾਜਰ ਨੂੰ ਮਰਿਆਂ ਚਾਰ ਦਿਨ ਹੋ ਚੁੱਕੇ ਸਨ | ਮਾਰਥਾ ਯਸ਼ੂ ਦੇ ਮਿਲਣ ਲਈ ਬਾਹਰ ਗਈ ਅਤੇ ਕਹਿਾ, “ਸਵਾਮੀ, ਜੇ ਤੂੰ ਇੱਥੇ ਹੁੰਦਾ ਤਾਂ ਮੇਰਾ ਭਰਾ ਨਾ ਮਰਦਾ |” ਪਰ ਮੈਂ ਵਿਸ਼ਵਾਸ ਕਰਦੀ ਹਾਂ ਕਿ ਪ੍ਰਮੇਸ਼ਵਰ ਤੈਨੂੰ ਸੱਭ ਕੁੱਝ ਦੇ ਸਕਦਾ ਹੈ ਜੋ ਕੁੱਝ ਵੀ ਤੂੰ ਉਸ ਕੋਲੋਂ ਮੰਗੇ |”



ਯਸ਼ੂ ਨੇ ਉੱਤਰ ਦੱਿਤਾ, "ਮੈਂ ਹੀ ਜੀਂਦਗੀ ਅਤੇ ਕਯਿਾਮਤ ਹਾਂ | ਜੋ ਕੋਈ ਵੀ ਮੇਰੇ ਉੱਤੇ ਵਸ਼ਿਵਾਸ ਕਰੇ ਜਓਿੰਦਾ ਰਹੇਗਾ ਚਾਹੇ ਮਰ ਵੀ ਜਾਵੇ | ਜੋ ਕੋਈ ਵੀ ਮੇਰੇ ਉੱਤੇ ਵਸ਼ਿਵਾਸ ਕਰਦਾ ਹੈ ਕਦੀ ਨਹੀ ਮਰੇਗਾ | ਕੀ ਤੂੰ ਇਹ ਵਸ਼ਿਵਾਸ ਕਰਦੀ ਹੈਂ ? ਮਾਰਥਾ ਨੇ ਉੱਤਰ ਦੱਿਤਾ, "ਹਾਂ ਸਵਾਮੀ !" ਮੈਂ ਵਸ਼ਿਵਾਸ ਕਰਦੀ ਹਾਂ ਕ ਿਤੂੰ ਮਸੀਹਾ, ਪ੍ਰਮੇਸ਼ਵਰ ਦਾ ਪੱਤਰ ਹੈਂ |"



ਤੱਦ ਮਰੀਯਮ ਆਈ | ਉਹ ਯਸ਼ੂ ਦੇ ਚਰਨਾ ਤੇ ਡੱਿਗ ਗਈ ਅਤੇ ਕਹਿਾ, "ਸਵਾਮੀ, ਅਗਰ ਤੂੰ ਇੱਥੇ ਹੁੰਦਾ ਤਾਂ ਮੇਰਾ ਭਰਾ ਨਾ ਮਰਦਾ |" ਯਸ਼ੂ ਨੇ ਉਹਨਾਂ ਨੂੰ ਪੁੱਛਆਿ, "ਤੁਸੀ ਲਾਜਰ ਨੂੰ ਕੱਿਥੇ ਰੱਖਆਿ ਹੈ ?" ਉਹਨਾਂ ਨੇ ਉਸ ਨੂੰ ਦੱਸਆਿ, "ਕਬਰ ਵਚਿ ਹੈ | ਆ ਅਤੇ ਦੇਖ |" ਤੱਦ ਯਸ਼ੂ ਰੋਇਆ |



ਕਬਰ ਇਕ ਗੁਫ਼ਾ ਸੀ ਜਸਿ ਦੇ ਮੂੰਹ ਅੱਗੇ ਇਕ ਪੱਥਰ ਰੇੜ੍ਹ ਕੇ ਕੀਤਾ ਹੋਇਆ ਸੀ | ਜਦੋਂ ਯਸ਼ੂ ਕਬਰ ਤੇ ਆਇਆ, ਉਸ ਨੇ ਉਹਨਾਂ ਨੂੰ ਕਹਿਾ, "ਪੱਥਰ ਨੂੰ ਰੇੜ੍ਹ ਕੇ ਪਰ੍ਹਾਂ ਕਰੋ |" ਪਰ ਮਾਰਥਾ ਨੇ ਕਹਿਾ, "ਉਹ ਤਾਂ ਚਾਰ ਦਨਿਾਂ ਤੋਂ ਮਰਿਆ ਹੈ | ਉਸ ਵਚਿੋਂ ਤਾਂ ਬਦਬੂ ਆਉਂਦੀ ਹੋਵੇਗੀ |"



ਯਸ਼ੂ ਨੇ ਉੱਤਰ ਦੱਤਿਾ, "ਕੀ ਮੈਂ ਤੁਹਾਨੂੰ ਨਹੀ ਦੱਸਿਆ ਸੀ ਕਿ ਜੇ ਤੁਸੀ ਮੇਰੇ ਉੱਤੇ ਵਸ਼ਿਵਾਸ ਕਰੋਗੇ ਤਾਂ ਤੁਸੀ ਪ੍ਰਮੇਸ਼ਵਰ ਦੀ ਮਹਮਿਾ ਦੇਖੋਗੇ ?" ਇਸ ਲਈ ਉਹਨਾਂ ਨੇ ਪੱਥਰ ਨੂੰ ਹਟਾ ਦੱਤਿਾ |



ਤੱਦ ਯਸ਼ੂ ਨੇ ਸਵਰਗ ਵੱਲ ਦੇਖਿਆ ਅਤੇ ਕਹਿਾ, “ਪਤਿਾ, ਮੈਨੂੰ ਸੁਣਨ ਲਈ ਤੇਰਾ ਧੰਨਵਾਦ | ਮੈਂ ਜਾਂਣਦਾ ਹਾਂ ਕ ਿਤੂੰ ਹਮੇਸ਼ਾਂ ਮੇਰੀ ਸੁਣਦਾ ਹੈਂ, ਪਰ ਮੈਂ ਇਹਨਾਂ ਸਾਰੇ ਲੋਕਾਂ ਖਾਤਰ ਕਹਿ ਰਹਿਾਂ ਹਾਂ ਜੋ ਇੱਥੇ ਖੜ੍ਹੇ ਹਨ, ਤਾਂ ਕ ਿਇਹ ਵਸ਼ਿਵਾਸ ਕਰਨ ਕ ਿਤੂੰ ਮੈਨੂੰ ਭੇਜਆਿ ਹੈ |” ਤੱਦ ਯਸ਼ੂ ਉੱਚੀ ਬੋਲਆਿ, “ਲਾਜਰ ਬਾਹਰ ਆ !”



ਤੱਦ ਲਾਜਰ ਬਾਹਰ ਆ ਗਆਿ !” ਉਹ ਅਜੇ ਵੀ ਕਫਨ ਵਚਿ ਲਪੇਟਆਿ ਸੀ | ਯਸ਼ੂ ਨੇ ਉਹਨਾਂ ਨੂੰ ਕਹਿਾ, “ਉਸ ਦੀ ਮਦਦ ਕਰੋ ਉਸ ਦੇ ਕਫਨ ਨੂੰ ਖੋਹਲ ਕੇ ਉਸ ਨੂੰ ਅਜਾਦ ਕਰੋ !” ਇਸ ਚਮਤਕਾਰ ਕਰਕੇ ਬਹੁਤੇ ਯਹੂਦੀਆਂ ਨੇ ਯਸ਼ੂ ਤੇ ਵਸ਼ਿਵਾਸ ਕੀਤਾ |



ਪਰ ਯਹੂਦੀਆਂ ਦੇ ਧਾਰਮਿਕ ਆਗੂ ਇਸ ਤੋਂ ਈਰਖਾ ਕਰਦੇ ਸਨ, ਇਸ ਲਈ ਉਹ ਯਸ਼ੂ ਅਤੇ ਲਾਜਰ ਨੂੰ ਮਾਰਨ ਦੀ ਯੋਜਨਾ ਬਣਾਉਣ ਲਈ ਇਕੱਠੇ ਹੋਏ |

ਬਾਈਬਲ ਦੀ ਕਹਾਣੀ*: ਯਹੁੰਨਾ 11:1–46*

38. **ਜਸ੍ਰਿੂ ਨਾਲ ਧੋਖਾ ਹੁੰਦਾ **



ਹਰ ਸਾਲ ਯਹੂਦੀ ਪਸਹ ਮਨਾਉਦੇ ਸਨ | ਇਹ ਜਸ਼ਨ ਇਸ ਲਈ ਮਨਾਇਆ ਜਾਂਦਾ ਸੀ ਕਿ ਕਿਸ ਤਰਾਂ ਪ੍ਰਮੇਸ਼ਵਰ ਨੇ ਉਹਨਾਂ ਦੇ ਪੁਰਖਿਆਂ ਨੂੰ ਕਈ ਸਦੀਆਂ ਪਹਿਲਾਂ ਮਿਸਰ ਦੀ ਗੁਲਾਮੀ ਵਿੱਚੋਂ ਬਚਾਇਆ ਸੀ | ਯਿਸੂ ਦੁਆਰਾ ਪ੍ਰਚਾਰ ਅਤੇ ਲੋਕਾਂ ਨੂੰ ਸ਼ਰੇਆਮ ਸਿੱਖਿਆ ਦੇਣ ਦੇ ਸ਼ੁਰੂ ਕਰਨ ਤੋਂ ਲੱਗ ਭੱਗ ਤਿੰਨ ਸਾਲ ਬਾਅਦ ਯਿਸੂ ਨੇ ਆਪਣੇਂ ਚੇਲਿਆਂ ਨੂੰ ਕਿਹਾ ਕਿ ਉਹ ਉਹਨਾਂ ਨਾਲ ਯਰੁਸ਼ਲਮ ਵਿਚ ਪਸਹ ਮਨਾਉਣਾ ਚਹੁੰਦਾ ਹੈ ਅਤੇ ਉਹ ਉੱਥੇ ਮਾਰਿਆ ਜਾਵੇਗਾ |



ਯਿਸੂ ਦੇ ਚੇਲਿਆਂ ਵਿੱਚੋਂ ਇਕ ਜਿਸ ਦਾ ਨਾਮ ਯਹੂਦਾ ਸੀ | ਯਹੂਦਾ ਚੇਲਿਆਂ ਦੇ ਪੈਸੇ ਵਾਲੀ ਥੈਲੀ ਦਾ ਰੱਖਵਾਲਾ ਸੀ , ਪਰ ਉਹ ਪੈਸੇ ਨੂੰ ਪਿਆਰ ਕਰਦਾ ਅਤੇ ਆਮ ਤੌਰ ਤੇ ਥੈਲੀ ਵਿੱਚੋਂ ਪੈਸੇ ਚੁਰਾ ਲੈਂਦਾ ਸੀ | ਯਿਸੂ ਅਤੇ ਉਸਦੇ ਚੇਲਿਆਂ ਦੇ ਯਰੁਸ਼ਲਮ ਪਹੁੰਚਣ ਤੋਂ ਬਾਅਦ ਯਹੂਦਾ ਯਹੂਦੀ ਆਗੂਆਂ ਕੋਲ ਗਿਆ ਅਤੇ ਉਹਨਾਂ ਅੱਗੇ ਪੈਸੇ ਦੇ ਬਦਲੇ ਯਿਸੂ ਨਾਲ ਧੋਖਾ ਕਰਨ ਲਈ ਪਰਸਤਾਵ ਰੱਖਿਆ | ਉਹ ਜਾਂਣਦਾ ਸੀ ਕਿ ਯਹੂਦੀ ਆਗੂ ਯਿਸੂ ਨੂੰ ਮਸੀਹਾ ਮੰਨਣ ਤੋਂ ਇਨਕਾਰ ਕਰਦੇ ਹਨ ਅਤੇ ਉਹ ਯਿਸੂ ਨੂੰ ਮਾਰਨ ਲਈ ਯੋਜਨਾ ਬਣਾਉਦੇ ਹਨ |



ਮਹਾਂ ਜਾਜਕ ਦੀ ਅਗੁਵਾਈ ਵਚਿ ਯਹੂਦੀ ਆਗੂਆਂ ਨੇ ਯਸ਼ੂ ਨੂੰ ਧੋਖਾ ਦੇਣ ਲਈ ਯਹੂਦਾ ਨੂੰ ਤੀਹ ਚਾਂਦੀ ਦੇ ਸੱਕਿੇ ਦੱਤਿੇ | ਇਹ ਉਸੇ ਤਰਾਂ ਹੋਇਆ ਜਵਿੇਂ ਨਬੀ ਨੇ ਭਵੱਖਿ ਬਾਣੀ ਕੀਤੀ ਸੀ | ਯਹੂਦਾ ਸਹਮਿਤ ਹੋ ਗਆਿ, ਪੈਸਾ ਲਆਿ ਅਤੇ ਚਲਾ ਗਆਿ | ਉਹ ਮੌਕਾ ਲੱਭਣ ਲੱਗਾ ਕ ਿਯਸ਼ੂ ਨੂੰ ਫੜਵਾਉਣ ਵਚਿ ਮਦਦ ਕਰੇ |



ਯਸ਼ੂ ਨੇ ਆਪਣੇ ਚੇਲਆਿਂ ਨਾਲ ਯਰੁਸ਼ਲਮ ਵਚਿ ਪਸਹ ਮਨਾਇਆ | ਪਸਹ ਦੇ ਭੋਜਨ ਸਮੇਂ, ਯਸ਼ੂ ਨੇ ਰੋਟੀ ਲਈ ਅਤੇ ਇਸ ਨੂੰ ਤੋੜਆਿ | ਉਸ ਨੇ ਕਹਿਾ, "ਇਸ ਨੂੰ ਲਵੋ ਅਤੇ ਖਾਓ | ਇਹ ਮੇਰੀ ਦੇਹ ਹੈ, ਜੋ ਤੁਹਾਡੀ ਲਈ ਦੱਿਤੀ ਗਈ | ਮੇਰੀ ਯਾਦ ਵਚਿ ਇਹ ਕਰਆਿ ਕਰੋ |" ਯਸ਼ੂ ਨੇ ਕਹਿਾ, ਇਸ ਤਰਾਂ ਮੇਰਾ ਸਰੀਰ ਤੁਹਾਡੇ ਲਈ ਬਲੀਦਾਨ ਹੋਵੇਗਾ |



ਤੱਦ ਯਸ਼ੂ ਨੇ ਕੱਪ ਲਿਆ ਅਤੇ ਕਿਹਾ, “ਇਸ ਨੂੰ ਪੀਓ | ਨਵੇਂ ਨੇਮ ਲਈ ਇਹ ਮੇਰਾ ਖੂਨ ਹੈ ਜੋ ਤੁਹਾਡੇ ਪਾਪਾਂ ਦੀ ਮਾਫ਼ੀ ਲਈ ਬਹਾਇਆ ਜਾਂਦਾ ਹੈ | ਜਦੋਂ ਵੀ ਤੁਸੀ ਇਸ ਨੂੰ ਪੀਵੋ ਤਾਂ ਮੈਨੂੰ ਯਾਦ ਕਰਓਿ |”



ਤੱਦ ਯਸ਼ੂ ਨੇ ਚੇਲਿਆਂ ਨੂੰ ਕਿਹਾ, “ਤੁਹਾਡੇ ਵਿੱਚੋਂ ਇਕ ਮੈਨੂੰ ਧੋਖਾ ਦੇਵੇਗਾ |” ਚੇਲੇ ਘਬਰਾ ਗਏ ਅਤੇ ਪੁੱਛਿਆ ਕੌਣ ਐਸਾ ਕੰਮ ਕਰੇਗਾ | ਯਸ਼ੂ ਨੇ ਕਿਹਾ, “ਜਸਿ ਵਅਿਕਤੀ ਨੂੰ ਮੈਂ ਇਹ ਰੋਟੀ ਦਾ ਟੁਕੜਾ ਦੇਵਾਂਗਾ ਉਹ ਹੀ ਧੋਖੇਬਾਜ ਹੈ |” ਤੱਦ ਉਸ ਨੇ ਯਹੂਦਾ ਨੂੰ ਰੋਟੀ ਦੱਿਤੀ |



ਯਹੂਦਾ ਦੇ ਰੋਟੀ ਲੈਣ ਤੋਂ ਬਾਅਦ ਸ਼ੈਤਾਨ ਉਸ ਦੇ ਅੰਦਰ ਸਮਾ ਗਇਆ | ਯਹੂਦਾ ਉੱਠਿਆ ਅਤੇ ਯਸ਼ੂ ਨੂੰ ਫੜ੍ਵਾਉਣ ਲਈ ਯਹੂਦੀ ਆਗੂਆਂ ਦੀ ਮਦਦ ਲਈ ਗਇਆ | ਇਹ ਰਾਤ ਦਾ ਸਮਾਂ ਸੀ |



ਭੋਜਨ ਖਾਂਣ ਤੋਂ ਬਾਅਦ, ਯਸ਼ੂ ਅਤੇ ਉਸ ਦੇ ਚੇਲੇ ਜੈਤੂਨ ਪਹਾੜ ਲਈ ਤੁਰ ਗਏ | ਯਸ਼ੂ ਨੇ ਕਹਿਾ, "ਅੱਜ ਰਾਤ ਤੁਸੀ ਸੱਭ ਮੈਨੂੰ ਛੱਡ ਦੇਵੋਗੇ | ਇਹ ਲੱਖਿਆ ਹੋਇਆ ਹੈ, "ਮੈਂ ਚਰਵਾਹੇ ਨੂੰ ਮਰਾਂਗਾ ਅਤੇ ਭੇਡਾਂ ਤੱਤਿਰ ਬੱਤਿਰ ਹੋ ਜਾਣਗੀਆਂ |"



ਪਤਰਸ ਨੇ ਉੱਤਰ ਦਿੱਤਾ, “ਚਾਹੇ ਦੂਸਰੇ ਸੱਭ ਤੈਨੂੰ ਛੱਡ ਜਾਂਣ ਪਰ ਮੈਂ ਨਹੀ!” ਤੱਦ ਯਸ਼ੂ ਨੇ ਪਤਰਸ ਨੂੰ ਕਹਿਾ, “ਸ਼ੈਤਾਨ ਤੁਹਾਡੇ ਸਾਰਿਆਂ ਦੇ ਪਿੱਛੇ ਪਿਆ ਹੈ ਪਰ ਮੈਂ ਤੇਰੇ ਲਈ ਪ੍ਰਾਰਥਨ ਕੀਤੀ, ਪਤਰਸ, ਕਿ ਤੇਰਾ ਵਸ਼ਿਵਾਸ ਨਾ ਡਿੱਗੇ | ਤੱਦ ਵੀ, ਅੱਜ ਰਾਤ ਕੁੱਕੜ ਦੇ ਬਾਂਗ ਤੋਂ ਪਹਲਿਾਂ, ਤੂੰ ਮੇਰਾ ਤਿੰਨ ਵਾਰ ਇੰਨਕਾਰ ਕਰੇਂਗਾ ਕਿ ਤੂੰ ਮੈਨੂੰ ਨਹੀ ਜਾਣਦਾ |”



ਤੱਦ ਪਤਰਸ ਨੇ ਯਸ਼ੂ ਨੂੰ ਕਹਿਾ, “ਚਾਹੇ ਮੈਂ ਮਰ ਵੀ ਜਾਂਵਾ ਮੈਂ ਤੇਰਾ ਇਨਕਾਰ ਨਹੀ ਕਰਾਂਗਾ !” ਦੂਸਰੇ ਚੇਲਆਿਂ ਨੇ ਵੀ ਉਹੀ ਕਹਿਾ |



ਤੱਦ ਯਿਸੂ ਆਪਣੇ ਚੇਲਿਆਂ ਨਾਲ ਉਸ ਜਗ੍ਹਾ ਤੇ ਗਿਆ ਜਸਿ ਨੂੰ ਗਤਸਮਨੀ ਕਹਿਾ ਜਾਂਦਾ ਹੈ | ਯਿਸੂ ਨੇ ਆਪਣੇ ਚੇਲਿਆਂ ਨੂੰ ਪ੍ਰਾਰਥਨਾ ਕਰਨ ਲਈ ਕਹਿਾ ਕਿ ਉਹ ਪ੍ਰ੍ਤਾਵੇ ਵਚਿ ਨਾਂ ਪੈਣ | ਤੱਦ ਯਿਸੂ ਖੁਦ ਪ੍ਰਾਰਥਨਾ ਕਰਨ ਲਈ ਚੱਲਿਆ ਗਿਆ|



ਯਿਸੂ ਨੇ ਤਿੰਨ ਵਾਰ ਪ੍ਰਾਰਥਨ ਕੀਤੀ, “ਮੇਰੇ ਪਤਿਾ, ਅਗਰ ਸੰਭਵ ਹੈ, ਤਾਂ ਮੈਨੂੰ ਇਸ ਦੁੱਖਾਂ ਦੇ ਪਆਿਲੇ ਵਚਿੋਂ ਨਾ ਪੀਣ ਦੇਹ | ਪਰ ਅਗਰ ਲੋਕਾਂ ਦੇ ਪਾਪਾਂ ਦੀ ਮਾਫ਼ੀ ਲਈ ਕੋਈ ਹੋਰ ਦੂਸਰਾ ਰਾਸਤਾ ਨਹੀਂ ਹੈ ਤਾਂ ਹੋਣ ਦੇਹ ਤੇਰੀ ਇੱਛਾ ਪੂਰੀ ਹੋ ਜਾਏ |” ਯਿਸੂ ਬਹੁਤ ਹੀ ਬੇਚੈਨ ਸੀ ਅਤੇ ਉਸ ਦਾ ਪਸੀਨਾ ਲਹੂ ਦੀਆਂ ਬੂੰਦਾ ਵਾਂਗੂ ਡੀਂਗ ਰਹਿਾ ਸੀ | ਪ੍ਰਮੇਸ਼ਵਰ ਨੇ ਉਸ ਨੂੰ ਤਕੜਾ ਕਰਨ ਲਈ ਇਕ ਦੂਤ ਭੇਜਿਆ |



ਹਰ ਵਾਰ ਪ੍ਰਾਰਥਨਾ ਕਰਨ ਤੋਂ ਬਾਅਦ ਯਸ਼ੂ ਆਪਣੇ ਚੇਲਿਆਂ ਕੋਲ ਆਇਆ ਪਰ ਉਹ ਸੌਂ ਰਹੇ ਸਨ | ਜਦੋਂ ਉਹ ਤੀਸਰੀ ਵਾਰ ਆਇਆ, ਯਸ਼ੂ ਨੇ ਕਹਿ, "ਜਾਗੋ ! ਮੈਨੂੰ ਧੋਖਾ ਦੇਣ ਵਾਲਾ ਇੱਥੇ ਹੈ |"



ਯਹੂਦਾ ਯਹੂਦੀ ਆਗੂਆਂ, ਸਪਿਾਹੀਆਂ ਅਤੇ ਇਕ ਵੱਡੀ ਭੀੜ ਨਾਲ ਆਇਆ | ਉਹ ਤਲਵਾਰਾਂ ਅਤੇ ਬਰਛਿਆਂ ਨਾਲ ਆਏ | ਯਹੂਦਾ ਯਸ਼ੂ ਕੋਲ ਆਇਆ ਅਤੇ ਕਹਿਾ, "ਸਲਾਮ ਗੁਰੂ ਜੀ", ਅਤੇ ਉਸ ਨੂੰ ਚੁੰਮਆਿ | ਇਹ ਯਹੂਦੀ ਆਗੂਆਂ ਲਈ ਨਸ਼ਿਾਨ ਸੀ ਕਿ ਉਹ ਜਾਨਣ ਕਿ ਕਸਿ ਨੂੰ ਫੜ੍ਹਨਾ ਹੈ | ਤੱਦ ਯਸ਼ੂ ਨੇ ਕਹਿ, "ਯਹੂਦਾ, ਕੀ ਤੂੰ ਮੈਨੂੰ ਚੁੰਮੇ ਨਾਲ ਫੜ੍ਹਾਉਨਾ ਹੈਂ ?"



ਜਵੇਂ ਹੀ ਸਪਿਾਹੀਆਂ ਨੇ ਯਸ਼ੂ ਨੂੰ ਫੜ੍ਹਿਆ ਪਤਰਸ ਨੇ ਆਪਣੀ ਤਲਵਾਰ ਖਿੱਚੀ ਅਤੇ ਮਹਾਂ ਜਾਜਕ ਦੇ ਸਪਿਾਹੀ ਦਾ ਕੰਨ ਕੱਟ ਦੱਤਿਾ | ਯਸ਼ੂ ਨੇ ਕਹਿਾ, "ਆਪਣੀ ਤਲਵਾਰ ਪੱਿਛੇ ਕਰ ! ਮੈਂ ਆਪਣੀ ਰਖਵਾਲੀ ਲਈ ਪਤਿਾ ਕੋਲੋਂ ਦੂਤਾਂ ਦੀ ਇਕ ਵੱਡੀ ਫੌਜ ਮੰਗ ਸਕਦਾ ਸੀ | ਪਰ ਮੇਰੇ ਲਈ ਜਰੂਰੀ ਹੈ ਕਿ ਮੈਂ ਆਪਣੇ ਪਤਿਾ ਦੀ ਮਰਜ਼ੀ ਨੂੰ ਪੂਰਾ ਕਰਾਂ |" ਤੱਦ ਯਸ਼ੂ ਨੇ ਉਸ ਮਨੁੱਖ ਦਾ ਕੰਨ ਚੰਗਾ ਕੀਤਾ | ਯਸ਼ੂ ਦੇ ਫੜ੍ਹੇ ਜਾਣ ਤੋਂ ਬਾਅਦ, ਸਾਰੇ ਚੇਲੇ ਭੱਜ ਗਏ |

ਬਾਈਬਲ ਦੀ ਕਹਾਣੀ*: ਮੱਤੀ 26: 14–56; ਮਰਕੁਸ 14:10–50; ਲੂਕਾ 22:1–53; ਯਹੂੰਨਾ 12:6; 18:1–11*

# 39. **ਜਸ਼੍ਰਿ ਤੇ ਮੁਕੱਦਮਾਂ ਚੱਲਦਾ **



ਹੁਣ, ਅੱਧੀ ਰਾਤ ਦਾ ਸਮਾਂ ਸੀ | ਸਪਿਾਹੀ ਯਸ਼ੂ ਨੂੰ ਮਹਾਂ ਜਾਜਕ ਦੇ ਘਰ ਲੈ ਗਏ ਕ ਿਮਹਾਂ ਜਾਜਕ ਉਸ ਨੂੰ ਸਵਾਲ ਪੁੱਛੇ | ਪਤਰਸ ਥੋੜੀ ਵਥਿ ਤੇ ਉਹਨਾਂ ਦੇ ਪਿੱਛੇ ਪਿੱਛੇ ਗਆਿ | ਜਦੋਂ ਯਸ਼ੂ ਨੂੰ ਘਰ ਦੇ ਅੰਦਰ ਲੈ ਗਏ, ਪਤਰਸ ਘਰ ਦੇ ਬਾਹਰ ਰਹਿਾ ਅਤੇ ਅੱਗ ਸੇਕਣ ਲੱਗਾ |



ਘਰ ਦੇ ਅੰਦਰ ਯਹੂਦੀ ਆਗੂਆਂ ਨੇ ਯਸ਼ੂ ਤੇ ਮੁੱਕਦਮਾ ਚਲਾਇਆ | ਉਹਨਾਂ ਨੇ ਬਹੁਤ ਸਾਰੇ ਝੂਠੇ ਗਵਾਹ ਲਆਿਂਦੇ ਜਹਿਨਾਂ ਨੇ ਉਸ ਬਾਰੇ ਝੂਠ ਬੋਲਆਿ | ਫਰਿ ਵੀ, ਉਹਨਾਂ ਦੇ ਬਆਿਨ ਇਕ ਦੂਸਰੇ ਨਾਲ ਨਹੀ ਮਲਿੇ ਇਸ ਲਈ ਯਹੂਦੀ ਆਗੂ ਯਸ਼ੂ ਨੂੰ ਕਸਿੇ ਵੀ ਤਰਾਂ ਨਾਲ ਦੋਸ਼ੀ ਨਾਂ ਠਹਰਿਾ ਸਕੇ | ਯਸ਼ੂ ਨੇ ਕੁੱਝ ਵੀ ਨਹੀ ਕਹਿਾ |



ਆਖਰਕਾਰ, ਮਹਾਂ ਜਾਜਕ ਨੇ ਸੱਿਧਾ ਯਸ਼ੂ ਵੱਲ ਦੇਖਿਆ ਅਤੇ ਕਹਿਾ, “ਸਾਨੂੰ ਦੱਸ, ਕੀ ਤੂੰ ਹੀ ਮਸੀਹ, ਜਉਿਂਦੇ ਪ੍ਰਮੇਸ਼ਵਰ ਦਾ ਪੁੱਤਰ ਹੈਂ?



ਯਸ਼ੂ ਨੇ ਕਹਿਾ, “ਹਾਂ ਮੈਂ ਹਾਂ, ਅਤੇ ਤੁਸੀ ਮੈਨੂੰ ਪ੍ਰਮੇਸ਼ਵਰ ਦੇ ਨਾਲ ਬੈਠੇ ਅਤੇ ਸਵਰਗ ਤੋਂ ਆਉਦਾ ਦੇਖੋਂਗੇ |” ਮਹਾਂ ਜਾਜਕ ਨੇ ਗੁੱਸੇ ਵਚਿ ਆਪਣੇ ਕਪੜੇ ਪਾੜੇ ਅਤੇ ਦੂਸਰੇ ਆਗੂਆਂ ਉੱਪਰ ਉੱਚੀ ਅਵਾਜ ਨਾਲ ਚਲਿਾਇਆ, “ਸਾਨੂੰ ਹੁਣ ਕਸਿੇ ਹੋਰ ਗਵਾਹੀ ਦੀ ਜਰੂਰਤ ਨਹੀ ਹੈ!” ਤੁਸੀ ਉਸਨੂੰ ਕਹਦਿੇਂ ਹੋਏ ਸੁਣ ਲਆਿ ਹੈ ਕ ਿਉਹ ਪ੍ਰਮੇਸ਼ਵਰ ਦਾ ਪੁੱਤਰ ਹੈ | ਤੁਹਾਡਾ ਨਆਿਂ ਕੀ ਹੈ ?”



ਸਾਰੇ ਯਹੂਦੀ ਆਗੂਆਂ ਨੇ ਮਹਾਂ ਜਾਜਕ ਨੂੰ ਕਹਿਾ, “ਇਹ ਮੌਤ ਦਾ ਹੱਕਦਾਰ ਹੈ!” ਤੱਦ ਉਹਨਾਂ ਨੇ ਯਸ਼ੂ ਦੀਆਂ ਅੱਖਾਂ ਬੰਨੀਆਂ, ਉਸ ਉੱਤੇ ਥੁੱਕਆਿ, ਉਸ ਨੂੰ ਧੱਕੇ ਮਾਰੇ ਅਤੇ ਮਖੌਲ ਉਡਾਇਆ |



ਜਦੋਂ ਪਤਰਸ ਘਰ ਦੇ ਬਾਹਰ ਇੰਤਜਾਰ ਕਰ ਰਹਿਾ ਸੀ, ਇਕ ਨੌਕਰ ਲੜਕੀ ਨੇ ਉਸ ਨੂੰ ਦੇਖਆਿ ਅਤੇ ਕਹਿਾ, “ਤੂੰ ਵੀ ਯਸ਼ੂ ਦੇ ਨਾਲ ਸੀ !” ਪਤਰਸ ਨੇ ਉਸ ਦਾ ਇਨਕਾਰ ਕੀਤਾ | ਬਾਅਦ ਵਚਿ ਇਕ ਹੋਰ ਲੜਕੀ ਨੇ ਵੀ ਉਹੀ ਗੱਲ ਕੀਤੀ ਅਤੇ ਪਤਰਸ ਨੇ ਦੁਬਾਰਾ ਫੇਰ ਇਨਕਾਰ ਕੀਤਾ | ਆਖਰਕਾਰ, ਲੋਕਾਂ ਨੇ ਕਹਿਾ, “ਅਸੀਂ ਜਾਣਦੇ ਹਾਂ ਕ ਿਤੂੰ ਯਸ਼ੂ ਦੇ ਨਾਲ ਸੀ ਕਉਿਂਕ ਿਤੁਸੀਂ ਦੋਨੋਂ ਗਲੀਲ ਦੇ ਹੋ |”



ਤੱਦ ਪਤਰਸ ਨੇ ਕਸਮ ਖਾਂਦੇ ਹੋਏ ਕਹਿਾ, “ਹੋਵੇ ਕਿ ਪ੍ਰਮੇਸ਼ਵਰ ਮੈਨੂੰ ਸ਼ਰਾਪ ਦੇਵੇ ਜੇ ਮੈਂ ਇਸ ਮਨੁੱਖ ਨੂੰ ਜਾਣਦਾ ਹੋਵਾਂ !” ਇਕ ਦਮ ਮੁਰਗੇ ਨੇ ਬਾਂਗ ਦਿੱਤੀ, ਯਿਸੂ ਮੁੜਿਆ ਅਤੇ ਪਤਰਸ ਵੱਲ ਦੇਖਿਆ |



ਪਤਰਸ ਦੂਰ ਚੱਲਿਆ ਗਿਆ ਅਤੇ ਬਹੁਤ ਰੋਇਆ | ਉਸੇ ਸਮੇਂ ਦਰਮਿਆਨ ਯਹੂਦਾ ਧੋਖਾ ਦੇਣ ਵਾਲੇ ਨੇ ਦੇਖਿਆ ਕਿ ਯਹੂਦੀ ਆਗੂਆਂ ਨੇ ਯਿਸੂ ਲਈ ਮੌਤ ਦਾ ਹੁਕਮ ਦਿੱਤਾ ਹੈ | ਯਹੂਦਾ ਬਹੁਤ ਉਦਾਸ ਹੋਇਆ ਅਤੇ ਦੂਰ ਚੱਲਿਆ ਗਿਆ ਅਤੇ ਆਪਣੇ ਆਪ ਨੂੰ ਮਾਰ ਲਿਆ |



ਅਗਲੀ ਸਵੇਰ ਤੜਕਸਾਰ, ਯਹੂਦੀ ਆਗੂ ਯਿਸੂ ਨੂੰ ਪਿਲਾਤੁਸ ਸਾਹਮਣੇ ਲਿਆਏ, ਜੋ ਰੋਮੀ ਗਵਰਨਰ ਸੀ | ਉਹ ਇਹ ਆਸ਼ਾ ਕਰਦੇ ਸਨ ਕਿ ਪਿਲਾਤੁਸ ਵੀ ਯਿਸੂ ਨੂੰ ਦੋਸ਼ੀ ਕਰਾਰ ਦੇਵੇਗਾ ਅਤੇ ਉਸ ਨੂੰ ਮਾਰਨ ਦਾ ਹੁਕਮ ਦੇਵੇਗਾ | ਪਿਲਾਤੁਸ ਨੇ ਯਿਸੂ ਕੋਲੋਂ ਪੁੱਛਿਆ, "ਕੀ ਤੂੰ ਯਹੂਦੀਆਂ ਦਾ ਰਾਜਾ ਹੈਂ?"



ਯਿਸੂ ਨੇ ਉੱਤਰ ਦਿੱਤਾ, "ਤੂੰ ਇਹ ਖੁੱਦ ਕਹਿ ਦਿੱਤਾ, ਪਰ ਮੇਰਾ ਰਾਜ ਇਸ ਧਰਤੀ ਦਾ ਰਾਜ ਨਹੀ ਹੈ | ਅਗਰ ਇਹ ਹੁੰਦਾ, ਤਾਂ ਮੇਰੇ ਨੌਕਰ ਮੇਰੇ ਲਈ ਲੜਦੇ | ਮੈਂ ਇਸ ਧਰਤੀ ਉੱਤੇ ਪ੍ਰਮੇਸ਼ਵਰ ਬਾਰੇ ਸੱਚਾਈ ਦੱਸਣ ਆਇਆ ਹਾਂ | ਹਰ ਇਕ ਜਹਿੜਾ ਸੱਚਾਈ ਨੂੰ ਪ੍ਰੇਮ ਕਰਦਾ ਹੈ ਉਹ ਮੈਨੂੰ ਸੁਣਦਾ ਹੈ | ਪਿਲਾਤੁਸ ਨੇ ਕਹਿਾ, "ਸੱਚਾਈ ਕੀ ਹੈ ?"



ਯਸ਼ੂ ਨਾਲ ਗੱਲ ਬਾਤ ਕਰਨ ਤੋਂ ਬਾਅਦ, ਪਲਿਾਤੂਸ ਭੀੜ ਅੱਗੇ ਗਆਿ ਅਤੇ ਕਹਿਾ, “ਮੈਂ ਇਸ ਇਨਸਾਨ ਅੰਦਰ ਕੋਈ ਦੋਸ਼ ਨਹੀ ਦੇਖਦਾ |” ਪਰ ਯਹੂਦੀ ਆਗੂ ਅਤੇ ਭੀੜ ਰੌਲਾ ਪਾਉਣ ਲੱਗੀ, “ਇਸ ਨੂੰ ਸਲੀਬ ਦਓਿ!” ਪਲਿਾਤੂਸ ਨੇ ਉੱਤਰ ਦੱਤਿਾ, “ਇਹ ਦੋਸ਼ੀ ਨਹੀਂ ਹੈ |” ਪਰ ਉਹ ਹੋਰ ਵੋ ਉੱਚੀ ਰੌਲਾ ਪਾਉਣ ਲੱਗੇ | ਤੱਦ ਪਲਿਾਤੂਸ ਨੇ ਤੀਸਰੀ ਵਾਰ ਕਹਿਾ, “ਇਹ ਦੋਸ਼ੀ ਨਹੀ ਹੈ !”



ਪਲਿਾਤੂਸ ਡਰ ਗਆਿ ਕਿ ਭੀੜ ਦੰਗੇ ਨਾ ਸ਼ੁਰੂ ਕਰ ਦੇਵੇ ਇਸ ਲਈ ਉਸ ਨੇ ਆਪਣੇ ਸਪਿਾਹੀਆਂ ਨੂੰ ਹੁਕਮ ਦੱਤਿਾ ਕਿ ਉਸ ਨੂੰ ਸਲੀਬ ਦੇਣ | ਰੋਮੀ ਸਪਿਾਹੀਆਂ ਨੇ ਯਸ਼ੂ ਨੂੰ ਕੋਰੜੇ ਮਾਰੇ ਅਤੇ ਸ਼ਾਹੀ ਲਬਿਾਸ ਪਹਨਿਾਇਆ ਅਤੇ ਇਕ ਕੰਡਆਿ ਦਾ ਤਾਜ ਉਸ ਦੇ ਉੱਤੇ ਪਾਇਆ | ਤੱਦ ਉਹਨਾਂ ਨੇ ਇਹ ਕਹਦਿੇ ਹੋਏ ਉਸ ਨੂੰ ਮਖੌਲ ਕੀਤਾ, “ਦੇਖੋ, ਯਹੂਦੀਆਂ ਦਾ ਰਾਜਾ!”

*ਬਾਈਬਲ ਦੀ ਕਹਾਣੀ: ਮੱਤੀ 26: 57– 27:26; ਮਰਕੁਸ 14:15–15; ਲੁਕਾ 22:54–23:25; ਯਹੁੰਨਾ 18:12–19–16*

40. **ਤੁਸੀ ਯਸ਼ੂ ਨੂੰ ਸਲੀਬ ਦੱਤੀ **



ਸਪਿਾਹੀ ਯਸ਼ੂ ਦਾ ਮਜਾਕ ਉਡਾਉਣ ਤੋਂ ਬਾਅਦ ਉਸ ਨੂੰ ਸਲੀਬ ਦੇਣ ਲਈ ਲੈ ਗਏ | ਉਹਨਾਂ ਨੇ ਉਸ ਕੋਲੋਂ ਉਹ ਸਲੀਬ ਉਠਵਾਈ ਜਸਿ ਉੱਤੇ ਉਸਨੇ ਮਰਨਾ ਸੀ |




ਸਪਿਾਹੀ ਯਸ਼ੂ ਨੂੰ ਉਸ ਜਗ੍ਹਾ ਤੇ ਲੈ ਕੇ ਆਏ ਜਸਿ ਨੂੰ "ਖੋਪੜੀ" ਕਹਿਾ ਜਾਂਦਾ ਸੀ ਅਤੇ ਉਸ ਦੇ ਹੱਥਾਂ ਪੈਰਾਂ ਨੂੰ ਸਲੀਬ ਉੱਤੇ ਠੋਕ ਦੱਤਿਾ | ਪਰ ਯਸ਼ੂ ਨੇ ਕਹਿਾ, "ਪਤਿਾ ਇਹਨਾਂ ਨੂੰ ਮਾਫ਼ ਕਰ ਕਉਿਂਕ ਿਇਹ ਨਹੀਂ ਜਾਣਦੇ ਕ ਿਇਹ ਕੀ ਕਰ ਰਹੇ ਹਨ |" ਪਲਾਿਤੂਸ ਨੇ ਹੁਕਮ ਦੱਤਿਾ ਕ ਿਉਹ ਇਕ ਫੱਟੀ ਉੱਤੇ ਲੱਖਿਣ, "ਯਹੂਦੀਆਂ ਦਾ ਰਾਜਾ" ਅਤੇ ਸਲੀਬ ਉੱਤੇ ਯਸ਼ੂ ਦੇ ਸਰਿ ਦੇ ਉੱਪਰ ਲਗਾਉਣ |



ਸਪਿਾਹੀਆਂ ਨੇ ਯਸ਼ੂ ਦੇ ਕਪੜਆਿਂ ਲਈ ਜੂਆ ਖੇਡਆਿ | ਜਦੋਂ ਉਹ ਇਹ ਕਰ ਰਹੇ ਸਨ, ਉਹਨਾਂ ਨੇ ਉਸ ਭਵੱਿਖ ਬਾਣੀ ਨੂੰ ਪੂਰਾ ਕੀਤਾ ਜੋ ਕਹੰਿਦੀ ਸੀ, "ਉਹਨਾਂ ਨੇ ਮੇਰੇ ਕਪੜੇ ਆਪਸ ਵਚਿ ਵੰਡੇ ਅਤੇ ਮੇਰੇ ਕਪੜਆਿਂ ਲਈ ਗੁਣਾ ਪਾਇਆ |"




ਯਸ਼ੂ ਦੋ ਚੋਰਾਂ ਦੇ ਵਚਿਕਾਰ ਸਲੀਬ ਦੱਿਤਾ ਗਆਿ | ਉਹਨਾਂ ਵਚੋਂ ਇਕ ਨੇ ਯਸ਼ੂ ਦਾ ਮਜਾਕ ਉਡਾਇਆ, ਪਰ ਦੂਸਰੇ ਨੇ ਕਹਿਾ, "ਕੀ ਤੈਨੂੰ ਪ੍ਰਮੇਸ਼ਵਰ ਦਾ ਡਰ ਨਹੀ ਹੈ ?" ਅਸੀ ਦੋਸ਼ੀ ਹਾਂ ਪਰ ਇਹ ਮਨੁੱਖ ਬੇਕਸੂਰ ਹੈ |" ਤੱਦ ਉਸਨੇ ਯਸ਼ੂ ਨੂੰ ਕਹਿਾ, "ਕਰਿਪਾ ਕਰਕੇ ਮੈਨੂੰ ਵੀ ਆਪਣੇ ਰਾਜ ਵਚਿ ਯਾਦ ਕਰੀ |" ਯਸ਼ੂ ਨੇ ਉਸਨੂੰ ਉੱਤਰ ਦੱਿਤਾ, "ਅੱਜ ਹੀ ਤੂੰ ਮੇਰੇ ਨਾਲ ਸਵਰਗ ਵਚਿ ਹੋਵੇਂਗਾ |"



ਯਹੂਦੀ ਆਗੂਆਂ ਅਤੇ ਭੀੜ ਵਿਚ ਦੂਸਰੇ ਲੋਕਾਂ ਨੇ ਯਸ਼ੂ ਨੂੰ ਮਖੌਲ ਕੀਤੇ | ਉਹਨਾਂ ਨੇ ਉਸ ਨੂੰ ਕਹਿਾ, “ਅਗਰ ਤੂੰ ਪ੍ਰਮੇਸ਼ਵਰ ਦਾ ਪੱਤਰ ਹੈਂ ਤਾਂ ਸਲੀਬ ਤੋਂ ਹੇਠਾਂ ਆ ਜਾਹ ਅਤੇ ਆਪਣੇ ਆਪ ਨੂੰ ਬਚਾ ਲੈ !” ਤੱਦ ਅਸੀ ਤੇਰੇ ਉੱਤੇ ਵਸ਼ਿਵਾਸ ਕਰਾਂਗੇ |



ਤੱਦ ਸਾਰੇ ਇਲਾਕੇ ਵਚਿ ਪੂਰਾ ਹਨੇਰਾ ਹੋ ਗਆਿ, ਚਾਹੇ ਅਜੇ ਦਨਿ ਦਾ ਦੁਪਹਰਿਾ ਹੀ ਸੀ | ਇਹ ਹਨੇਰਾ ਸ਼ਾਮ 3:00 ਵਜੇ ਤੱਕ ਰਹਿਾ |



ਤੱਦ ਯਸ਼ੂ ਨੇ ਉੱਚੀ ਨਾਲ ਪੁਕਾਰਿਆ, "ਪੂਰਾ ਹੋਇਆ! ਪਿਤਾ, ਮੈਂ ਆਪਣਾਂ ਆਤਮਾ ਤੇਰੇ ਹੱਥ ਵਿਚ ਦੀਂਦਾ ਹਾਂ |" ਤੱਦ ਉਸ ਨੇ ਸਰਿ ਝੁਕਾਇਆ ਅਤੇ ਆਪਣੇ ਪ੍ਰਾਣ ਛੱਡ ਦੀੱਤੇ | ਜਦੋਂ ਉਹ ਮਰਿਆ ਤਾਂ ਇਕ ਵੱਡਾ ਭੂੰਚਾਲ ਆਇਆ ਅਤੇ ਜਹਿੜਾ ਵੱਡਾ ਪਰਦਾ ਮੰਦਰ ਵਿਚ ਲੋਕਾਂ ਨੂੰ ਪ੍ਰਮੇਸ਼ਵਰ ਦੀ ਹਜ਼ੂਰੀ ਤੋਂ ਅੱਲਗ ਕਰਦਾ ਸੀ ਉੱਪਰ ਤੋਂ ਲੈ ਕੇ ਹੇਠਾਂ ਤੱਕ ਪਾਟ ਗਿਆ |



ਉਸ ਦੀ ਮੌਤ ਦੁਆਰਾ, ਯਸ਼ੂ ਨੇ ਪ੍ਰਮੇਸ਼ਵਰ ਕੋਲ ਆਉਣ ਲਈ ਲੋਕਾਂ ਲਈ ਰਾਹ ਖੋਲ ਦੀੱਤਾ | ਜਦੋਂ ਸਪਿਾਹੀ ਨੇ ਉਹ ਸੱਭ ਦੇਖਿਆ ਜੋ ਯਸ਼ੂ ਨਾਲ ਹੋਇਆ ਸੀ, ਉਸ ਨੇ ਕਹਿਾ, "ਸੱਚ ਮੁੱਚ ਇਹ ਨਰਿਦੋਸ਼ ਸੀ | ਇਹ ਪ੍ਰਮੇਸ਼ਵਰ ਦਾ ਪੁੱਤਰ ਸੀ |"



ਤੱਦ ਯੂਸਫ ਅਤੇ ਨਕਿੋਦੀਮੁਸ, ਦੋ ਯਹੂਦੀ ਆਗੂ ਜੋ ਵਸ਼ਿਵਾਸ ਕਰਦੇ ਸਨ ਕਿ ਯਸ਼ੂ ਮਸੀਹ ਹੈ, ਉਹਨਾਂ ਨੇ ਪਲਿਾਤੂਸ ਕੋਲੋਂ ਯਸ਼ੂ ਦੀ ਲਾਸ਼ ਮੰਗੀ | ਉਹਨਾਂ ਨੇ ਯਸ਼ੂ ਦੀ ਲਾਸ਼ ਨੂੰ ਕਪੜੇ ਵਚਿ ਲਪੇਟਆਿ ਅਤੇ ਕਬਰ ਵਚਿ ਰੱਖੀ ਜੋ ਇਕ ਚਟਾਨ ਵਚਿ ਖੋਦੀ ਹੋਈ ਸੀ | ਤੱਦ ਉਹਨਾਂ ਨੇ ਇਕ ਵੱਡਾ ਪੱਥਰ ਰੇੜ੍ਹ ਕੇ ਕਬਰ ਦਾ ਮੂੰਹ ਬੰਦ ਕੀਤਾ

ਬਾਈਬਲ ਦੀ ਕਹਾਣੀ: *ਮੱਤੀ 27 : 27−61 ; ਮਰਕੁਸ 15 : 16−47 ; ਲੂਕਾ 23 : 26−56 ; ਯੂਹੰਨਾ 19 : 17−42*

# 41. ਪਰਮੇਸ਼ੁਰ ਨੇ ਯਿਸੂ ਨੂੰ ਮੁਰਦਿਆਂ ਵਿੱਚੋਂ ਜ਼ਿੰਦਾ ਕੀਤਾ



ਸਪਿਾਹੀਆ ਦੇ ਯਸਿੂ ਨੂੰ ਸਲੀਬ ਦੇਣ ਬਾਅਦ, ਅਵਸ਼ਿਵਾਸੀ ਯਹੂਦੀ ਆਗੂਆਂ ਨੇ ਪਲਿਾਤੁਸ ਨੂੰ ਕਹਿਾ, ਝੂਠਾ ਯਸਿੂ, ਤੀਨ ਦਨਿ ਬਾਅਦ ਜੀਅ ਉੱਠੇਗਾ ਕਸਿੇ ਨੂੰ ਚਾਹੀਦਾ ਹੈ ਕਿ ਕਬਰ ਦੀ ਰਾਖੀ ਕਰੇ, ਜੋ ਕਿ ਉਸ ਦੇ ਚੇਲੇ ਲਾਸ਼ ਨੂੰ ਚੋਰੀ ਨਾ ਕਰਣ ਅਤੇ ਫਰਿ ਉਹਨੂੰ ਜੀ ਉਠਆਿ ਹੈ ਕਹਣਿ



ਪਲਿਾਤੁਸ ਨੇ ਕੁਝ ਸਪਿਾਹੀ ਲੈਣ ਅਤੇ ਕਬਰ ਨੂੰ ਸੁਰੱਖਅਿਤ ਬਣਾਉਣ ਲਈ ਕਹਿਾ, ਜਵਿੇ ਤੁਸੀ ਕਰ ਸਕਦੇ ਹੋ ਇਸ ਲਈ ਉਹਨਾਂ ਕਬਰ ਦੇ ਪ੍ਰਵੇਸ਼ ਦੁਆਰ ਤੇ ਪੱਥਰ ਤੇ ਮੋਹਰ ਲਾਈ, ਕਿ ਕੋਈ ਵੀ ਲਾਸ਼ ਨੂੰ ਚੋਰੀ ਨਾ ਕਰ ਸਕੇ ਅਤੇ ਉਥੇ ਸਪਿਾਹੀਆਂ ਨੂੰ ਰੱਖਆਿ



ਯਿਸੂ ਨੂੰ ਦਫ਼ਨਾਏ ਜਾਣ ਤੋ ਅਗਲੇ ਦਨਿ ਸਬਤ ਦਾ ਦਨਿ ਸੀ ਅਤੇ ਯਹੂਦੀਆ ਨੂੰ ਉਸ ਦਨਿ ਕਬਰ ਤੇ ਜਾਣ ਦੀ ਇਜ਼ਾਜਤ ਨਹੀ ਸੀ ਇਸ ਲਈ ਸਬਤ ਦੇ ਦਨਿ ਦੇ ਬਾਅਦ ਤੜਕੇ, ਕਈ ਔਰਤਾਂ ਯਿਸੂ ਦੀ ਕਬਰ ਤੇ ਜਾਣ ਲਈ ਤਿਆਰ ਹੋਈਆਂ ਕਿ ਉਸ ਦੀ ਲਾਸ਼ ਤੇ ਹੋਰ ਵੀ ਦਫ਼ਨਾਉਣ ਵਾਲੇ ਮਸਾਲੇ ਲਾਏ ਜਾਣ



ਅਚਾਨਕ , ਇੱਕ ਬਹੁਤ ਵੱਡਾ ਭੁਚਾਲ ਆ ਗਿਆ ਇੱਕ ਦੂਤ ਸਵਰਗ ਤੋ ਆਇਆ, ਜੋ ਕਿ ਬਜਿਲੀ ਦੇ ਵਾਂਗ ਚਮਕਦਾ ਸੀ  ਉਸ ਨੇ ਕਬਰ ਦੇ ਪ੍ਰਵੇਸ਼ ਦੁਆਰ ਦੇ ਪੱਥਰ ਨੂੰ ਹਟਾਇਆ, ਅਤੇ ਉਸ ਤੇ ਬੈਠ ਗਿਆ  ਕਬਰ ਦੇ ਪਹਰਿਦਾਰ ਸਪਿਾਹੀ ਡਰ ਗਏ ਅਤੇ ਬੇਹੋਸ਼ ਹੋ ਜ਼ਮੀਨ ਤੇ ਡਿੱਗ ਪਏ



ਜਦੋ ਔਰਤਾਂ ਦੀ ਕਬਰ ਤੇ ਪਹੁੰਚੀਆਂ, ਦੂਤ ਨੇ ਕਹਿਾ, ਡਰੋ ਨਾ , ਯਸ਼ੂ ਇੱਥੇ ਨਹੀ ਹੈ ਉਹ ਮੁਰਦਆਿਂ ਵੱਿਚੋ ਜੀ ਉਠਆਿ, ਜਸਿ ਤਰ੍ਹਾਂ ਉਸ ਨੇ ਕਹਿਾ, ਉਸ ਨੇ ਕੀਤਾ ਕਬਰ ਵੱਿਚ ਜਾਓ ਅਤੇ ਵੇਖੋ|" ਔਰਤਾਂ ਨੇ ਕਬਰ ਅੰਦਰ ਵੇਖਆਿ, ਜੱਿਥੇ ਯਸ਼ੂ ਦੇ ਸਰੀਰ ਨੂੰ ਰੱਖਆਿ ਗਆਿ ਸੀ ਉਸ ਦਾ ਸਰੀਰ ਉੱਥੇ ਨਹੀ ਸੀ



ਫਰਿ ਦੂਤ ਨੇ ਔਰਤਾਂ ਨੂੰ ਕਹਿਾ, ਜਾਓ ਅਤੇ ਚੇਲਆਿਂ ਨੂੰ ਦੱਸੋ ਕਿ ਯਸ਼ੂ ਜੀ ਉਠਆਿ ਹੈ ਅਤੇ ਉਹ ਤੁਹਾਡੇ ਅੱਗੇ ਗਲੀਲ ਨੂੰ ਜਾਵੇਗਾ



ਔਰਤਾਂ ਡਰ ਗਈਆਂ ਅਤੇ ਬਹੁਤ ਹੀ ਖ਼ੁਸ਼ੀ ਨਾਲ ਭਰ ਗਈਆਂ  ਉਹ ਚੇਲਿਆਂ ਨੂੰ ਖ਼ੁਸ਼ ਖ਼ਬਰੀ ਦੱਸਣ ਲਈ ਭੱਜ ਗਈਆਂ



ਔਰਤਾਂ ਚੇਲਿਆਂ ਨੂੰ ਖ਼ੁਸ਼ ਖ਼ਬਰੀ ਦੱਸਣ ਲਈ ਆਪਣੇ ਰਾਹ ਤੇ ਸਨ, ਯਿਸੂ ਪ੍ਰਗਟ ਹੋਇਆ ਅਤੇ ਉਹਨਾਂ ਉਸ ਦੀ ਉਪਾਸਨਾ ਕੀਤੀ  ਯਿਸੂ ਨੇ ਕਿਹਾ, ਡਰੋ ਨਾ  ਜਾਓ ਅਤੇ ਗਲੀਲ ਨੂੰ ਜਾਣ ਲਈ ਮੇਰੇ ਚੇਲਿਆਂ ਨੂੰ ਦੱਸੋ  ਉਹ ਮੈਨੂੰ ਉਥੇ ਦੇਖਣਗੇ

ਬਾਈਬਲ ਦੀ ਕਹਾਣੀ: *ਮੱਤੀ 27 : 62–28 : 15 ; ਮਰਕੁਸ 16 : 1–11 ; ਲੂਕਾ 24 : 1–12 ; ਯੂਹੰਨਾ 20: 1–18*

# 42. ਯਸੂ ਵਾਪਸਿ ਸਵਰਗ ਚੱਲੇ ਗਏ



ਜਸਿ ਦਨਿ ਯਸ਼ੂ ਮੁਰਦਆਿਂ ਵੱਿਚੋਂ ਜੀ ਉਠਆਿ, ਉਸ ਦੇ ਦੋ ਚੇਲੇ ਇੱਕ ਨੇੜਲੇ ਸ਼ਹਰਿ ਨੂੰ ਜਾ ਰਹੇ ਸਨ ਜਵਿੇਂ ਉਹ ਘੁੰਮ ਰਹੇ ਸੀ ਅਤੇ ਗੱਲਾਂ ਕਰ ਰਹੇ ਸਨ ਕਿ ਯਸ਼ੂ ਨਾਲ ਕੀ ਹੋਇਆ ਸੀ ਉਹਨਾਂ ਦੀ ਆਸ ਸੀ ਕਿ ਉਹ ਮਸੀਹਾ ਸੀ, ਪਰ ਫਰਿ ਵੀ ਉਸਨੂੰ ਮਾਰ ਦੱਿਤਾ ਗਆਿ ਸੀ ਤਦ ਔਰਤਾਂ ਨੇ ਕਹਿਾ, ਉਹ ਫਰਿ ਜ਼ੱਿਦਾ ਹੋ ਗਆਿ ਉਹ ਨਹੀ ਸਮਝ ਸਕੇ ਕਿ, ਕੀ ਵਸ਼ਿਵਾਸ ਕਰੀਏ |



ਯਸ਼ੂ ਉਹਨਾ ਕੋਲ ਪਹੁੰਚੇ ਅਤੇ ਉਹ ਨੇ ਉਹਨਾ ਦੇ ਨਾਲ ਤੁਰਨਾ ਸ਼ੁਰੂ ਕੀਤਾ, ਪਰ ਉਹ ਉਸ ਨੂੰ ਪਛਾਣ ਨਾ ਸਕੇ ਉਸ ਨੇ ਉਹਨਾਂ ਨੂੰ ਪੁੱਛਆਿ ਤੁਸੀ ਕਸਿ ਬਾਰੇ ਗੱਲਾਂ ਕਰ ਰਹੇ ਹੋ, ਅਤੇ ਉਹਨਾਂ ਕਹਿਾ ਉਹ ਸਾਰੇ ਕਮਾਲ ਦੇ ਕੰਮ ਜੋ ਯਸ਼ੂ ਨੇ ਪਛਿਲੇ ਕੁਝ ਦਨਿਾਂ ਦੌਰਾਨ ਕੀਤੇ ਉਹਨਾਂ ਸੋਚਆਿ ਕਿ ਉਹ ਇੱਕ ਸੈਲਾਨੀ ਨਾਲ ਗੱਲ ਕਰ ਰਹੇ ਸਨ, ਜੋ ਨਹੀ ਜਾਣਦਾ ਸੀ ਕਿ ਯਰੂਸ਼ਲਮ ਵੱਿਚ ਕੀ ਹੋਇਆ ਸੀ



ਤਦ ਯਸ਼ੂ ਨੇ ਉਹਨਾ ਨੂੰ ਸਮਝਾਇਆ,ਜੋ ਪਰਮੇਸੁਰ ਦੇ ਬਚਨ ਵਿੱਚ, ਮਸੀਹ ਬਾਰੇ ਸੀ ਉਸ ਨੇ ਉਹਨਾਂ ਨੂੰ ਯਾਦ ਕਰਾਇਆ ਕਿ ਨਬੀਆਂ ਨੇ ਕਹਿਾ ਮਸੀਹਾ ਦੁੱਖ ਉਠਾਏਗਾ ਅਤੇ ਉਹ ਮਾਰਿਆ ਜਾਵੇਗਾ, ਪਰ ਤੀਜੇ ਦਿਨ ਫ਼ਰਿ ਜੀਅ ਉਠੇਗਾ  ਜਦ ਉਹ ਸ਼ਹਰਿ ਪਹੁੰਚ ਗਏ ਜਿੱਥੇ ਦੋ ਆਦਮੀਆਂ ਨੇ ਰਹਣਿ ਦੀ ਯੋਜਨਾ ਬਣਾਈ, ਉਹ ਲਗਭਗ ਸ਼ਾਮ ਦਾ ਸਮਾਂ ਸੀ



ਦੋ ਆਦਮੀਆ ਨੇ ਯਸ਼ੂ ਨੂੰ ਰਹਣਿ ਲਈ ਸੱਦਾ ਦਿੱਤਾ, ਇਸ ਲਈ ਉਸ ਨੇ ਕੀਤਾ  ਜਦੋਂ ਉਹ ਸ਼ਾਮ ਦਾ ਭੋਜਨ ਖਾਣ ਲਈ ਤਆਿਰ ਸਨ, ਯਸ਼ੂ ਨੇ ਇੱਕ ਰੋਟੀ ਨੂੰ ਚੁੱਕਆਿ ਅਤੇ ਪਰਮੇਸੁਰ ਦਾ ਧੰਨਵਾਦ ਕੀਤਾ ਹੈ, ਅਤੇ ਫਰਿ ਉਸ ਨੂੰ ਤੋੜਆਿ  ਅਚਾਨਕ , ਉਹਨੂੰ ਪਾਤ ਲਗ, ਕਿ ਉਹ ਯਸ਼ੂ ਹੈ  ਪਰ ਉਸ ਹਿ ਪਲ, ਉਹ ਉਹਨਾਂ ਦੀ ਦ੍ਰਸ਼ਿਟੀ ਤੋ ਅਲੋਪ ਹੋਗਾਂ



ਦੋ ਆਦਮੀਆਂ ਨੇ ਇੱਕ ਦੂਜੇ ਨੂੰ ਕਹਿਾ, ਉਹ ਯਸ਼ੂ ਸੀ ਸਾਡੇ ਦਲਿ ਛੋਂਦ ਗਏ, ਜਦ ਉਸ ਨੇ ਸਾਨੂੰ ਪਰਮੇਸੁਰ ਦੇ ਬਚਨਾਂ ਨੂੰ ਸਮਝਾਇਆ ਤੁਰੰਤ , ਉਹ ਵਾਪਸ ਯਰੂਸ਼ਲਮ ਨੂੰ ਗਆਿ ਜਦ ਉਹ ਪਹੁੰਚੇ ਤੇ ਉਹਨਾਂ ਨੇ ਚੇਲਆਿ ਨੂੰ ਕਹਿਾ, ਯਸ਼ੂ ਜੀਂਦਾ ਹੈ ਆਸੀ ਉਸ ਨੂੰ ਵੇਖਆਿ ਹੈ



ਚੇਲੇ ਆਪਸ ਵੀਂਚ ਗੱਲਾਂ ਕਰ ਰਹੇ ਸਨ ਅਚਾਨਕ ਯਸ਼ੂ ਉਸ ਕਮਰੇ ਵਚਿ ਪ੍ਰਗਟ ਹੋਏ ਅਤੇ ਕਹਿਾ, ਤੁਹਾਨੂੰ ਸਾਂਤੀ ਮਲਿੇ ਚੇਲਆਿਂ ਨੇ ਸੋਚਆਿ ਉਹ ਕੋਈ ਭੂਤ ਹੈ, ਪਰ ਯਸ਼ੂ ਨੇ ਕਹਿਾ ਤੁਸੀ ਕਉਿ ਡਰ ਰਹੇ ਹੋ ਅਤੇ ਸ਼ੱਕ ਕਰ ਰਹੇ ਹੋ ? ਮੇਰੇ ਹੱਥ ਅਤੇ ਪੈਰ ਨੂੰ ਦੇਖੋ ਭੂਤ ਦਾ ਮੇਰੇ ਵਰਗਾ ਸਰੀਰ ਨਹੀ ਹੁੰਦਾ ਉਹ ਕੋਈ ਭੂਤ ਨਹੀ ਸੀ, ਇਸ ਨੂੰ ਸਾਬਤ ਕਰਨ ਲਈ ਉਸ ਨੇ ਕੁਝ ਖਾਣ ਲਈ ਮੰਗਆਿ ਉਹਨਾ ਨੇ ਉਸ ਨੂੰ ਮੱਛੀ ਦਾ ਇਕ ਪਕਾਇਆ ਹੋਇਆ ਟੁਕੜਾ ਦੀਂਤਾ, ਅਤੇ ਉਸ ਨੇ ਇਸ ਨੂੰ ਖਾ ਲਆਿ



ਯਸ਼ੂ ਨੇ ਕਹਿਾ, ਸਭ ਕੁਝ ਜੋ ਪਰਮੇਸੁਰ ਦੇ ਬਚਨ ਵਚਿ ਮੇਰੇ ਬਾਰੇ ਲਖਿਆਿ ਹੈ ਪੂਰਾ ਹੋਵੇਗਾ ਤਦ ਉਸਨੇ ਉਨਾਂ ਦੇ ਮਨਾਂ ਨੂੰ ਖੋਲ੍ਹਆਿ,ਤਾਂ ਕਿ ਉਹ ਪਰਮੇਸੁਰ ਦੇ ਬਚਨਾਂ ਨੂੰ ਸਮਝ ਸਕਣ ਉਸਨੇ ਕਹਿਾ, ਇਹ ਲੰਬੇ ਸਮੇ ਤੋ ਲਖਿਆਿ ਗਆਿ ਸੀ ਕਿ ਮਸੀਹਾ ਦੁੱਖ ਊਠਾਏਗਾ, ਮਰਆਿ ਜਾਵੇਗਾ, ਅਤੇ ਤੀਜੇ ਦਨਿ ਫਰਿ ਜੀ ਊਠੇਗਾ



ਧਰਮ ਗ੍ਰੰਥ ਵਚਿ ਇਹ ਵੀ ਲਖਿਆਿ ਗਆਿ ਸੀ ਮੇਰੇ ਚੇਲੇ ਹਰ ਕਸਿੇ ਨੂੰ ਆਪਣੇ ਪਾਪਾ ਦੀ ਮਾਫ਼ੀ ਲਈ ਤੋਬਾ ਦਾ ਪ੍ਰਚਾਰ ਕਰਨਗੇ ਉਹ ਯਰੂਸ਼ਲਮ ਵੱਿਚ ਇਸ ਨੂੰ ਸ਼ੁਰੂ ਕਰਨਗੇ , ਅਤੇ ਫਰਿ ਹਰ ਜਗ੍ਹਾ ਸਾਰੀਆਂ ਕੋਮਾਂ ਵੱਿਚ ਜਾਣਗੇ ਤੁਸੀ ਇਹ ਸਭ ਕੁਝ ਦੇ ਗਵਾਹ ਹੋਵੋਗੇ



ਅੱਗਲੇ ਚਾਲੀ ਦਨਿਾਂ ਦੌਂਰਾਨ, ਯਸ਼ੂ ਆਪਣੇ ਚੇਲਆਿ ਨੂੰ ਕਈ ਵਾਰ ਦਖਿਾਈ ਦੱਤਿ ਇੱਕ ਵਾਰ , ਉਹ 500 ਤੋ ਵੀ ਵੱਧ ਲੋਕਾਂ ਨੂੰ ਦਖਿਾਈ ਦੱਤਿ ! ਉਸ ਨੇ ਆਪਣੇ ਚੇਲਆਿਂ ਨੂੰ ਬਹੁਤ ਸਾਰੇ ਤਰੀਕਆਿ ਨਾਲ ਸਾਬਤ ਕੀਤਾ, ਕਂ ਉਹ ਜੀਂਦਾ ਹੈ ਅਤੇ ਉਸ ਨੇ ਉਹਨਾਂ ਨੂੰ ਪਰਮੇਸੁਰ ਦੇ ਰਾਜ ਬਾਰੇ ਸਖਿਾਇਆ



ਯਸ਼ੂ ਨੇ ਆਪਣੇ ਚੇਲਆਿ ਨੂੰ ਕਹਿਾ, ਸਵਰਗ ਅਤੇ ਧਰਤੀ ਦੇ ਸਾਰੇ ਅਧਕਿਾਰ ਮੈਨੂੰ ਦੱਤਿ ਹਨ ਇਸ ਲਈ ਤੁਸੀ ਜਾ ਕੇ ਸਾਰੀਆਂ ਕੌਮਾਂ ਨੂੰ ਚੇਲੇ ਬਣਾਓ ਅਤੇ ਉਹਨਾਂ ਨੂੰ ਪਤਿਾ ਅਤੇ ਪੁੱਤਰ ਅਤੇ ਪਵੱਤਿਰ ਆਤਮਾ ਦੇ ਨਾਮ ਵੱਚਿ ਬਪਤਸਿਮਾ ਦਓਿ ਅਰ ਉਹਨਾਂ ਨੂੰ ਸਖਿਾਓ ਭਈ ਉਹਨਾਂ ਸਾਰੀਆਂ ਗੱਲਾਂ ਦੀ ਪਾਲਨਾ ਕਰਨ ਜਨਿਾਂ ਦਾ ਮੈਂ ਤੁਹਾਨੂੰ ਹੁਕਮ ਦੱਤਿਾ ਹੈ ਯਾਦ ਰੱਖੋ, ਮੈ ਹਮੇਸ਼ਾ ਤੁਹਾਡੇ ਨਾਲ ਹੋਵਾਂਗਾ



ਯਸ਼ੂ ਨੇ ਮੁਰਦਿਆਂ ਵੱਚੋਂ ਜੀ ਉਠਣ ਦੇ ਚਾਲੀ ਦਨਿਾਂ ਬਾਅਦ, ਉਸ ਨੇ ਚੇਲਆਿ ਨੂੰ ਕਹਿਾ,ਤਦ ਤੱਕ ਯਰੂਸ਼ਲਮ ਵੱਚਿ ਰਹਣਿਾ, ਜਦ ਤੱਕ ਮੇਰਾ ਪਤਿਾ ਤੁਹਾਨੂੰ ਪਵੱਤਿਰ ਆਤਮਾ ਦੀ ਸ਼ਕਤੀ ਨਾ ਦੇਵੇ  ਤਦ ਯਸ਼ੂ ਸਵਰਗ ਨੂੰ ਚਲੇ ਗਏ , ਅਤੇ ਇੱਕ ਬੱਦਲ ਨੇ ਆਪਣੇ ਦ੍ਰਸ਼ਿਟੀ ਤੱਕ ਉਸ ਨੂੰ ਓਹਲੇ ਕਰ ਲਆਿ  ਯਸ਼ੂ ਪਰਮੇਸ਼ੁਰ ਦੇ ਸੱਜੇ ਹੱਥ ਤੇ ਬੈਠ ਗਆਿ, ਕਿ ਸਭ ਤੇ ਰਾਜ ਕਰੇ

ਬਾਈਬਲ ਦੀ ਕਹਾਣੀ: ਮੱਤੀ *28 : 16–20 ;* ਮਰਕੁਸ  *16 : 12–20 ;* ਲੂਕਾ *24 : 13–53 ;* ਯੂਹੰਨਾ *20: 19–23 ;* ਰਸੂਲ ਦੇ ਕਰਤੱਬ  *1  : 1–11*

# 43. ਚਰਚ ਦੀ ਸ਼ੁਰੂਆਤ



ਯਸ਼ੂ ਦੇ ਸਵਰਗ ਵਾਪਸ ਜਾਣ ਤੋ ਬਾਅਦ, ਯਸ਼ੂ ਦੇ ਹੁਕਮ ਆਨੁਸਾਰ ਚੇਲੇ ਯਰੂਸ਼ਲਮ ਵੱਚਿ ਰਹੇ ਨਹਿਚਾਵਾਨ ਉਥੇ ਲਗਾਤਾਰ ਪ੍ਰਾਰਥਨਾ ਕਰਨ ਲਈ ਇਕੱਠੇ ਹੋਏ



ਹਰ ਸਾਲ, ਪਸਾਹ ਦੇ ਬਾਅਦ 50 ਦਨਿ, ਪੰਤੇਕੁਸਤ ਦੇ ਮਹੱਤਵਪੂਰਨ ਦਨਿ ਨੂੰ ਮਨਾਉਣ ਲਈ ਯਹੂਦੀ ਲੋਕ ਇਕਠੇ ਹੁੰਦੇ ਸਨ ਪੰਤੇਕੁਸਤ ਨੂੰ ਇਕ ਸਮੇ ਸੀ, ਜਦ ਯਹੂਦੀ ਲੋਕ ਫਸਲ ਪਕੱਣ ਦੀ ਖੁਸ਼ੀ ਮਨਾਉਦੇ ਸਨ ਸੰਸਾਰ ਭਰ ਦੇ ਯਹੂਦੀ ਯਰੂਸ਼ਲਮ ਵੱਚਿ ਇਕੱਠੇ ਹੋਕੇ ਪੰਤੇਕੁਸਤ ਨੂੰ ਮਨਾਉਦੇ ਸਨ ਇਸ ਸਾਲ, ਯਸ਼ੂ ਦੇ ਵਾਪਸ ਸਵਰਗ ਜਾਣ ਤੋ ਇੱਕ ਹਫ਼ਤੇ ਬਾਅਦ ਪੰਤੇਕੁਸਤ ਸੀ



ਜਦੋਂ ਸਾਰੇ ਵਸ਼ਿਵਾਸੀ ਇਕੱਠੇ ਹੋਏ ਸਨ, ਅਚਾਨਕ ਉਹ ਘਰ ਜੱਥੇ ਉਹ ਇੱਕਠੇ ਸਨ ਇੱਕ ਵੱਡੇ ਸ਼ੋਰ ਨਾਲ ਭਰ ਗਆਿ ਸੀ  ਫਰਿ ਅੱਗ ਦੀ੍ਆਂ ਲਾਟਾਂ ਵਰਗਾ ਕੁੱਝ ਵਖਾਈ ਦੱਤਾ, ਜੋ ਕ ਿਸਾਰੇ ਵਸ਼ਿਵਾਸੀਆਂ ਦੇ ਸਰਿ ਤੇ ਉਤਰਆਿ  ਉਹ ਸਾਰੇ ਪਵੱਤਿਰ ਆਤਮਾ ਨਾਲ ਭਰ ਗਏ ਅਤੇ ਓਪਰੀਆਂ ਭਾਸ਼ਾ ਵੱਚਿ ਗੱਲਾਂ ਕਰਨ ਲਗੇ



ਜਦ ਯਰੂਸ਼ਲਮ ਵੱਚਿ ਸਾਰੇ ਲੋਕਾਂ ਨੇ ਸ਼ੋਰ ਸੁਣਆਿ, ਇੱਕ ਵੱਡੀ ਭੀੜ ਵੇਖਣ ਨੂੰ ਇਕੱਠੀ ਹੋਈ ਜਦ ਲੋਕਾ ਨੇ , ਪਰਮੇਸੁਰ ਦੇ ਸ਼ਾਨਦਾਰ ਕੰਮਾ ਦਾ ਪ੍ਰਚਾਰ ਸੁਣਆਿ, ਲੋਕ ਹੈਰਾਨ ਹੋਏ, ਕ ਿਉਹ ਆਪਣੀ ਭਾਸ਼ਾ ਵਚਿ ਸਭ ਕੁਝ ਸੁਣ ਰਹੇ ਸਨ



ਕੁਝ ਲੋਕਾਂ ਨੇ ਚੇਲਿਆ ਤੇ ਸ਼ਰਾਬੀ ਹੋਣ ਦਾ ਦੋਸ਼ ਲਇਆ  ਪਰ ਪਤਰਸ , ਖੜ੍ਹਾ ਹੋਇਆ ਅਤੇ ਉਸ ਨੇ ਕਹਿਾ, ਮੇਰੀ ਗੱਲ ਸੁਣੋ! ਇਹ ਲੋਕ ਸ਼ਰਾਬੀ ਨਹੀ ਹਨ ! ਪਰ ਏਹ ਉਹ ਗੱਲ ਹੈ ਜੋ ਯੋਏਲ ਨਬੀ ਦੀ ਜਬਾਨੀ ਕਹੀ ਗਈ ਸੀ, ਪਰਮੇਸੁਰ ਆਖਦਾ ਹੈ ਕਿ ਅੰਤ ਦੇ ਦਨਿਾ ਵੀਂਚ, ਮੈ ਆਪਣੇ ਆਤਮਾ ਨੂੰ ਸਾਰੇ ਸਰੀਰਾ ਉੱਤੇ ਵਹਾ ਦਆਿਂਗਾ



ਜਸਿ ਇਸਰਾਏਲ ਦੇ ਲੋਕੋ, ਯਸ਼ੂ ਉਹ ਸੀ ਨੇ ਪਰਮੇਸੁਰ ਦੀ ਸ਼ਕਤੀ ਦੇ ਨਾਲ ਬਹੁਤ ਸ਼ਕਤੀਸ਼ਾਲੀ ਕਰਸ਼ਿਮੇ ਅਤੇ ਅਚੰਭੇ ਕੀਤੇ, ਜਸਿ ਨੂੰ ਤੁਸੀ ਆਪ ਵੇਖਆਿ ਹੈ  ਪਰ ਤੁਸੀ ਉਸ ਨੂੰ ਸਲੀਬ ਦੇ ਦਤਿੀ!



ਯਸ਼ੂ ਮਰਿਆ, ਪਰ ਪਰਮੇਸ਼ੁਰ ਨੇ ਉੱਸਨੂੰ ਮੁਰਦਿਆਂ ਵੱਚੋਂ ਜੀਉਂਦਾ ਕੀਤਾ  ਇਹ ਇਸ ਭਵੱਖਿਬਾਣੀ ਨੂੰ ਪੂਰਾ ਕਰਦਾ ਹੈ ਕਿ ਉਹ ਆਪਣੇ ਪਵੱਤਿਰ ਪੁਰਖ ਨੂੰ ਕਬਰ ਵੱਚਿ ਸੜਨ ਨਾ ਦੇਵੇਂਗਾ  ਅਸੀ ਇਸ ਸੱਚਆਿਈ ਦੇ ਗਵਾਹ ਹਾਂ, ਕਿ ਯਸ਼ੂ ਫਰਿ ਜੀ ਉੱਠਿਆ



ਯਸ਼ੂ ਨੇ ਹੁਣ ਪਰਮੇਸ਼ੁਰ ਪਤਿਾ ਦੇ ਸੱਜੇ ਹੱਥ ਨੂੰ ਉੱਚਾ ਕੀਤਾ  ਤਦ ਯਸ਼ੂ ਨੇ ਆਪਣਾ ਪਵੱਤਿਰ ਆਤਮਾ ਭੇਜਿਆ, ਜਸਿ ਤਰ੍ਹਾਂ ਉਸ ਨੇ ਕਹਿਾ, ਉਸ ਨੇ ਕੀਤਾ  ਪਵੱਤਿਰ ਆਤਮਾ ਦਸੱਦਾ ਹੈ, ਜਸਿਨੂੰ ਹੁਣ ਤੁਸੀ ਵੇਖਦੇ ਅਤੇ ਸੁਣੱਦੇ ਹੋ



“ਤੁਸੀ ਯਸ਼ੂ ਨੂੰ ਸਲੀਬ ਦਿੱਤੀ  ਪਰ ਪਰਮੇਸੁਰ ਨੇ ਯਸ਼ੂ ਨੂੰ ਪ੍ਰਭੂ ਅਤੇ ਮਸੀਹ ਵੀ ਕੀਤਾ !”



ਜਦ ਉਹਨਾਂ ਪਤਰਸ ਨੂੰ ਸੁਣਿਆ ਤਾਂ ਉਹਨਾਂ ਦੇ ਦਲਿ ਛਿਦ ਗਏ  ਇਸ ਲਈ ਉਹਨਾਂ ਨੇ ਪਤਰਸ ਅਤੇ ਯਸ਼ੂ ਦੇ ਚੇਲਿਆ ਨੂੰ ਪੁੱਛਿਆ, ਭਰਾਵੋ ਸਾਨੂੰ ਕੀ ਕਰਨਾ ਚਾਹੀਦਾ ਹੈ ?



ਪਤਰਸ ਨੇ ਉਹਨਾਂ ਨੂੰ ਕਹਿਾ, ਤੋਬਾ ਕਰੋ ਅਤੇ ਤੁਹਾਡੇ ਵੱਚਿ ਹਰ ਇੱਕ ਪਰਮੇਸੁਰ ਤੋ ਆਪੋ ਆਪਣੇ ਪਾਪਾਂ ਦੀ ਮਾਫ਼ੀ ਦੇ ਲਈ ਯਸ਼ੂ ਮਸੀਹ ਦੇ ਨਾਮ ਤੇ ਬਪਤਸਿਮਾ ਲਵੇ  ਤਾਂ ਉਹ ਤੁਹਾਨੂੰ ਪਵੱਤਿਰ ਆਤਮਾ ਦਾ ਦਾਨ ਦੇਵੇਗਾ



ਲਗਭਗ 3,000 ਲੋਕਾਂ ਨੇ ਪਤਰਸ ਦੇ ਕਹੇ ਅਨੁਸਾਰ ਵਸ਼ਿਵਾਸ ਕੀਤਾ ਅਤੇ ਯਸ਼ੂ ਦੇ ਚੇਲੇ ਬਣ ਗਏ ਉਹਨਾਂ ਨੇ ਬਪਤਸਿਮਾ ਲਆਿ ਅਤੇ ਯਰੂਸ਼ਲਮ ਵੱਚਿ ਕਲੀਸਯਿਾ ਦਾ ਹੱਸਿਾ ਬਣ ਗਏ



ਅਤੇ ਉਹ ਲਗਾਤਾਰ ਰਸੂਲਾਂ ਦੀ ਸਿੱਖਿਆ ਅਤੇ ਸੰਗਤ ਵਿੱਚ ਅਤੇ ਰੋਟੀ ਤੋੜਨ ਅਰ ਪ੍ਰਾਰਥਨਾ ਕਰਨ ਵਿੱਚ ਲੱਗੇ ਰਹੇ ਉਹ ਮਲਿ ਕੇ ਪਰਮੇਸੁਰ ਦੀ ਉਸਤਤ ਕਰਦੇ ਅਤੇ ਉਹ ਸਾਰੀਆ ਵਸਤਾਂ ਵਿੱਚ ਭਾਈ ਵਾਲ ਸਨ ਉਹ ਹਰੇਕ ਨੂੰ ਪਆਿਰੇ ਸਨ ਹਰ ਦਨਿ , ਹੋਰ ਲੋਕ ਨਹਿਚਾ ਕਰਨ ਲੱਗ ਪਏ

ਬਾਈਬਲ ਦੀ ਕਹਾਣੀ*: ਰਸੂਲ ਦੇ ਕਰਤੱਬ 2*

# 44. ਪਤਰਸ ਅਤੇ ਯੂਹੰਨਾ ਨੇ ਇੱਕ ਭਿਖਾਰੀ ਨੂੰ ਚੰਗਾ ਕੀਤਾ



ਇਕ ਦਨਿ , ਪਤਰਸ ਅਤੇ ਯੂਹੰਨਾ ਮੰਦਰ ਨੂੰ ਜਾ ਰਹੇ ਸਨ  ਜਦੋਂ ਉਹ ਮੰਦਰ ਦੇ ਗੇਟ ਕੋਲ ਪਹੁੰਚੇ, ਉਹਨਾਂ ਇੱਕ ਅਪਾਹਜ ਆਦਮੀ ਨੂੰ ਵੇਖਿਆ, ਜੋ ਕਾਂ ਪੈਸੇ ਲਈ ਬੇਨਤੀ ਕਰ ਰਹਿਾ ਸੀ



ਪਤਰਸ ਨੇ ਲੰਗੜੇ ਆਦਮੀ ਨੂੰ ਵੇਖਿਆ ਅਤੇ ਕਹਿਾ,ਮੇਰੇ ਕੋਲ ਤੁਹਾਡੇ ਦੇਣ ਲਈ ਕੋਈ ਵੀ ਪੈਸਾ ਨਹੀ ਹੈ ਪਰ ਮੈ ਤੈਨੂੰ ਦੇਵਾਂਗਾ, ਜੋ ਮੇਰੇ ਕੋਲ ਹੈ  ਯਸ਼ੂ ਦੇ ਨਾਮ ਤੇ , ਉੱਠ ਅਤੇ ਤੁਰ



ਤੁਰੰਤ , ਪਰਮੇਸੁਰ ਨੇ ਲੰਗੜੇ ਆਦਮੀ ਨੂੰ ਚੰਗਾ ਕੀਤਾ , ਅਤੇ ਉਹ ਤੁਰਿਆ ਅਤੇ ਆਲੇ-ਦੁਆਲੇ ਛਾਲਾਂ ਮਾਰੀਆਂ , ਅਤੇ ਪਰਮੇਸੁਰ ਦੀ ਉਸਤਤ ਕਰਨੀ ਸੁਰੂ ਕਰ ਦੱਤਿੀ ਮੰਦਰ ਦੇ ਵਹਿੜੇ ਵੱਚਿ ਲੋਕ ਹੈਰਾਨ ਸਨ



ਲੋਕਾਂ ਦੀ ਭੀੜ ਜਲਦੀ ਹੀ ਉਸ ਮਨੁੱਖ ਨੂੰ ਵੇਖਣ ਲਈ ਆਈ, ਰਾਜੀ ਕੀਤਾ ਗਆਿ ਸੀ , ਜਸਿਨੂੰ ਪਰਮੇਸ਼ਵਰ ਨੇ ਚੰਗਾ ਕੀਤਾ ਸੀ  ਪਤਰਸ ਨੇ ਲੋਕਾਂ ਨੂੰ ਕਹਿਾ , ਇਸ ਆਦਮੀ ਨੂੰ ਚੰਗਾ ਕੀਤੇ ਜਾਣ ਤੇ ਤੁਸੀ ਕਉਿ ਹੈਰਾਨ ਹੋ ? ਅਸੀ ਆਪਣੀ ਤਾਕਤ ਜਾਂ ਭਲਆਿਈ ਦੁਆਰਾ ਉਸਨੂੰ ਚੰਗਾ ਨਹੀ ਕੀਤਾ  ਇਸ ਦੀ ਬਜਾਇ , ਇਹ ਯਸਿੂ ਦੀ ਸ਼ਕਤੀ ਅਤੇ ਵਸ਼ਿਵਾਸ ਹੈ ਜਸਿ ਨਾਲ ਇਸ ਆਦਮੀ ਨੂੰ ਚੰਗਾ ਕੀਤਾ ਹੈ, ਜੋ ਕ ਿਪਰਮੇਸ਼ਵਰ ਦੀਂਦਾ ਹੈ



“ਤੁਸੀ ਉਹ ਲੋਕ ਹੋ ਜੰਿਨਾਂ ਰੋਮੀ ਹਾਕਮ ਤੋਂ ਯਸ਼ੂ ਦੀ ਮੋਤ ਮੰਗੀ ਤੁਸੀ ਜੀਵਨ ਦੇ ਲੇਖਕ ਨੂੰ ਮਾਰਿਆ , ਪਰ ਪਰਮੇਸੁਰ ਨੇ ਉਸ ਨੂੰ ਮੁਰਦਿਆਂ ਵੱਿਚੋਂ ਜਿਉਂਦਾ ਕੀਤਾ ਤੁਸੀ ਨਾ ਸਮਝ ਸਕੇ ਕਂਿ ਤੁਸੀ ਕੀ ਕਰ ਰਹੇ ਸੀ, ਪਰ ਪਰਮੇਸੁਰ ਨੇ ਤੁਹਾਡੇ ਕੰਮਾਂ ਨੂੰ ਅਪਣੇ ਅਗੰਮਵਾਕ ਨੂੰ ਪੂਰਾ ਕਰਨ ਲਈ ਵਰਤਿਆ, ਤਾਂ ਜੋ ਮਸੀਹਾ ਦੁੱਖ ਉਠਾਏ ਅਤੇ ਮਾਰਿਆ ਜਾਵੇ ਇਸ ਲਈ ਹੁਣ, ਤੋਬਾ ਕਰੋ ਅਤੇ ਮਨ ਫਰਿਾਓ ਤਾਂ ਜੋ ਤੁਹਾਡੇ ਪਾਪ ਧੋ ਕੇ ਦੂਰ ਕੀਤੇ ਜਾਣ ”



ਮੰਦਰ ਦੇ ਆਗੂ ਪਤਰਸ ਅਤੇ ਯੂਹੰਨਾ ਦੀ ਗੱਲਾਂ ਤੋਂ ਬਹੁਤ ਹੀ ਪਰੇਸ਼ਾਨ ਹੋਏ ਉਹਨਾਂ ਨੂੰ ਗ੍ਰਿਫਤਾਰ ਕਰ ਲਿਆ, ਅਤੇ ਕੈਦਖਾਨੇ ਵੱਿਚ ਪਾ ਦੱਿਤਾ ਪਰ ਬਹੁਤ ਸਾਰੇ ਲੋਕਾਂ ਨੇ ਪਤਰਸ ਦੇ ਸੁਨੇਹੇ ਤੇ ਵਸ਼ਿਵਾਸ ਕੀਤਾ, ਅਤੇ ਲਗਭਗ 5000 ਲੋਕਾਂ ਨੇ ਯਸ਼ੂ ਤੇ ਵਸ਼ਿਵਾਸ ਕੀਤਾ



ਅਗਲੇ ਦਨਿ , ਯਹੂਦੀ ਆਗੂ ਅਤੇ ਹੋਰ ਧਾਰਮਕਿ ਆਗੂ ਪਤਰਸ ਅਤੇ ਯੂਹੰਨਾ ਨੂੰ ਸਰਦਾਰ ਜਾਜਕ ਕੋਲ ਲੈ ਆਏ  ਉਹਨਾਂ ਪਤਰਸ ਅਤੇ ਯੂਹੰਨਾ ਨੂੰ ਕਹਿਾ, ਤੁਸੀ ਕਸਿ ਸ਼ਕਤੀ ਨਾਲ ਇਸ ਲੰਗੜੇ ਆਦਮੀ ਨੂੰ ਚੰਗਾ ਕੀਤਾ ?



ਪਤਰਸ ਨੇ ਉਤਰ ਦੱਤਾ, ਇਹ ਆਦਮੀ ਜੋ ਤੁਹਾਡੇ ਸਾਹਮਣੇ ਖੜ੍ਹਾ ਹੈ ਮਸੀਹ ਯਸ਼ੂ ਦੀ ਸ਼ਕਤੀ ਨਾਲ ਚੰਗਾ ਹੋਇਆ  ਤੁਸੀ ਯਸ਼ੂ ਨੂੰ ਸਲੀਬ ਦੱਤੀ , ਪਰ ਪਰਮੇਸ਼ੁਰ ਨੇ ਦੁਬਾਰਾ ਉਸਨੂੰ ਜੀਵਨ ਲਈ ਜਓਿਦਾ ਕੀਤਾ  ਤੁਸੀ ਉਸ ਨੂੰ ਸਵੀਕਾਰਆਿ ਨਹੀ , ਪਰ ਤੁਸੀ ਯਸ਼ੂ ਦੀ ਸ਼ਕਤੀ ਤੋਂ ਬਨਿਾਂ ਹੋਰ ਕਸਿ ਦੁਆਰਾ ਨਹੀ ਬਚਾਏ ਜਾ ਸਕਦੇ



ਆਗੂ ਇਹ ਵੇਖਕ ਕੇ ਹੈਰਾਨ ਹੋਏ ਕਿ ਪਤਰਸ ਅਤੇ ਯੂਹੰਨਾ ਬਹੁਤ ਦਲੇਰੀ ਨਾਲ ਗੱਲ ਕਰ ਰਹੇ ਸਨ ਜੋ ਕਿ ਅਨਪੜ੍ਹ ਅਤੇ ਆਮ ਆਦਮੀ ਸਨ  ਪਰ ਫਿਰ ਉਹਨਾਂ ਨੂੰ ਇਹ ਯਾਦ ਆਇਆ ਕਿ ਇਹ ਲੋਕ ਯਿਸੂ ਦੇ ਨਾਲ ਸੀ  ਬਾਅਦ ਵੱਿਚ ਉਹਨਾਂ ਪਤਰਸ ਅਤੇ ਯੂਹੰਨਾ ਨੂੰ ਧਮਕੀ ਦੇ ਕੇ ਛੱਡ ਦੱਿਤਾ

ਬਾਈਬਲ ਦੀ ਕਹਾਣੀ*:* ਰਸੂਲਾਂ ਦੇ ਕਰਤੱਬ  *3:1–4:22*

# 45. ਫ਼ਲਿਪ੍ਸ ਅਤੇ ਇਥੋਪੀਆਈ ਅਫ਼ਸਰ



ਸੁਰੂਆਤ ਦੇ ਦਨਿਾਂ ਵੱਿਚ ਚਰਚ ਦਾ ਆਗੂ ਇਕ ਸਟੀਫਨ ਨਾਮ ਦਾ ਮਨੁੱਖ ਸੀ ਉਹ ਇੱਕ ਚੰਗਾ ਨੇਕਨਾਮੀ ਸੀ ਅਤੇ ਪਵੱਿਤਰ ਆਤਮਾ ਅਤੇ ਬੁੱਧ ਨਾਲ ਭਰਪੂਰ ਸੀ ਸਟੀਫਨ ਨੇ ਬਹੁਤ ਸਾਰੇ ਕਰਸ਼ਿਮੇ ਕੀਤੇ ਅਤੇ ਲੋਕਾਂ ਨੂੰ ਯਸ਼ੂ ਤੇ ਵਸ਼ਿਵਾਸ ਕਰਨ ਲਈ ਕਾਇਲ ਕੀਤਾ



ਜਦ ਇੱਕ ਦਨਿ ਸਟੀਫਨ ਯਸ਼ੂ ਬਾਰੇ ਉਪਦੇਸ਼ ਦੇ ਰਹਿਾ ਸੀ, ਤਦ ਕੁਝ ਯਹੂਦੀ ਜੋ ਯਸ਼ੂ ਤੇ ਵਸ਼ਿਵਾਸ ਨਹੀ ਕਰਦੇ ਸਨ, ਸਟੀਫਨ ਨਾਲ ਬਹਸਿ ਕਰਨ ਲੱਗੇ ਉਹ ਬਹੁਤ ਗੁੱਸੇ ਨਾਲ ਭਰ ਗਏ ਅਤੇ ਧਾਰਮਕਿ ਆਗੂਆਂ ਨੇ ਸਟੀਫਨ ਬਾਰੇ ਝੂਠ ਬੋਲਆਿ ਉਹਨਾਂ ਨੇ ਕਹਿਾ, ਅਸੀ ਉਸ ਨੂੰ ਮੂਸਾ ਅਤੇ ਪਰਮੇਸੁਰ ਬਾਰੇ ਬਦੀ ਬੋਲਦੇ ਸੁਣਆਿ ਇਸ ਲਈ ਧਾਰਮਕਿ ਆਗੂਆਂ ਨੇ ਸਟੀਫਨ ਨੂੰ ਗ੍ਰਫਿਤਾਰ ਕੀਤਾ ਅਤੇ ਸਰਦਾਰ ਜਾਜਕ ਕੋਲ ਲੈ ਆਏ, ਜੱਿਥੇ ਹੋਰ ਯਹੂਦੀ ਝੂਠੇ ਆਗੂਆਂ ਅਤੇ ਗਵਾਹਾਂ ਨੇ ਸਟੀਫਨ ਬਾਰੇ ਝੂਠੀਆਂ ਗਵਾਹੀਆਂ ਦੱਿਤੀਆਂ



ਸਰਦਾਰ ਜਾਜਕ ਨੇ ਸਟੀਫਨ ਨੂੰ ਪੁੱਛਿਆ, ਇਹ ਸਭ ਕੁਝ ਸੱਚ ਹੈ ? ਸਟੀਫਨ ਨੇ ਪਰਮੇਸੁਰ ਦੇ ਉਹਨਾਂ ਮਹਾਨ ਕੰਮਾਂ ਨੂੰ ਯਾਦ ਕਰਕੇ ਜਵਾਬ ਦੱਿਤਾ ਜੋ ਉਸ ਨੇ ਅਬਰਾਹਾਮ ਅਤੇ ਯਸਿੂ ਦੇ ਸਮੇ ਤੇ ਕੀਤੇ ਸੀ ਅਤੇ ਕਸਿ ਤਰਾਂ ਪਰਮੇਸੁਰ ਦੇ ਲੋਕ ਲਗਾਤਾਰ ਉਸ ਦੀ ਅਣਆਗਆਿਕਾਰੀ ਕਰ ਰਹੇ ਹਨ ਫਰਿ ਉਸ ਨੇ ਕਹਿਾ, ਤੁਸੀ ਜ਼ਦਿੀ ਅਤੇ ਆਕੀ ਲੋਕਾਂ ਨੇ ਹਮੇਸ਼ਾ ਪਵੱਤਿਰ ਆਤਮਾ ਨੂੰ ਅਸਵਕਿਰਆਿ, ਜਸਿ ਤਰਾਂ ਤੁਹਾਡੇ ਪੁਰਖਆਿ ਨੇ ਹਮੇਸ਼ਾ ਪਰਮੇਸੁਰ ਨੂੰ ਅਸਵਕਿਰਆਿ ਅਤੇ ਉਸ ਦੇ ਨਬੀਆਂ ਨੂੰ ਮਾਰਆਿ ਪਰ ਤੁਸੀ ਉਹਨਾਂ ਤੋਂ ਵੀ ਬਦਤਰ ਕੀਤਾ, ਜੋ ਉਹਨਾਂ ਕੀਤਾ ਸੀ ਤੁਸੀ ਮਸੀਹ ਯਸਿੂ ਨੂੰ ਮਾਰਆਿ!



ਜਦੋ ਧਾਰਮਕਿ ਆਗੂਆਂ ਨੇ ਇਹ ਸੁਣਆਿ, ਉਹ ਗੁੱਸੇ ਵੱਚਿ ਆਏ ਅਤੇ ਆਪਣੇ ਕੰਨਾਂ ਨੂੰ ਢਕਆਿ ਅਤੇ ਜੋਰ ਨਾਲ ਚੀਕਾਂ ਮਾਰੀਆਂ ਉਹਨਾਂ ਸਟੀਫਨ ਨੂੰ ਧੂਹ ਕੇ ਸ਼ਹਰਿ ਬਾਹਰ ਕੱਢ ਦੱਿਤਾ ਅਤੇ ਉਸ ਨੂੰ ਮਾਰਨ ਲਈ ਉਸ ਤੇ ਪੱਥਰਾਵ ਕੀਤਾ



ਸਟੀਫਨ ਮਰ ਰਹਿਾ ਸੀ , ਉਸ ਨੇ ਕਹਿਾ “ਯਸ਼ੂ , ਮੇਰੀ ਆਤਮਾ ਨੂੰ ਸਵੀਕਾਰ ਕਰ ਫੇਰ ਉਹ ਗੋਡੇ ਟੇਕ ਕੇ ਉਚੀ ਬੋਲਿਆ ਕੀ ਹੇ ਪ੍ਭੁ ਇਹ ਪਾਪ ਉਨਾਂ ਦੇ ਜੁੰਮੇ ਨਾ ਲਾ ਫਰਿ ਉਸ ਦੀ ਮੌਤ ਹੋ ਗਈ|



ਸ਼ਾਊਲ ਨਾਮ ਦਾ ਇੱਕ ਨੌਜਵਾਨ ਆਦਮੀ ਉਹਨਾਂ ਲੋਕਾਂ ਨਾਲ ਸਹਮਿਤ ਸੀ,ਜਨਿ੍ਹਾਂ ਸਟੀਫਨ ਨੂੰ ਮਾਰਿਆ ਸੀ ਅਤੇ ਮਾਰੇ ਉਹ ਜੋ ਨਾ ਜਾਣੇ ਗੁਨਾਹ ਕੀ ਹੈ ਉਸ ਦਨਿ ਤੋਂ ਯਰੂਸ਼ਲਮ ਵਚਿੱ ਬਹੁਤ ਸਾਰੇ ਲੋਕਾਂ ਨੇ ਯਸ਼ੂ ਦੇ ਚੇਲਿਆਂ ਨੂੰ ਸਤਾਉਣਾ ਸ਼ੁਰੂ ਕਰ ਦੱਤਿਾ, ਇਸ ਲਈ ਬਹੁਤ ਸਾਰੇ ਵਸ਼ਿਵਾਸੀ ਹੋਰ ਸਥਾਨਾਂ ਨੂੰ ਭੱਜ ਗਏ ਪਰ ਇਸ ਦੇ ਬਾਵਜੂਦ, ਉਹ ਜਸਿ ਵੀ ਜਗ੍ਹਾ ਗਏ ਉਹਨਾਂ ਯਸ਼ੂ ਦਾ ਪ੍ਰਚਾਰ ਕੀਤਾ



ਫ਼ਲਿਪੁੱਸ ਨਾਮ ਦਾ ਯਸ਼ੂ ਦਾ ਇੱਕ ਚੇਲਾ ਸੀ ਜੋ ਅਤਿਆਚਾਰ ਦੌਰਾਨ ਯਰੂਸ਼ਲਮ ਤੋਂ ਭੱਜ ਗਿਆ ਸੀ ਉਹ ਸਾਮਰਿਯਾ ਨੂੰ ਚਲਾ ਗਿਆ ਅਤੇ ਉਸ ਨੇ ਯਸ਼ੂ ਬਾਰੇ ਪ੍ਰਚਾਰ ਕੀਤਾ, ਜੱਥੇ ਉਸ ਨੇ ਬਹੁਤ ਸਾਰੇ ਲੋਕਾਂ ਨੂੰ ਬਚਾਇਆ ਫਰਿ ਇੱਕ ਦਨਿ, ਪਰਮੇਸੁਰ ਦਾ ਇੱਕ ਦੂਤ ਫ਼ਲਿਪੁੱਸ ਕੋਲ ਆਇਆ ਅਤੇ ਉਜਾੜ ਵੱਚਿ ਜਾਣ ਲਈ ਫ਼ਲਿਪੁੱਸ ਨੂੰ ਕਹਿਾ ਜਸਿ ਤਰਾਂ ਹੀ ਫ਼ਲਿਪੁੱਸ ਸੜਕ ਤੇ ਘੁੰਮ ਰਹਿਾ ਸੀ, ਉਸਨੇ ਆਪਣੇ ਰਥ ਵਚਿ ਸਵਾਰ ਈਥੋਪੀਆ ਦੇ ਇੱਕ ਮਹੱਤਵਪੂਰਨ ਅਧਕਿਾਰੀ ਨੇ ਦੇਖਆਿ ਸੀ ਪਵੱਤਿਰ ਆਤਮਾ ਨੇ ਫ਼ਲਿਪੁੱਸ ਨੂੰ ਉਸ ਆਦਮੀ ਕੋਲ ਜਾਣ ਅਤੇ ਉਸ ਆਦਮੀ ਨਾਲ ਗੱਲ ਕਰਨ ਲਈ ਕਹਿਾ



ਜਦੋਂ ਫ਼ਲਿਪੁੱਸ ਰੱਥ ਤੇ ਪਹੁੰਚਆਿ ਉਸ ਨੇ ਈਥੋਪੀਅਨ ਨੂੰ ਕੁੱਝ ਪੜ੍ਹਦੇ ਸੁਣਆਿ ਜੋ ਯਸਾਯਾਹ ਨਬੀ ਨੇ ਲਖਿਆਿ ਸੀ ਮਨੁੱਖ ਇਹ ਪੱੜ੍ ਰਹਿਾ ਸੀ ਕਿ ਉਹ ਲੇਲੇ ਦੀ ਨਆਿਈ ਕੱਟੇ ਜਾਣ ਲਈ ਲਆਿਂਦਾ ਗਆਿ ਅਰ ਜਵਿੇਂ ਲੇਲਾ ਆਪਣੀ ਉੱਨ ਕਤਰਨ ਵਾਲੇ ਦੇ ਅੱਗੇ ਗੂੰਗਾ ਰਹੰਿਦਾ ਹੈ, ਤਵਿੇਂ ਹੀ ਉਹ ਆਪਣਾ ਮੂੰਹ ਨਹੀ ਖੋਲਦਾ ਉਹਨਾਂ ਉਸ ਨਾਲ ਚੰਗਾ ਵਹਿਾਰ ਨਹੀ ਕੀਤਾ ਅਤੇ ਨਾ ਹੀ ਉਸ ਦਾ ਆਦਰ ਕੀਤਾ ਉਹ ਉਸਨੂੰ ਉਸ ਦੀ ਜ਼ੰਿਦਗੀ ਤੋਂ ਦੂਰ ਲੈ ਗਏ



ਫ਼ਲਿਪੁੱਸ ਨੇ ਇਥੋਪੀਆਈ ਨੂੰ ਪੁੱਛਿਆ, ਕੀ ਜੋ ਤੂੰ ਪੜ੍ਹ ਰਹਿਾ ਹੈ ਉਸਨੂੰ ਸਮਝਦਾ ਵੀ ਹੈ ? ਇਥੋਪੀਆਈ ਨੇ ਜਵਾਬ ਦੱਿਤਾ, ਨਹੀ ਮੈ ਇਸ ਨੂੰ ਸਮਝ ਨਹੀ ਸਕਦਾ, ਜਦੋਂ ਤੱਕ ਕੋਈ ਸਮਜਾਉਣ ਵਾਲਾ ਨਾ ਹੋਵੇ ਕਰਿਪਾ ਕਰਕੇ ਆਓ ਤੇ ਮੇਰੇ ਨਾਲ ਬੈਠੋ ਯਸਾਯਾਹ ਨੇ ਇਹ ਆਪਣੇ ਬਾਰੇ ਲਖਿਆਿ ਜਾਂ ਕਸਿੇ ਹੋਰ ਵਅਿਕਤੀ ਦੇ ਬਾਰੇ ?



ਫ਼ਲਿਪੁੱਸ ਨੇ ਇਥੋਪਆਿਈ ਮਨੁੱਖ ਨੂੰ ਸਮਝਾਇਆ ਕਿ ਯਸਾਯਾਹ ਯਸੂਿ ਬਾਰੇ ਲਖਿ ਰਹਿਾ ਸੀ ਫ਼ਲਿਪੁੱਸ ਨੇ ਉਸ ਨੂੰ ਯਸੂਿ ਦੀ ਖ਼ੁਸ਼ ਖ਼ਬਰੀ ਦੱਸਣ ਲਈ ਬਾਈਬਲ ਦਾ ਹੋਰ ਵੀ ਇਸਤੇਮਾਲ ਕੀਤਾ



ਫ਼ਲਿਪ੍ਪੁੱਸ ਅਤੇ ਇਥੋਪੀਆਈ ਸਫ਼ਰ ਦੇ ਦੋਰਾਨ, ਪਾਣੀ ਦੇ ਕੋਲ ਪਹੁੰਚੇ ਇਥੋਪੀਆਈ ਨੇ ਕਹਿਾ, ਦੇਖੋ ਉੱਥੇ ਕੁਝ ਪਾਣੀ ਹੈ ਮੈਨੂੰ ਬਪਤਸਿਮਾ ਦੱਤਾ ਜਾ ਸਕਦਾ ਹੈ ? ਅਤੇ ਉਸ ਨੇ ਡਰਾਈਵਰ ਨੂੰ ਰੱਥ ਨੂੰ ਰੋਕਣ ਲਈ ਕਹਿਾ



ਇਸ ਲਈ ਉਹ ਪਾਣੀ ਵੱਚਿ ਥੱਲੇ ਚਲੇ ਗਏ, ਅਤੇ ਫ਼ਲਿਪ੍ਪੁੱਸ ਨੇ ਇਥੋਪੀਆਈ ਨੂੰ ਬਪਤਸਿਮਾ ਦੱਤਾ ਬਾਅਦ ਵੱਚਿ ਉਹ ਪਾਣੀ ਦੇ ਬਾਹਰ ਆਏ, ਅਤੇ ਪਵੱਤਰ ਆਤਮਾ ਅਚਾਨਕ ਫ਼ਲਿਪ੍ਪੁੱਸ ਨੂੰ ਕਸਿੇ ਹੋਰ ਜਗ੍ਹਾ ਤੇ ਲੈ ਗਆਿ ਜੱਥੇ ਉਸ ਨੇ ਯਸ਼ੂ ਬਾਰੇ ਲੋਕਾਂ ਨੂੰ ਦੱਸਣਾ ਜਾਰੀ ਰੱਖਆਿ


ਇਥੋਪੀਆਈ ਲਗਾਤਾਰ ਆਪਣੇ ਘਰ ਵੱਲ ਯਾਤਰਾ ਕਰ ਰਹਿਾ ਸੀ, ਉਹ ਬਹੁਤ ਖੁਸ਼ ਸੀ ਕਂਿਉਸ ਨੇ ਯਸ਼ੂਿ ਨੂੰ ਜਾਣਿਆ

ਬਾਈਬਲ ਦੀ ਕਹਾਣੀ*:* ਕੰਮ *6:8−8:5; 8:26−40*

46. **ਪੱਲੂਸ ਦਾ ਮਸੀਹੀ ਬਣਨਾ **



ਸ਼ਾਊਲ ਇੱਕ ਨੌਜਵਾਨ ਸੀ ਉਹ ਉਹਨਾਂ ਦੇ ਬਸਤਰਾਂ ਦੀ ਰਾਖੀ ਕਰ ਰਹਿਾ ਸੀ ਜਨਿਾਂ ਸਟੀਫ਼ਨ ਨੂੰ ਮਾਰਆਿ ਸੀ ਉਹ ਯਸ਼ੂ ਤੇ ਵਸ਼ਿਵਾਸ ਨਹੀ ਸੀ ਕਰਦਾ, ਅਤੇ ਇਸ ਲਈ ਉਹ ਵਸ਼ਿਵਾਸੀਆਂ ਨੂੰ ਸਤਾਉਂਦਾ ਸੀ ਉਸ ਨੇ ਯਰੂਸ਼ਲਮ ਵੱਿਚ ਘਰ-ਘਰ ਜਾ ਕੇ ਆਦਮੀ ਅਤੇ ਮਹਲਿਾ ਦੋਨੋ ਨੂੰ ਗ੍ਰਫਿਤਾਰ ਕੀਤਾ ਅਤੇ ਕੈਦ ਵੱਿਚ ਪਾ ਦੱਤਿਾ ਸਰਦਾਰ ਜਾਜਕ ਨੇ ਸ਼ਾਊਲ ਨੂੰ ਆਗਆਿ ਦੱਤਿੀ ਕਿ ਉਹ ਦੰਮਸਿਕ ਦੇ ਸ਼ਹਰਿ ਨੂੰ ਜਾਵੇ ਅਤੇ ਮਸੀਹੀ ਲੋਕਾਂ ਨੂੰ ਗ੍ਰਫਿਤਾਰ ਕਰੇ ਅਤੇ ਵਾਪਸ ਯਰੂਸ਼ਲਮ ਵੱਿਚ ਲਆਿਉਣ ਲਈ ਕਹਿਾ



ਜਦੋਂ ਸ਼ਾਊਲ ਦੰਮਸਿਕ ਦੇ ਰਾਹ ਤੇ ਸੀ, ਸਵਰਗ ਤੋਂ ਇੱਕ ਰੋਸ਼ਨੀ ਉਸ ਦੇ ਆਲੇ-ਦੁਆਲੇ ਚਮਕੀ ਅਤੇ ਉਹ ਜ਼ਮੀਨ ਤੇ ਡੱਿਗ ਪਆਿ ਸ਼ਾਊਲ ਨੇ ਕਸਿੇ ਨੂੰ, ਸ਼ਾਊਲ ਕਹੰਿਦੇ ਸੁਣਆਿ ਸ਼ਾਊਲ ! ਤੂੰ ਮੈਨੂੰ ਕਉਿਂ ਸਤਾਉਂਦਾ ਹੈ ? ਸ਼ਾਊਲ ਨੇ ਪੁੱਛਆਿ, ਤੁਸੀ ਕੌਣ ਹੋ, ਗੁਰੂ ? ਯਸ਼ੂ ਨੇ ਜਵਾਬ ਦੱਤਿਾ, ਮੈ ਯਸ਼ੂ ਹਾਂ ਤੂੰ ਮੈਨੂੰ ਸਤਾਉਂਦਾ ਹੈ



ਜਦੋਂ ਸ਼ਾਊਲ ਉੱਠਿਆ, ਉਹ ਕੁੱਝ ਵੇਖ ਨਾ ਸਕਿਆ  ਉਸ ਦਾ ਦੋਸਤ ਉਸ ਨੂੰ ਦੰਮਸਿਕ ਨੂੰ ਲੈ ਕੇ ਗਿਆ ਸ਼ਾਊਲ ਨੇ ਤੀਂਨ ਦਨਿਾਂ ਤੋਂ ਨਾ ਹੀ ਕੁੱਝ ਖਾਧਾ ਤੇ ਨਾ ਹੀ ਕੁੱਝ ਪੀਤਾ ਸੀ



ਦੰਮਸਿਕ ਵੱਿਚ ਇੱਕ ਚੇਲਾ ਸੀ, ਜਸਿ ਦਾ ਨਾਮ ਹਨਾਨਯਿਾਹ ਸੀ  ਪਰਮੇਸੁਰ ਨੇ ਉਸ ਨੂੰ ਸ਼ਾਊਲ ਦੇ ਘਰ ਜਾਣ ਲਈ ਕਹਿਾ ਜੱਿਥੇ ਉਹ ਰਹਿ ਰਹਿਾ ਹੈ  ਆਪਣੇ ਹੱਥ ਉਸ ਉੱਤੇ ਰੱਖ ਤਾਂ ਜੋ ਉਹ ਫਰਿ ਤੋਂ ਦੇਖ ਸਕੇ ਪਰ ਹਨਾਨਯਿਾਹ ਨੇ ਕਹਿਾ, ਗੁਰੂ ਜੀ ਮੈਂ ਸੁਣਆਿ ਹੈ ਉਸ ਨੇ ਕਸਿ ਤਰਾਂ ਵਸ਼ਿਵਾਸੀਆਂ ਨੂੰ ਸਤਾਇਆ ਹੈ ਪਰਮੇਸੁਰ ਨੇ ਆਖਆਿ, ਜਾਓ  ਮੈਂ ਉਸ ਨੂੰ ਚੁਣਆਿ ਹੈ ਕਿ ਉਹ ਯਹੂਦੀ ਅਤੇ ਹੋਰ ਕੌਮਾਂ ਵੱਿਚ ਮੇਰੇ ਨਾਮ ਐਲਾਨ ਕਰੇ  ਉਹ ਮੇਰੇ ਨਾਮ ਦੇ ਲਈ ਬਹੁਤ ਸਤਾਇਆ ਜਾਵੇਗਾ "



ਇਸ ਲਈ ਹਨਾਨਯਿਾਹ ਸ਼ਾਊਲ ਕੋਲ ਗਆਿ, ਆਪਣੇ ਹੱਥਾਂ ਨੂੰ ਉਸ ਤੇ ਰੱਖਆਿ ਅਤੇ ਕਹਿਾ, ਯਸ਼ੂ ਨੇ ਮੈਨੂੰ ਭੇਜਆਿ ਹੈ ਜੋ ਤੁਹਾਡੇ ਲਈ ਰਾਹ ਵੱਚਿ ਪ੍ਰਗਟ ਹੋਇਆ ਸੀ ਕਿ ਤੁਸੀ ਆਪਣੀ ਦ੍ਰਸ਼ਿਟੀ ਫਰਿ ਹਾਸਲ ਕਰ ਸਕੋ ਅਤੇ ਪਵੱਤਿਰ ਆਤਮਾ ਨਾਲ ਭਰ ਜਾਓ  ਤੁਰੰਤ, ਸ਼ਾਊਲ ਫਰਿ ਵੇਖਣ ਦੇ ਯੋਗ ਹੋਇਆ, ਅਤੇ ਹਨਾਨਯਿਾਹ ਨੇ ਉਸ ਨੂੰ ਬਪਤਸਿਮਾ ਦੱਤਿਾ ਫਰਿ ਸ਼ਾਊਲ ਨੇ ਕੁਝ ਭੋਜਨ ਖਾਧਾ ਅਤੇ ਉਸ ਦੀ ਤਾਕਤ ਪਰਤ ਆਈ



ਓਸੇ ਸਮੇਂ ਸ਼ਾਊਲ ਨੇ ਦੰਮਸਿਕ ਵਚਿ ਯਹੂਦੀਆਂ ਨੂੰ ਪ੍ਰਚਾਰ ਕਰਨਾ ਸੁਰੂ ਕੀਤਾ ਅਤੇ ਆਖਆਿ, ਯਸ਼ੂ ਹੀ ਪਰਮੇਸੁਰ ਦਾ ਪੁੱਤਰ ਹੈ  ਯਹੂਦੀ ਹੈਰਾਨ ਹੋ ਗਏ ਜਸਿ ਮਨੁੱਖ ਨੇ ਵਸ਼ਿਵਾਸੀਆਂ ਨੂੰ ਤਬਾਹ ਕਰਨ ਦੀ ਕੋਸ਼ਸ਼ਿ ਕੀਤੀ ਸੀ ਹੁਣ ਉਹ ਵੀ ਯਸ਼ੂ ਤੇ ਵਸ਼ਿਵਾਸ ਕਰਦਾ ਹੈ  ਸੌਲੁਸ ਨੇ ਯਹੂਦੀਆਂ ਨਾਲ ਗੱਲ ਬਾਤ ਕੀਤੀ ਤੇ ਸਾਬਤ ਕੀਤਾ ਕਿ ਯਸ਼ੂ ਹੀ ਮਸੀਹਾ ਸੀ



ਕਈ ਦਨਿਾਂ ਦੇ ਬਾਅਦ, ਯਹੂਦੀਆਂ ਨੇ ਸ਼ਾਊਲ ਨੂੰ ਮਾਰਨ ਦੀ ਯੋਜਨਾ ਬਣਾਈ  ਉਹਨਾਂ ਨੇ ਲੋਕਾਂ ਨੂੰ ਉਸ ਤੇ ਨਜਰ ਰੱਖਣ ਲਈ ਭੇਜਆਿਤਾਂ ਕਿ ਉਸ ਨੂੰ ਮਾਰਆਿ ਜਾਵੇ  ਪਰ ਸ਼ਾਊਲ ਨੇ ਯੋਜਨਾ ਦੇ ਬਾਰੇ ਸੁਣਆਿ ਅਤੇ ਉਸ ਦੇ ਦੋਸਤ ਨੇ ਉਸ ਦੀ ਬਚਣ ਵੱਿਚ ਮਦਦ ਕੀਤੀ  ਇੱਕ ਰਾਤ ਉਹਨਾਂ ਸ਼ਹਰਿ ਦੀ ਕੰਧ ਤੋਂ ਉਸ ਨੂੰ ਇੱਕ ਟੋਕਰੀ ਵੱਿਚ ਲਟਕਾ ਦੱਿਤਾ  ਸ਼ਾਊਲ ਦੇ ਦੰਮਸਿਕ ਵੱਿਚੋ ਬਚਣ ਤੋਂ ਬਾਅਦ, ਉਸ ਨੇ ਯਸ਼ੂ ਬਾਰੇ ਪ੍ਰਚਾਰ ਕਰਨਾ ਜਾਰੀ ਰੱਖਆਿ



ਸ਼ਾਊਲ ਚੇਲਆਿਂ ਨੂੰ ਮਲਿਣ ਲਈ ਯਰੂਸ਼ਲਮ ਗਆਿ, ਪਰ ਉਹ ਉਸ ਤੋਂ ਡਰ ਗਏ  ਫਰਿ ਬਰਨਬਾਸ ਨਾਮ ਦਾ ਇੱਕ ਵਸ਼ਿਵਾਸੀ ਸ਼ਾਊਲ ਨੂੰ ਰਸੂਲਾਂ ਕੋਲ ਲੈ ਗਆਿ ਅਤੇ ਦੱਸਆਿ ਸ਼ਾਊਲ ਨੇ ਕਸਿ ਤਰਾਂ ਦੰਮਸਿਕ ਵਚਿ ਦਲੇਰੀ ਨਾਲ ਪ੍ਰਚਾਰ ਕੀਤਾ ਸੀ  ਬਾਅਦ ਵੱਿਚ, ਯਸ਼ੂ ਦੇ ਚੇਲਆਿਂ ਨੇ ਸ਼ਾਊਲ ਨੂੰ ਸਵੀਕਾਰ ਕਰ ਲਆਿ



ਕੁਝ ਵਸ਼ਿਵਾਸੀ ਜੋ ਯਰੂਸ਼ਲਮ ਵਿੱਚ ਅਤਆਿਚਾਰ ਦੇ ਸਮੇਂ ਦੂਰ ਅੰਤਾਕਯਿਾ ਦੇ ਸ਼ਹਰਿ ਵਿੱਚ ਚਲੇ ਗਏ ਸਨ ਅਤੇ ਉਹਨਾਂ ਉੱਥੇ ਯਸ਼ੂ ਬਾਰੇ ਪ੍ਰਚਾਰ ਕੀਤਾ  ਅੰਤਾਕਯਿਾ ਵਿੱਚ ਜ਼ਆਿਦਾਤਰ ਲੋਕ ਯਹੂਦੀ ਨਹੀ ਸਨ, ਪਰ ਪਹਲਿੀ ਵਾਰ ਬਹੁਤ ਸਾਰੇ ਲੋਕ ਵਸ਼ਿਵਾਸੀ ਬਣ ਗਏ  ਬਰਨਬਾਸ ਅਤੇ ਸ਼ਾਊਲ ਨਵੇਂ ਵਸ਼ਿਵਾਸੀਆਂ ਨੂੰ ਯਸ਼ੂ ਬਾਰੇ ਹੋਰ ਸੱਖਿਆ ਦੇਣ ਅਤੇ ਕਲੀਸਯਿਾ ਨੂੰ ਮਜ਼ਬੂਤ ਕਰਨ ਲਈ ਉੱਥੇ ਗਏ  ਉਹ ਅੰਤਾਕਯਿਾ ਹੀ ਸੀ, ਜੱਥੇ ਪਹਲਿੀ ਵਾਰ ਯਸ਼ੂ ਦੇ ਵਸ਼ਿਵਾਸੀਆਂ ਨੂੰ “ਮਸੀਹੀ” ਕਹਿਾ ਗਆਿ ਸੀ "



ਇੱਕ ਦਨਿ ਅੰਤਾਕਯਿਾ ਵਿੱਚ ਜਦੋਂ ਮਸੀਹੀ ਵਰਤ ਰੱਖਕੇ ਪ੍ਰਾਰਥਨਾ ਕਰ ਰਹੇ ਸਨ, ਪਵੱਤਿਰ ਆਤਮਾ ਨੇ ਕਹਿਾ ਮੇਰੇ ਕੰਮ ਲਈ ਬਰਨਬਾਸ ਅਤੇ ਸ਼ਾਊਲ ਨੂੰ ਅਲੱਗ ਕਰੋ, ਮੈਂ ਉਹਨਾਂ ਨੂੰ ਇਹ ਕਰਨ ਲਈ ਹੀ ਬੁਲਾਇਆ ਹੈ  ਇਸ ਲਈ ਅੰਤਾਕਯਿਾ ਵਿੱਚ ਕਲੀਸਯਿਾ ਨੇ ਬਰਨਬਾਸ ਅਤੇ ਸ਼ਾਊਲ ਲਈ ਪ੍ਰਾਰਥਨਾ ਕੀਤੀ ਅਤੇ ਆਪਣੇ ਹੱਥਾਂ ਨੂੰ ਉਹਨਾਂ ਤੇ ਰੱਖਆਿ  ਫਰਿ ਉਹਨਾਂ ਨੇ ਬਰਨਬਾਸ ਅਤੇ ਸ਼ਾਊਲ ਨੂੰ ਹੋਰ ਬਹੁਤ ਸਾਰੇ ਸਥਾਨਾਂ ਵਚਿ ਯਸ਼ੂ ਬਾਰੇ ਖ਼ੁਸ਼ ਖ਼ਬਰੀ ਦਾ ਪ੍ਰਚਾਰ ਕਰਨ ਲਈ ਬਾਹਰ ਭੇਜਆਿ  ਬਰਨਬਾਸ ਅਤੇ ਸ਼ਾਊਲ ਨੇ ਵੱਖ-ਵੱਖ ਕੌਮਾਂ ਦੇ ਲੋਕਾਂ ਨੂੰ ਸਖਾਇਆ ਅਤੇ ਬਹੁਤ ਸਾਰੇ ਲੋਕਾਂ ਨੇ ਯਸ਼ੂ ਤੇ ਵਸ਼ਿਵਾਸ ਕੀਤਾ

ਬਾਈਬਲ ਦੀ ਕਹਾਣੀ*: ਰਸੂਲਾਂ ਦੇ ਕਰਤੱਬ  8:3; 9:1–31; 11:19–26; 13:1–3*

# 47. ਪੌਲੁਸ ਅਤੇ ਸੀਲਾਸ ਫ਼ਲਿੱਪੈ ਵਚਿ



ਜਦੋਂ ਸ਼ਾਊਲ ਰੋਮਨ ਸਾਮਰਾਜ ਦੀ ਯਾਤਰਾ ਕਰ ਰਹਿਾ ਸੀ, ਉਸ ਨੇ ਆਪਣੇ ਰੋਮਨ ਨਾਮ ਨੂੰ ਵਰਤਣਾ ਸ਼ੁਰੂ ਕੀਤਾ, “ਪੌਲੁਸ” ਇਕ ਦਨਿ ਪੌਲੁਸ ਅਤੇ ਉਸ ਦਾ ਦੋਸਤ ਸੀਲਾਸ ਯਸ਼ਿੂ ਦੀ ਖ਼ੁਸ਼ ਖ਼ਬਰੀ ਦਾ ਪ੍ਰਚਾਰ ਕਰਨ ਲਈ ਫ਼ਲਿੱਪੈ ਨਗਰ ਨੂੰ ਗਏ  ਉਹ ਸ਼ਹਰਿ ਦੇ ਬਾਹਰ ਨਦੀ ਤੇ ਇੱਕ ਜਗ੍ਹਾ ਤੇ ਗਏ, ਜਿੱਥੇ ਲੋਕ ਪ੍ਰਾਰਥਨਾ ਕਰਨ ਲਈ ਇਕੱਠੇ ਹੋਏ ਸਨ  ਉੱਥੇ ਉਹਨਾਂ ਲੁਦਯਿਾ ਨਾਮ ਦੀ ਇੱਕ ਔਰਤ ਨਾਲ ਮੁਲਾਕਾਤ ਕੀਤੀ, ਉਹ ਇੱਕ ਵਪਾਰੀ ਸੀ  ਉਹ ਪਰਮੇਸ਼ੁਰ ਨੂੰ ਪਆਿਰ ਅਤੇ ਉਸ ਦੀ ਉਪਾਸਨਾ ਕਰਦੀ ਸੀ



ਪਰਮੇਸ਼ੁਰ ਨੇ ਲੁਦਯਿਾ ਦੇ ਦਲਿ ਨੂੰ ਖੋਲ੍ਹਆਿ, ਉਸ ਨੇ ਯਸ਼ਿੂ ਤੇ ਵਸ਼ਿਵਾਸ ਕੀਤਾ ਅਤੇ ਉਸ ਨੇ ਅਤੇ ਉਸ ਦੇ ਪਰਵਿਾਰ ਨੇ ਬਪਤਸਿਮਾ ਲਆਿ ਸੀ  ਉਸ ਨੇ ਪੌਲੁਸ ਅਤੇ ਸੀਲਾਸ ਨੂੰ ਆਪਣੇ ਘਰ ਰਹਣਿ ਦਾ ਸੱਦਾ ਦੱਤਿਾ, ਇਸ ਲਈ ਉਹ ਅਤੇ ਉਸ ਦਾ ਪਰਵਿਾਰ ਉਹਨਾਂ ਨਾਲ ਰਹਣਿ



ਪੌਲੁਸ ਅਤੇ ਸੀਲਾਸ ਅਕਸਰ ਪ੍ਰਾਰਥਨਾ ਦੇ ਸਥਾਨ ਤੇ ਲੋਕਾਂ ਨਾਲ ਮੁਲਾਕਾਤ ਕਰਦੇ ਸੀ  ਹਰ ਦਨਿ ਜਦ ਉਹ ਚਲੱਦੇ ਸੀ, ਇੱਕ ਗੁਲਾਮ ਕੁੜੀ ਜਸਿ ਨੂੰ ਭੂਤ ਚੰਿਬੜੇ ਸੀ ਉਹਨਾਂ ਦਾ ਪਿੱਛਾ ਕਰਦੀ ਸੀ  ਉਹ ਉਸ ਭੂਤ ਦੇ ਜ਼ਰੀਏ ਲੋਕਾਂ ਦੇ ਭਵਿੱਖ ਲਈ ਭਵਿੱਖਬਾਣੀ ਕਰਦੀ ਸੀ, ਜਸਿ ਨਾਲ ਉਹ ਆਪਣੇ ਮਾਲਕ ਲਈ ਬਹੁਤ ਸਾਰੇ ਪੈਸੇ ਕਮਾਂਉਦੀ ਸੀ



ਜਦੋਂ ਉਹ ਤੁਰ ਰਹੇ ਸਨ ਗੁਲਾਮ ਕੁੜੀ ਨੇ ਚਲਿਾਉਣਾ ਜਾਰੀ ਰੱਖਆਿ, ਇਹ ਵਅਿਕਤੀ ਅੱਤ ਮਹਾਨ ਪਰਮੇਸ਼ੁਰ ਦੇ ਸੇਵਕ ਹਨ  ਉਹ ਬਚਾਏ ਜਾਣ ਦਾ ਰਾਹ ਦੱਸ ਰਹੇ ਹਨ ! ਉਹ ਇਸ ਤਰਾਂ ਅਕਸਰ ਕਰਦੀ ਸੀ, ਜਸਿ ਕਰਕੇ ਪੌਲੁਸ ਨਾਰਾਜ਼ ਹੋ ਗਆਿ



ਅੰਤ ਵੱਿਚ ਇੱਕ ਦਨਿ ਜਦੋਂ ਫਰਿ ਉਸ ਗੁਲਾਮ ਕੁੜੀ ਨੇ ਚਲਿਾਉਣਾ ਸੁਰੂ ਕੀਤਾ, ਤਦ ਪੌਲੁਸ ਨੇ ਭੂਤ ਨੂੰ ਕਹਿਾ ਜੋ ਉਸ ਵਚਿ ਸੀ, ਯਸਿੂ ਦੇ ਨਾਮ ਤੇ ਬਾਹਰ ਆ ਉਸ ਸਮੇਂ ਭੂਤ ਉਸਨੂੰ ਛੱਡ ਗਏ



ਉਹ ਆਦਮੀ ਜਸਿਨੇ ਗੁਲਾਮ ਕੁੜੀ ਨੂੰ ਖਰੀਦਆਿ ਸੀ ਬਹੁਤ ਗੁੱਸੇ ਨਾਲ ਬਰ ਗਆਿ ਉਹਨਾਂ ਮਹਸਿੂਸ ਕੀਤਾ ਕ ਿਭੂਤ ਦੇ ਬਗੈਰ ਗੁਲਾਮ ਕੁੜੀ ਲੋਕਾਂ ਨੂੰ ਭਵੱਿਖ ਨਾ ਦੱਸ ਸਕੀ ਇਸ ਦਾ ਮਤਲਬ ਸੀ ਕ ਿਲੋਕ ਹੁਣ ਮਾਲਕ ਨੂੰ ਪੈਸੇ ਦਾ ਭੁਗਤਾਨ ਨਹੀ ਕਰਨਗੇ ਕਉਿਂਕ ਿਉਹ ਨਹੀ ਦੱਸ ਸਕੇਗੀ ਕ ਿਉਹਨਾਂ ਨਾਲ ਕੀ ਹੋਵੇਗਾ



ਇਸ ਲਈ ਗੁਲਾਮ ਕੁੜੀ ਦਾ ਮਾਲਕ ਪੌਲੁਸ ਅਤੇ ਸੀਲਾਸ ਨੂੰ ਰੋਮਨ ਅਧਕਿਾਰੀਆਂ ਕੋਲ ਲੈ ਗਿਆ, ਉਹਨਾਂ ਪੌਲੁਸ ਅਤੇ ਸੀਲਾਸ ਨੂੰ ਮਾਰਾਇਆ ਅਤੇ ਉਹਨਾਂ ਨੂੰ ਜੇਲ੍ਹ ਵੱਿਚ ਸੁੱਟ ਦੱਿਤਾ



ਪੌਲੁਸ ਅਤੇ ਸੀਲਾਸ ਨੂੰ ਜੇਲ੍ਹ ਦੇ ਸਭ ਤੋਂ ਸੁਰੱਖਿਅਤ ਹੱਿਸੇ ਵੱਿਚ ਪਾ ਦੱਿਤਾ ਅਤੇ ਉਹਨਾਂ ਦੇ ਪੈਰਾਂ ਨੂੰ ਬੰਦ ਕਰ ਦੱਿਤਾ  ਪਰ ਰਾਤ ਦੇ ਮੱਧ ਵੱਿਚ, ਉਹ ਪਰਮੇਸ਼ੁਰ ਦੀ ਉਸਤਤ ਦੇ ਗੀਤ ਗਾ ਰਹੇ ਸਨ



ਅਚਾਨਕ , ਇੱਕ ਹਸਿੰਕ ਭੁਚਾਲ ਆਇਆ  ਜੇਲ ਦੇ ਸਾਰੇ ਦਰਵਾਜ਼ੇ ਖੁੱਲ੍ਹ ਗਏ, ਅਤੇ ਸਾਰੇ ਕੈਦੀਆਂ ਦੀਆਂ ਬੇੜੀਆਂ ਖੁੱਲ੍ਹ ਗਈਆਂ



ਦਰੋਗਾ ਜਾਗ ਉਠਿਆ, ਅਤੇ ਉਸ ਨੇ ਦੇਖਿਆ ਜੇਲ੍ਹ ਦੇ ਦਰਵਾਜ਼ੇ ਖੁੱਲ੍ਹੇ ਸਨ, ਉਹ ਘਬਰਾ ਗਿਆ ਸੀ  ਉਸ ਨੇ ਸੋਚਿਆ ਸਾਰੇ ਕੈਦੀ ਫਰਾਰ ਹੋ ਗਏ, ਇਸ ਲਈ ਉਸ ਨੇ ਆਪਣੇ-ਆਪ ਨੂੰ ਮਾਰਨ ਦੀ ਯੋਜਨਾ ਬਣਾਈ  ( ਉਹ ਜਾਣਦਾ ਸੀ ਕਿ ਰੋਮਨ ਅਧਿਕਾਰੀ ਉਸ ਨੂੰ ਮਾਰ ਦੇਣਗੇ ਸੀ, ਜੇ ਉਸ ਨੇ ਕੈਦੀਆਂ ਨੂੰ ਭਜੱਣ ਦੀ ਇਜਾਜ਼ਤ ਦਿੱਤੀ ) ਪਰ ਪੌਲੁਸ ਨੇ ਉਸਨੂੰ ਵੇਖਿਆ ਅਤੇ ਚੀਲਾਇਆ, ਰੁਕੋ  ਆਪਣੇ ਆਪ ਨੂੰ ਨੁਕਸਾਨ ਨਾ ਕਰੋ  ਸਾਨੂੰ ਸਾਰੇ ਇੱਥੇ ਹਾਂ



ਉਹ ਕੰਬਦਾ ਹੋਇਆ ਪੌਲੁਸ ਅਤੇ ਸੀਲਾਸ ਕੋਲ ਆਇਆ ਅਤੇ ਪੁੱਛਿਆ, ਕਿ ਮੈਨੂੰ ਕੀ ਕਰਨਾ ਚਾਹੀਦਾ ਹੈ ਤਾਂ ਜੋ ਬਚਾਇਆ ਜਾਵਾਂ ? ਪੌਲੁਸ ਨੂੰ ਜਵਾਬ ਦਿੱਤਾ, ਯਿਸੂ ਜੋ ਗੁਰੂ ਹੈ ਤੇ ਵਿਸ਼ਵਾਸ ਕਰੋ, ਅਤੇ ਤੂੰ ਅਤੇ ਤੁਹਾਡਾ ਪਰਵਿਾਰ ਬਚਾਇਆ ਜਾਵੇਗਾ ਫਿਰ ਦਰੋਗਾ ਪੌਲੁਸ ਅਤੇ ਸੀਲਾਸ ਨੂੰ ਆਪਣੇ ਘਰ ਲੈ ਗਆਿ ਅਤੇ ਉਹਨਾਂ ਦੇ ਜ਼ਖਮ ਧੋਤੇ ਪੌਲੁਸ ਨੇ ਉਸ ਦੇ ਘਰ ਵਚਿ ਹਰ ਕਸਿ ਨੂੰ ਯਸਿੂ ਬਾਰੇ ਖੁਸ਼ ਖ਼ਬਰੀ ਦਾ ਪ੍ਰਚਾਰ ਕੀਤਾ



ਦਰੋਗਾ ਅਤੇ ਉਸ ਦੇ ਸਾਰੇ ਪਰਵਿਾਰ ਨੇ ਯਸਿੂ ਵੱਿਚ ਵਸਿ਼ਵਾਸ ਕੀਤਾ ਅਤੇ ਬਪਤਸਿਮਾ ਲਆਿ ਫਰਿ ਦਰੋਗਾ ਨੇ ਪੌਲੁਸ ਅਤੇ ਸੀਲਾਸ ਨੂੰ ਭੋਜਨ ਦੱਿਤਾ ਅਤੇ ਉਹ ਇਕੱਠੇ ਖੁਸ਼ ਸਨ



ਅਗਲੇ ਦਨਿ ਸ਼ਹਰਿ ਦੇ ਆਗੂ ਨੇ ਪੌਲੁਸ ਅਤੇ ਸੀਲਾਸ ਨੂੰ ਜੇਲ੍ਹ ਤੋਂ ਰੀਹਾ ਕੀਤਾ ਅਤੇ ਫ਼ਲਿੱਪੈ ਛੱਡ ਜਾਣ ਲਈ ਕਹਿਾ ਪੌਲੁਸ ਅਤੇ ਸੀਲਾਸ ਅਤੇ ਕੁਝ ਹੋਰ ਦੋਸਤਾਂ ਨੇ ਲੁਦਯਿਾ ਦਾ ਦੌਰਾ ਕੀਤਾ ਅਤੇ ਫਰਿ ਸ਼ਹਰਿ ਛੱਡ ਦੱਿਤਾ ਯਸਿੂ ਬਾਰੇ ਖੁਸ਼ ਖ਼ਬਰੀ ਫੈਲਾਉਣਾ ਅਤੇ ਕਲੀਸੀਆ ਨੂੰ ਵਧਾਉਣਾ ਜਾਰੀ ਰੱਖਆਿ



ਪੌਲੁਸ ਅਤੇ ਹੋਰ ਮਸੀਹੀ ਆਗੂਆਂ ਨੇ ਬਹੁਤ ਸਾਰੇ ਸ਼ਹਰਿਾਂ ਦੀ ਯਾਤਰਾ ਕੀਤੀ, ਅਤੇ ਲੋਕਾਂ ਨੂੰ ਯਸਿੂ ਬਾਰੇ ਖੁਸ਼ ਖ਼ਬਰੀ ਦਾ ਪ੍ਰਚਾਰ ਅਤੇ ਉਪਦੇਸ਼ ਕੀਤਾ ਉਹਨਾਂ ਕਲੀਸੀਆ ਵੱਿਚ ਵਸ਼ਿਵਾਸੀਆਂ ਨੂੰ ਉਤਸ਼ਾਹਤਿ ਕਰਨ ਅਤੇ ਸੱਿਖਆਿ ਦੇਣ ਲਈ ਬਹੁਤ ਸਾਰੇ ਪਤੱਰ ਲਖਿੇ ਇਹਨਾਂ ਵੱਿਚੋਂ ਕੁਝ ਪਤੱਰ ਬਾਈਬਲ ਦੀ ਕਤਿਾਬਾਂ ਬਣ ਗਏ

ਬਾਈਬਲ ਦੀ ਕਹਾਣੀ: ਰਸੂਲਾਂ ਦੇ ਕਰਤੱਬ *16:11–40*

# 48. ਯਿਸੂ ਨੇ ਵਾਅਦੇ ਕੀਤਾ ਦਾ ਮਸੀਹਾ ਹੈ



ਜਦੋਂ ਪਰਮੇਸੁਰ ਨੇ ਇਸ ਸੰਸਾਰ ਨੂੰ ਬਣਾਇਆ ਸੀ, ਸਭ ਕੁਝ ਮੁਕੰਮਲ ਸੀ  ਇੱਥੇ ਕੋਈ ਪਾਪ ਨਹੀ ਸੀ ਆਦਮ ਅਤੇ ਹਵਾ ਨੇ ਇੱਕ-ਦੂਜੇ ਨੂੰ ਪਿਆਰ ਕੀਤਾ, ਅਤੇ ਉਹਨਾਂ ਪਰਮੇਸੁਰ ਨੂੰ ਵੀ ਪਿਆਰ ਕੀਤਾ  ਇੱਥੇ ਕੋਈ ਵੀ ਬਮਿਾਰੀ ਅਤੇ ਮੌਤ ਨਹੀ ਸੀ  ਪਰਮੇਸੁਰ ਇਸ ਤਰਾਂ ਦਾ ਸੰਸਾਰ ਚਾਹੁੰਦਾ ਸੀ



ਸ਼ਤਾਨ ਨੇ ਹਵਾ ਨੂੰ ਗੁਮਰਾਹ ਕਰਨ ਲਈ ਸੱਪ ਦੇ ਜ਼ਰੀਏ ਬਾਗ ਵਿੱਚ ਗੱਲ ਕੀਤੀ  ਫਰਿ ਉਸ ਨੇ ਅਤੇ ਆਦਮ ਨੇ ਪਰਮੇਸੁਰ ਦੇ ਵਰਿੁੱਧ ਪਾਪ ਕੀਤਾ  ਕਉਿਂਕ ਿਉਹਨਾਂ ਨੇ ਪਾਪ ਕੀਤਾ, ਇਸ ਕਰਕੇ ਧਰਤੀ ਤੇ ਹਰ ਕੋਈ ਬਮਿਾਰ ਅਤੇ ਹਰ ਕੋਈ ਮਰਨ ਲੱਗਾ



ਕਿਉਂਕਿ ਆਦਮ ਅਤੇ ਹਵਾ ਦੇ ਪਾਪ ਕਰਨ ਕਰਕੇ, ਕੁਝ ਅਜਿਹਾ ਹੋਰ ਵੀ ਭਿਆਨਕ ਵਾਪਰਿਆ ਉਹ ਪਰਮੇਸ਼ੁਰ ਦੇ ਦੁਸ਼ਮਣ ਬਣ ਗਏ ਇਸ ਦੇ ਨਤੀਜੇ ਦੇ ਤੌਰ ਤੇ, ਫਿਰ ਬਾਅਦ ਵਿੱਚ ਹਰ ਵਿਅਕਤੀ ਇੱਕ ਪਾਪੀ ਸੁਭਾਅ ਦੇ ਨਾਲ ਪੈਦਾ ਹੋਇਆ ਅਤੇ ਉਹ ਵੀ ਪਰਮੇਸ਼ੁਰ ਦਾ ਦੁਸ਼ਮਣ ਗਿਆ ਪਰਮੇਸ਼ੁਰ ਅਤੇ ਲੋਕਾਂ ਵਿਚਕਾਰ ਰਿਸ਼ਤਾ ਪਾਪ ਕਰਕੇ ਟੁੱਟ ਗਿਆ ਪਰ ਪਰਮੇਸ਼ੁਰ ਨੇ ਇਸ ਰਿਸ਼ਤੇ ਨੂੰ ਮੁੜ ਬਣਾਉਣ ਲਈ ਇੱਕ ਯੋਜਨਾ ਬਣਾਈ



ਪਰਮੇਸ਼ੁਰ ਨੇ ਵਾਅਦਾ ਕੀਤਾ ਸੀ ਕਿ ਹਵਾ ਦੀ ਔਲਾਦ ਦੁਆਰਾ ਸ਼ਤਾਨ ਦਾ ਸਿਰ ਕੁਚਲਿਆ ਜਾਵੇਗਾ , ਅਤੇ ਸ਼ਤਾਨ ਉਸ ਦੀ ਅੱਡੀ ਨਾਲ ਲਪੇਟਿਆ ਜਾਵੇਗਾ ਇਸ ਦਾ ਮਤਲਬ ਇਹ ਸੀ ਕਿ ਸ਼ਤਾਨ ਮਸੀਹਾ ਨੂੰ ਮਾਰੇਗਾ, ਪਰ ਪਰਮੇਸ਼ੁਰ ਨੇ ਜੀਵਨ ਲਈ ਉਸ ਨੂੰ ਜੀਉਂਦਾ ਕੀਤਾ, ਅਤੇ ਫਿਰ ਮਸੀਹਾ ਹਮੇਸ਼ਾ ਲਈ ਸ਼ੈਤਾਨ ਦੀ ਸ਼ਕਤੀ ਨੂੰ ਕੁਚਲ ਦੇਵੇਗਾ ਕਈ ਸਾਲਾਂ ਬਾਅਦ , ਪਰਮੇਸ਼ੁਰ ਨੇ ਪ੍ਰਗਟਾਇਆ ਕਿ ਯਿਸੂ ਹੀ ਮਸੀਹਾ ਹੈ



ਪਰਮੇਸ਼ੁਰ ਨੇ ਜਦੋਂ ਜਲ-ਪਰਲੋ ਨਾਲ ਸਾਰੀ ਧਰਤੀ ਨੂੰ ਤਬਾਹ ਕਰ ਦਿੱਤਾ, ਉਸ ਨੇ ਲੋਕਾਂ ਨੂੰ ਬਚਾਉਣ ਲਈ ਬੇੜੀ ਮੁਹੱਈਆ ਕੀਤੀ, ਜੋ ਉਸ ਵਿੱਚ ਵਿਸ਼ਵਾਸ ਕਰਦੇ ਸੀ  ਉਸੇ ਤਰੀਕੇ ਨਾਲ, ਹਰ ਕੋਈ ਆਪਣੇ ਪਾਪ ਕਾਰਣ ਤਬਾਹ ਹੋਣ ਦਾ ਹੱਕਦਾਰ ਸੀ, ਪਰ ਪਰਮੇਸ਼ੁਰ ਨੇ ਯਿਸੂ ਨੂੰ ਦੇ ਦਿੱਤਾ ਜੋ ਕੋਈ ਉਸ ਵਿੱਚ ਵਿਸ਼ਵਾਸ ਕਰੇਗਾ ਬਚਾਇਆ ਲਈ ਜਾਵੇਗਾ



ਕਈ ਸਾਲਾਂ ਤੋਂ , ਜਾਜਕ ਲਗਾਤਾਰ ਲੋਕਾਂ ਦੇ ਪਾਪਾਂ ਲਈ ਸਜ਼ਾ ਨੂੰ ਦਿਖਾਉਣ ਲਈ ਜਿਸ ਦੇ ਉਹ ਹੱਕਦਾਰ ਹਨ, ਪਰਮੇਸ਼ੁਰ ਨੂੰ ਬਲੀਦਾਨ ਦੀ ਪੇਸ਼ਕਸ਼ ਕੀਤੀ  ਪਰ ਉਹਨਾਂ ਬਲੀਦਾਨਾਂ ਨਾਲ ਉਹ ਆਪਣੇ ਪਾਪ ਦੂਰ ਨਾ ਕਰ ਸਕੇ ਯਿਸੂ ਮਹਾਨ ਸਰਦਾਰ ਜਾਜਕ ਹੈ  ਹੋਰ ਜਾਜਕਾਂ ਦੇ ਉਲਟ ,ਸਿਰਫ ਉਸ ਨੇ ਆਪਣੇ ਬਲੀਦਾਨ ਦੀ ਪੇਸ਼ਕਸ ਕੀਤੀ ਤਾਂ ਜੋ ਸੰਸਾਰ ਵਿੱਚ ਸਾਰੇ ਲੋਕਾਂ ਦੇ ਪਾਪਾਂ ਨੂੰ ਦੂਰ ਕਰ ਸਕਦਾ ਹੈ  ਯਿਸੂ ਮੁਕੰਮਲ ਸਰਦਾਰ ਜਾਜਕ ਸੀ ਕਿਉਂਕਿ ਉਸ ਨੇ ਹਰ ਪਾਪ ਦੀ ਸਜ਼ਾ ਨੂੰ ਲੈ ਲਿਆ ਜੋ ਕਿਸੇ ਵੀ ਵਿਅਕਤੀ ਨੇ ਕਦੇ ਵੀ ਕੀਤਾ ਹੈ



ਪਰਮੇਸ਼ੁਰ ਨੇ ਅਬਰਾਹਾਮ ਨੂੰ ਕਹਿਾ ਧਰਤੀ ਦੀਆਂ ਸਾਰੀਆਂ ਕੌਮਾਂ ਨੂੰ ਉਸ ਦੁਆਰਾ ਅਸੀਸ ਦੱਿਤੀ ਜਾਵੇਗੀ ਯਸ਼ੂ ਅਬਰਾਹਾਮ ਦੇ ਘਰਾਣੇ ਦਾ ਸੀ ਸਾਰੀਆ ਕੌਮਾਂ ਉਸ ਦੁਆਰਾ ਅਸੀਸ ਪਾਉਣਗੀਆਂ ਕਉਿਕਾਂ ਜੋ ਕੋਈ ਯਸ਼ੂ ਵੱਿਚ ਵਸ਼ਿਵਾਸ ਕਰਦਾ ਹੈ ਉਹ ਹਰ ਪਾਪ ਤੋਂ ਬਚਾਇਆ ਗਆਿ ਹੈ ਅਤੇ ਅਬਰਾਹਾਮ ਦੀ ਰੂਹਾਨੀ ਔਲਾਦ ਬਣ ਰਹੇ ਹਨ



ਜਦੋਂ ਪਰਮੇਸ਼ੁਰ ਨੇ ਕੁਰਬਾਨੀ ਦੇ ਤੌਰ ਤੇ ਉਸ ਦੇ ਪੁੱਤਰ ਇਸਹਾਕ ਬਾਰੇ ਅਬਰਾਹਾਮ ਨੂੰ ਦੱਸਆਿ, ਤਦ ਪਰਮੇਸ਼ੁਰ ਨੇ ਇਸਹਾਕ ਦੇ ਬਲੀਦਾਨ ਦੀ ਬਜਾਏ ਉਸ ਨੂੰ ਇੱਕ ਲੇਲਾ ਦੱਿਤਾ ਅਸੀ ਸਾਰੇ ਆਪਣੇ ਪਾਪਾਂ ਲਈ ਮਰਨ ਦੇ ਹੱਕਦਾਰ ਹਾਂ ਪਰਮੇਸ਼ੁਰ ਨੇ ਯਸ਼ੂ ਨੂੰ ਮੁਹੱਈਆ ਕਰਵਾਇਆ, ਪਰਮੇਸ਼ੁਰ ਦਾ ਲੇਲਾ ਜਸਿ ਨੇ ਸਾਡੀ ਜਗ੍ਹਾ ਮਰ ਕੇ ਆਪਣਾ ਬਲਦਿਾਨ ਦੱਿਤਾ



ਜਦੋਂ ਪਰਮੇਸੁਰ ਨੇ ਮਸਿਰ ਤੇ ਆਖਰੀ ਬਵਾ ਨੂੰ ਭੇਜਆਿ, ਉਸ ਨੇ ਹਰ ਇਸਰਾਏਲੀ ਪਰਵਿਾਰ ਨੂੰ ਕਹਿਾ ਇਕ ਸੰਪੂਰਣ ਲੇਲੇ ਨੂੰ ਮਾਰ ਕੇ ਉਸ ਦਾ ਲਹੂ ਆਪਣੇ ਘਰ ਦੇ ਦਰਵਾਜ਼ੇ ਦੇ ਸਖਿਰ ਅਤੇ ਇੱਕ ਪਾਸੇ ਤੇ ਫੈਲਾ ਦਓਿ ਜਦੋਂ ਪਰਮੇਸੁਰ ਨੇ ਲਹੂ ਨੂੰ ਵੇਖਆਿ , ਉਸ ਨੇ ਉਹ ਘਰ ਛੱਡ ਦੱਤਿਾ ਅਤੇ ਉਸ ਘਰ ਦੇ ਜੇਠੇ ਪੁੱਤਰ ਨੂੰ ਨਹੀ ਮਾਰਆਿ ਸੀ ਇਸ ਘਟਨਾ ਨੂੰ ਪਸਾਹ ਕਹੰਿਦੇ ਹਨ



ਯਸ਼ੂ ਸਾਡੇ ਪਸਾਹ ਦਾ ਲੇਲਾ ਹੈ ਉਹ ਸੰਪੂਰਣ ਅਤੇ ਪਾਪ ਰਹਤਿ ਸੀ ਅਤੇ ਪਸਾਹ ਦੇ ਜਸ਼ਨ ਦੇ ਵੇਲੇ ਮਾਰ ਦੱਤਿਾ ਗਆਿ ਸੀ ਜਦੋਂ ਕੋਈ ਵੀ ਵਅਿਕਤੀ ਯਸ਼ੂ ਵੱਚਿ ਵਸ਼ਿਵਾਸ ਕਰਦਾ ਹੈ ਤਦ ਯਸ਼ੂ ਦਾ ਲਹੂ ਉਸ ਦੇ ਪਾਪਾਂ ਦੀ ਅਦਾਇਗੀ ਕਰਦਾ ਹੈ , ਅਤੇ ਉਹ ਪਰਮੇਸੁਰ ਦੀ ਸਜ਼ਾ ਤੋਂ ਬਚ ਜਾਦਾਂ ਹੈ



ਪਰਮੇਸ਼ੁਰ ਨੇ ਇਸਰਾਏਲੀਆਂ ਨਾਲ ਇੱਕ ਇਕਰਾਰਨਾਮਾ ਕੀਤਾ, ਕਿਉਂਕਿ ਉਹ ਉਸਦੇ ਚੁਣੇ ਹੋਏ ਲੋਕ ਹਨ ਪਰ ਪਰਮੇਸ਼ੁਰ ਨੇ ਇੱਕ ਨਵਾਂ ਇਕਰਾਰਨਾਮਾ ਕੀਤਾ ਜੋ ਹਰ ਕਿਸੇ ਲਈ ਉਪਲਬਧ ਹੈ ਇਸ ਨਵੇਂ ਇਕਰਾਰਨਾਮੇ ਦੇ ਕਰਕੇ, ਕਿਸੇ ਵੀ ਲੋਕ-ਸਮੂਹ ਦਾ ਕੋਈ ਵੀ ਵਿਅਕਤੀ ਯਿਸੂ ਵਿੱਚ ਵਿਸ਼ਵਾਸ ਕਰਕੇ ਪਰਮੇਸ਼ੁਰ ਦੇ ਲੋਕਾਂ ਦਾ ਹਿੱਸਾ ਬਣ ਸਕਦਾ ਹੈ



ਮੂਸਾ ਇੱਕ ਮਹਾਨ ਨਬੀ ਸੀ ਉਸ ਨੇ ਪਰਮੇਸ਼ੁਰ ਦੇ ਬਚਨ ਦਾ ਐਲਾਨ ਕੀਤਾ ਪਰ ਯਿਸੂ ਸਾਰਿਆਂ ਤੋਂ ਮਹਾਨ ਨਬੀ ਹੈ ਉਹ ਪਰਮੇਸ਼ੁਰ ਹੈ, ਇਸ ਲਈ ਉਸ ਨੇ ਜੋ ਕੀਤਾ ਅਤੇ ਕਿਹਾ ਸੀ ਸਭ ਕੁਝ ਪਰਮੇਸ਼ੁਰ ਦੇ ਸ਼ਬਦ ਤੇ ਕਾਰਵਾਈ ਸਨ ਇਸ ਲਈ ਯਿਸੂ ਨੂੰ ਪਰਮੇਸ਼ੁਰ ਦਾ ਬਚਨ ਨੂੰ ਕਿਹਾ ਗਿਆ ਹੈ



ਪਰਮੇਸ਼ੁਰ ਨੇ ਰਾਜਾ ਦਾਊਦ ਨਾਲ ਵਾਅਦਾ ਕੀਤਾ ਸੀ ਕਿ ਉਸ ਦੀ ਸੰਤਾਨ ਵਿੱਚੋਂ ਇੱਕ ਸਦਾ ਲਈ ਪਰਮੇਸ਼ੁਰ ਦੇ ਲੋਕਾਂ ਉੱਤੇ ਰਾਜ ਕਰੇਗਾ ਕਿਉਂਕਿ ਯਿਸੂ ਹੀ ਪਰਮੇਸ਼ੁਰ ਦਾ ਪੁੱਤਰ ਅਤੇ ਮਸੀਹਾ ਹੈ, ਇਸ ਕਰਕੇ ਉਹ ਦਾਊਦ ਦੀ ਖਾਸ ਔਲਾਦ ਹੈ ਜੋ ਹਮੇਸ਼ਾ ਲਈ ਰਾਜ ਕਰ ਸਕਦਾ ਹੈ



ਦਾਊਦ ਇਸਰਾਏਲ ਦਾ ਰਾਜਾ ਸੀ, ਪਰ ਯਿਸੂ ਸਾਰੇ ਬ੍ਰਹਮਿੰਡ ਦਾ ਰਾਜਾ ਹੈ ਉਹ ਮੁੜ ਆਏਗਾ ਅਤੇ ਨਿਆਂ ਅਤੇ ਸਾਂਤੀ ਨਾਲ ਸਦਾ ਲਈ ਰਾਜ ਕਰੇਗਾ

ਬਾਈਬਲ ਦੀ ਕਹਾਣੀ: ਉਤਪਤ *1–3,6,14,22;* ਕੂਚ *12,20; 2* ਸਮੂਏਲ *7;* ਇਬਰਾਂਨੀਆਂ ਨੂੰ *3:1–6,4:14–5:10,7:1–8:13,9:11–10:18;* ਪਰਕਾਸ਼ ਦੀ ਪੋਥੀ *21*

# 49. ਪਰਮੇਸ਼ੁਰ ਦੀ ਨਵੀਂ ਵਾਚਾ



ਇੱਕ ਦੂਤ ਨੇ ਮਰਯਿਮ ਨਾਮ ਦੀ ਇੱਕ ਕੁਆਰੀ ਨੂੰ ਦੱਸਿਆ ਕਿ ਉਹ ਪਰਮੇਸੁਰ ਦੇ ਪੁੱਤਰ ਨੂੰ ਜਨਮ ਦੇਵੇਗੀ ਜਦਕਿ ਉਹ ਅਜੇ ਵੀ ਇਕ ਕੁਆਰੀ ਸੀ, ਉਸ ਨੇ ਇੱਕ ਪੁੱਤਰ ਨੂੰ ਜਨਮ ਦਿੱਤਾ ਅਤੇ ਉਸ ਦਾ ਨਾਮ ਯਸ਼ੂ ਰੱਖਿਆ  ਇਸ ਲਈ, ਯਸ਼ੂ ਪਰਮੇਸੁਰ ਅਤੇ ਮਨੁੱਖ ਦੋਨੋਂ ਹੈ



ਯਸ਼ੂ ਨੇ ਬਹੁਤ ਸਾਰੇ ਕਰਿਸ਼ਮੇ ਕੀਤੇ ਅਤੇ ਇਹ ਸਾਬਤ ਕੀਤਾ ਕਿ ਉਹ ਪਰਮੇਸੁਰ ਹੈ  ਉਹ ਪਾਣੀ ਤੇ ਤੁਰਿਆ, ਤੂਫਾਨਾਂ ਨੂੰ ਸਾਂਤ ਕੀਤਾ ,ਉਸ ਨੇ ਬਹੁਤ ਸਾਰੇ ਬਿਮਾਰ ਲੋਕਾਂ ਨੂੰ ਚੰਗਾ ਕੀਤਾ , ਭੂਤਾਂ ਨੂੰ ਬਾਹਰ ਕੱਢਿਆ, ਮੁਰਦਿਆਂ ਨੂੰ ਜੀਵਨ ਦਿੱਤਾ, ਅਤੇ ਉਸ ਨੇ ਦੋ ਮੱਛੀਆਂ ਤੇ ਪੰਜ ਰੋਟੀਆਂ ਨਾਲ 5000 ਲੋਕਾਂ ਨੂੰ ਭੋਜਨ ਖਿਲਾਇਆ



ਯਸ਼ੂ ਇੱਕ ਬਹੁਤ ਵਧੀਆ ਅਧਿਆਪਕ ਸੀ, ਅਤੇ ਉਹ ਅਧਕਿਾਰ ਨਾਲ ਗੱਲ ਕਰਦਾ ਸੀ ਕਓਿਂਕ ਿਉਹ ਪਰਮੇਸੁਰ ਦਾ ਪੁੱਤਰ ਹੈ ਉਸ ਨੇ ਤੁਹਾਨੂੰ ਸਖਿਾਇਆ ਕ ਿਤੁਹਾਨੂੰ ਹੋਰ ਲੋਕਾਂ ਨੂੰ ਪਆਿਰ ਕਰਨ ਦੀ ਲੋੜ ਹੈ ਜਵਿੇ ਤੁਸੀ ਆਪਣੇ ਆਪ ਨੂੰ ਕਰਦੇ ਹੈ



ਉਸ ਨੇ ਇਹ ਵੀ ਸਖਿਾਇਆ ਕ ਿਤੁਹਾਨੂੰ ਕਸਿੇ ਹੋਰ ਚੀਜ ਨਾਲੋਂ ਵੱਧ ਪਰਮੇਸ਼ੁਰ ਨੂੰ ਪਆਿਰ ਕਰਨ ਦੀ ਲੋੜ ਹੈ, ਆਪਣੀ ਦੌਲਤ ਨਾਲੋਂ ਵੀ ਵੱਧ



ਯਸਿੂ ਨੇ ਕਹਿਾ ਕਿ ਪਰਮੇਸੁਰ ਦਾ ਰਾਜ ਸੰਸਾਰ ਵਿੱਚ ਹੋਰ ਸਾਰੀਆਂ ਚੀਜ਼ਾਂ ਤੋਂ ਵੱਧ ਕੀਮਤੀ ਹੈ ਕਸਿੇ ਵੀ ਵਅਿਕਤੀ ਲਈ ਸਭ ਮਹੱਤਵਪੂਰਨ ਗੱਲ ਇਹ ਹੈ ਕਿ ਉਹ ਪਰਮੇਸੁਰ ਦੇ ਰਾਜ ਨਾਲ ਸੰਬੰਧਤਿ ਹੈ ਪਰਮੇਸੁਰ ਦੇ ਰਾਜ ਵਿੱਚ ਪ੍ਰਵੇਸ਼ ਕਰਨ ਲਈ, ਤੁਹਾਨੂੰ ਆਪਣੇ ਪਾਪਾਂ ਤੋਂ ਬਚਾਇਆ ਜਾਣਾ ਜਰੂਰੀ ਹੈ



ਯਸਿੂ ਨੇ ਸਖਿਾਇਆ ਕਿ ਕੁਝ ਲੋਕ ਉਸ ਨੂੰ ਪ੍ਰਾਪਤ ਕਰਨਗੇ ਅਤੇ ਬਚਾਏ ਜਾਣਗੇ, ਪਰ ਦੂਸਰੇ ਨਹੀ ਉਸ ਨੇ ਕਹਿਾ ਕੁਝ ਲੋਕ ਚੰਗੀ ਮਿੱਟੀ ਵਰਗੇ ਹਨ ਉਹ ਯਸਿੂ ਦੀ ਖੁਸ਼ ਖ਼ਬਰੀ ਨੂੰ ਪ੍ਰਾਪਤ ਕਰਨਗੇ ਅਤੇ ਬਚਾਏ ਜਾਣਗੇ ਕੁੱਝ ਲੋਕ ਮਾਰਗ ਦੀ ਸਖ਼ਤ ਮਿੱਟੀ ਵਰਗੇ ਹਨ ਜਿੱਥੇ ਪਰਮੇਸੁਰ ਦੇ ਬਚਨ ਦਾ ਬੀਜ ਨਹੀ ਜਾਂਦਾ ਹੈ ਅਤੇ ਕਸਿੇ ਵੀ ਫਸਲ ਨੂੰ ਪੈਦਾ ਨਹੀ ਕਰਦਾ ਹੈ ਉਹਨਾਂ ਲੋਕਾਂ ਨੇ ਯਸਿੂ ਦੇ ਸੁਨੇਹੇ ਨੂੰ ਰੱਦ ਕੀਤਾ ਅਤੇ ਉਹ ਉਸ ਦੇ ਰਾਜ ਵਿੱਚ ਦਾਖਲ ਨਾ ਹੋਣਗੇ



ਯਸ਼ੂ ਨੇ ਸਖਿਾਇਆ ਕਿ ਪਰਮੇਸ਼ੁਰ ਪਾਪੀਆਂ ਨੂੰ ਬਹੁਤ ਪਿਆਰ ਕਰਦਾ ਹੈ  ਉਹ ਉਹਨਾਂ ਨੂੰ ਮਾਫ਼ ਕਰਕੇ ਉਹਨਾਂ ਨੂੰ ਆਪਣੇ ਬੱਚੇ ਬਣਾਉਣਾ ਚਾਹੁੰਦਾ ਹੈ



ਯਸ਼ੂ ਨੇ ਸਾਨੂੰ ਦੱਸਿਆ ਕਿ ਪਰਮੇਸ਼ੁਰ ਪਾਪ ਤੋਂ ਨਫ਼ਰਤ ਕਰਦਾ ਹੈ  ਜਦੋਂ ਆਦਮ ਅਤੇ ਹਵਾ ਨੇ ਪਾਪ ਕੀਤਾ ਉਸ ਦਾ ਅਸਰ ਸਾਰੀ ਔਲਾਦ ਤੇ ਪਿਆ  ਇਸ ਦੇ ਨਤੀਜੇ ਦੇ ਤੌਰ ਤੇ ਸੰਸਾਰ ਵੱਿਚ ਹਰ ਵਿਅਕਤੀ ਪਾਪੀ ਹੈ ਅਤੇ ਪਰਮੇਸ਼ੁਰ ਤੋਂ ਵੱਖ ਹੋ ਗਿਆ  ਇਸ ਲਈ ਹਰ ਕੋਈ ਪਰਮੇਸ਼ੁਰ ਦਾ ਦੁਸ਼ਮਣ ਬਣ ਗਿਆ



ਕਿਉਂਕਿ ਪਰਮੇਸੁਰ ਨੇ ਜਗਤ ਨੂੰ ਅਜਿਹਾ ਪਿਆਰ ਕੀਤਾ ਜੋ ਉਸ ਨੇ ਆਪਣਾ ਇਕਲੌਤਾ ਪੁੱਤਰ ਬਖਸ਼ ਦੱਿਤਾ ਤਾਂ ਜੋ ਹਰੇਕ ਜੋ ਉਸ ਉੱਤੇ ਵਸ਼ਿਵਾਸ ਕਰੇ ਨਾਸ ਨਾ ਹੋਵੇ ਪਰ ਸਦੀਪਕ ਜੀਵਨ ਪਾਵੇ



ਇਸ ਕਰਕੇ ਆਪਣੇ ਪਾਪਾਂ ਦੇ ਕਾਰਣ , ਤੁਸੀ ਦੋਸ਼ੀ ਅਤੇ ਮਰਨ ਦੇ ਹੱਕਦਾਰ ਹੋ ਪਰਮੇਸੁਰ ਤੁਹਾਡੇ ਨਾਲ ਗੁੱਸੇ ਹੋਣਾ ਚਾਹੀਦਾ ਹੈ ਪਰ ਉਸ ਨੇ ਆਪਣਾ ਗੁੱਸਾ ਤੁਹਾਡੇ ਬਜਾਏ ਯਿਸੂ ਤੇ ਡੋਲ੍ਹ ਦੱਿਤਾ ਜਦੋਂ ਯਿਸੂ ਦੀ ਸਲੀਬ ਤੇ ਮੌਤ ਹੋ ਗਈ ਉਹ ਤੁਹਾਡੇ ਪਾਪਾਂ ਦੀ ਸਜ਼ਾ ਸੀ




ਯਸ਼ੂ ਨੇ ਕਦੇ ਵੀ ਪਾਪ ਨਹੀ ਕੀਤਾ ਪਰ ਉਹ ਨੂੰ ਸਜ਼ਾ ਅਤੇ ਸੰਸਾਰ ਵੱਚਿ ਹਰ ਵਿਅਕਤੀ ਦੇ ਪਾਪਾਂ ਨੂੰ ਦੂਰ ਕਰਨ ਲਈ ਮੁਕੰਮਲ ਕੁਰਬਾਨੀ ਦੇ ਤੌਰ ਤੇ ਮਰਨ ਲਈ ਚੁਣਿਆ ਗਿਆ  ਯਸ਼ੂ ਨੇ ਆਪਣੇ ਆਪ ਨੂੰ ਕੁਰਬਾਨ ਕਰ ਕੀਤਾ, ਪਰਮੇਸੁਰ ਕੋਈ ਵੀ ਪਾਪ ਮਾਫ਼ ਕਰ ਸਕਦਾ ਹੈ, ਬਹੁਤ ਭਿਆਨਕ ਪਾਪ ਵੀ



ਚੰਗੇ ਕੰਮ ਤੁਹਾਨੂੰ ਬਚਾ ਨਹੀ ਸਕਦੇ  ਸੀ ਪਰਮੇਸੁਰ ਨਾਲ ਰਸ਼ਿਤਾ ਕਰਨ ਲਈ ਕੁਝ ਨਹੀ ਕਰ ਸਕਦੇ ਸਰਿਫ਼ ਯਸ਼ੂ ਹੀ ਤੁਹਾਡੇ ਪਾਪਾਂ ਨੂੰ ਧੋ ਕੇ ਦੂਰ ਕਰ ਸਕਦਾ ਹੈ  ਤੁਹਾਨੂੰ ਵਸ਼ਿਵਾਸ ਕਰਨਾ ਚਾਹੀਦਾ ਹੈ ਯਸ਼ੂ ਹੀ ਪਰਮੇਸੁਰ ਦਾ ਪੁੱਤਰ ਹੈ, ਉਹ ਤਹਾਡੀ ਬਜਾਏ ਸਲੀਬ ਤੇ ਮਰ ਗਿਆ, ਪਰਮੇਸੁਰ ਨੇ ਉਸਨੂੰ ਮਰਦਿਆਂ ਵੱਚੋਂ ਜੀਉਦਾ ਕੀਤਾ



ਪਰਮੇਸ਼ੁਰ ਉਸ ਨੂੰ ਬਚਾਏਗਾ ਜੋ ਯਸ਼ੂ ਤੇ ਵਸ਼ਿਵਾਸ ਕਰਦਾ ਹੈ, ਅਤੇ ਉਸ ਨੂੰ ਆਪਣੇ ਮਾਲਕ ਦੇ ਤੌਰ ਤੇ ਅਪਨਾਏਗਾ ਪਰ ਉਹ ਕਸਿੇ ਵੀ ਵਅਿਕਤੀ ਨੂੰ ਨਹੀ ਬਚਾਏਗਾ ਜੋ ਉਸ ਤੇ ਵਸ਼ਿਵਾਸ ਨਹੀ ਕਰੇਗਾ ਇਸ ਨਾਲ ਕੋਈ ਫ਼ਰਕ ਨਹੀ ਪੈਂਦਾ ਕਿ ਤੁਸੀ ਅਮੀਰ ਜਾਂ ਗਰੀਬ, ਆਦਮੀ ਜਾਂ ਔਰਤ, ਬਜੁਰਗ ਜਾਂ ਜਵਾਨ ਅਤੇ ਤੁਸੀ ਕੱਥਿੇ ਰਹੰਿਦੇ ਹੋ ਪਰਮੇਸ਼ੁਰ ਤੁਹਾਨੂੰ ਪਅਿਾਰ ਕਰਦਾ ਹੈ ਅਤੇ ਚਾਹੁੰਦਾ ਹੈ ਕਿ ਤੁਸੀ ਯਸ਼ੂ ਵੱਚਿ ਵਸ਼ਿਵਾਸ ਕਰੋ ਜਸਿ ਕਰਕੇ ਉਸ ਨਾਲ ਤੁਹਾਡਾ ਰਸ਼ਿਤਾ ਮਜਬੂਤ ਹੋ ਸਕੇ



ਯਸ਼ੂ ਤੁਹਾਨੂੰ ਸੱਦਾ ਦੰਿਦਾ ਹੈ ਉਸ ਵੱਚਿ ਵਸ਼ਿਵਾਸ ਕਰੋ ਅਤੇ ਬਪਤਸਿਮਾ ਲਵੋ ਕੀ ਤੁਹਾਨੂੰ ਵਸ਼ਿਵਾਸ ਹੈ ਕਿ ਯਸ਼ੂ ਹੀ ਮਸੀਹਾ ਹੈ, ਪਰਮੇਸ਼ੁਰ ਦਾ ਇਕਲੋਤਾ ਪੁੱਤਰ ? ਕੀ ਤੁਸੀ ਵਸ਼ਿਵਾਸ ਕਰਦੇ ਹੋ ਕਿ ਤੁਸੀ ਇੱਕ ਪਾਪੀ ਹੋ ਅਤੇ ਪਰਮੇਸ਼ੁਰ ਤੋਂ ਸਜ਼ਾ ਦੇ ਲਈ ਹੱਕਦਾਰ ਹੋ ? ਕੀ ਤੁਸੀ ਵਸ਼ਿਵਾਸ ਕਰਦੇ ਹੋ ਕਿ ਯਸ਼ੂ ਸਾਡੇ ਪਾਪਾਂ ਨੂੰ ਦੂਰ ਕਰਨ ਲਈ ਸਲੀਬ ਤੇ ਮਰ ਗਅਿਾ ?



ਜੇ ਤੁਸੀ ਵਿਸ਼ਿਵਾਸ ਕਰਦੇ ਹੋ ਕਿ ਯਸ਼ੂ ਨੇ ਸਾਡੇ ਲਈ ਇਹ ਕੀਤਾ, ਤੁਸੀ ਇੱਕ ਮਸੀਹੀ ਹੋ ! ਪਰਮੇਸ਼ੁਰ ਨੇ ਤੁਹਾਨੂੰ ਸ਼ਤਾਨ ਦੇ ਹਨੇਰੇ ਦੇ ਰਾਜ ਵੀੱਚੋਂ ਬਾਹਰ ਕੱਢ ਲਿਆ ਅਤੇ ਪਰਮੇਸ਼ੁਰ ਦੇ ਚਾਨਣ ਦੇ ਰਾਜ ਵੀੱਚ ਪਾ ਦਿੱਤਾ ਹੈ  ਪਰਮੇਸ਼ੁਰ ਨੇ ਤੁਹਾਡੇ ਕੰਮ ਕਰਨ ਦੇ ਪੁਰਾਣੇ ਪਾਪੀ ਤਰੀਕਿਆਂ ਨੂੰ ਲੈ ਲਿਆ ਅਤੇ ਤੁਹਾਨੂੰ ਕੰਮ ਕਰਨ ਦੇ ਨਵੇਂ ਧਰਮੀ ਤਰੀਕੇ ਦਿੱਤੇ



ਜੇਕਰ ਤੁਸੀ ਇੱਕ ਮਸੀਹੀ ਹੋ, ਪਰਮੇਸ਼ੁਰ ਨੇ ਯਸ਼ੂ ਦੇ ਬਲੀਦਾਨ ਦੁਆਰਾ ਤਹਾਡੇ ਪਾਪਾਂ ਨੂੰ ਮਾਫ਼ ਕੀਤਾ ਹੁਣ, ਪਰਮੇਸ਼ੁਰ ਤੁਹਾਨੂੰ ਦੁਸ਼ਮਣ ਦੀ ਬਜਾਏ ਆਪਣਾ ਇੱਕ ਦੋਸਤ ਸਮਝਦਾ ਹੈ



ਜੇ ਤੁਸੀ ਪਰਮੇਸ਼ੁਰ ਦੇ ਦੋਸਤ ਹੋ ਅਤੇ ਯਸ਼ੂ ਦੇ ਸੇਵਕ ਹੋ, ਤਾਂ ਤੁਸੀ ਯਸ਼ੂ ਦੀਆਂ ਸੱਖਿਆਵਾਂ ਦੀ ਪਾਲਣਾ ਕਰਨਾ ਚਾਹੋਗੇ  ਜੇਕਰ ਤੁਸੀ ਇੱਕ ਮਸੀਹੀ ਹੋ, ਪਰ ਤੁਹਾਨੂੰ ਅਜੇ ਵੀ ਪਾਪ ਕਰਨ ਲਈ ਉਕਸਾਇਆ ਜਾਵੇਗਾ  ਪਰ ਪਰਮੇਸ਼ੁਰ ਵਫ਼ਾਦਾਰ ਹੈ ਅਤੇ ਤੁਹਾਨੂੰ ਕਹੰਦਾ ਹੈ ਜੇਕਰ ਤੁਸੀ ਆਪਣੇ ਪਾਪਾਂ ਦਾ ਇਕਰਾਰ ਕਰਦੇ ਹੋ, ਉਹ ਤੁਹਾਨੂੰ ਮਾਫ਼ ਕਰੇਗਾ  ਉਹ ਤੁਹਾਨੂੰ ਪਾਪ ਦੇ ਵਰੁੱਧ ਲੜਨ ਦੀ ਤਾਕਤ ਦੰਦਾ ਹੈ



ਪਰਮੇਸ਼ੁਰ ਤੁਹਾਨੰ ਪ੍ਰਾਰਥਨਾ ਕਰਨ ਲਈ, ਉਸ ਦੇ ਬਚਨ ਦਾ ਅਧਐਿਨ ਕਰਨ ਲਈ, ਦੂਸਰੇ ਮਸੀਹੀਆਂ ਨਾਲ ਮਲਿ ਕੇ ਉਸ ਦੀ ਭਗਤੀ ਕਰਨ ਲਈ, ਅਤੇ ਉਸ ਨੇ ਤੁਹਾਡੇ ਲਈ ਕੀ ਕੁਝ ਕੀਤਾ ਹੈ ਹੋਰ ਲੋਕਾਂ ਨੂੰ ਦੱਸਣ ਲਈ ਤੁਹਾਨੂੰ ਕਹੰਦਾ ਹੈ  ਇਹ ਸਭ ਗੱਲਾਂ ਤੁਹਾਡੇ ਉਸ ਨਾਲ ਡੂੰਘੇ ਰਸ਼ਿਤੇ ਨੂੰ ਬਣਾਉਣ ਵੱਚਿ ਮਦਦ ਕਰਦੀਆਂ ਹਨ

ਬਾਈਬਲ ਦੀ ਕਹਾਣੀ*: ਰੋਮੀਆਂ ਨੂੰ 3:21–26,5:1–11; ਯੂਹੰਨਾ 3:16; ਮਰਕੁਸ  16:16; ਕੁਲੁੱਸੀਆਂ ਨੂੰ 1:13–14; 2 ਕੁਰੰਥੀਆਂ ਨੂੰ 5:17–21; 1 ਯੂਹੰਨਾ 1:5–10*

# 50. ਯਿਸੂ ਦੀ ਵਾਪਸੀ



ਲਗਭਗ 2,000 ਸਾਲ ਪਹਲਿਾਂ, ਸੰਸਾਰ ਭਰ ਵਿੱਚ ਬਹੁਤ ਜਿਆਦਾ ਲੋਕਾਂ ਨੇ ਯਸ਼ੂ ਮਸੀਹਾ ਦੀ ਖੁਸ਼ ਖ਼ਬਰੀ ਬਾਰੇ ਸੁਣਿਆ ਕਲੀਸਿਆ ਵੱਧ ਰਹੀਆਂ ਸਨ ਯਸ਼ੂ ਨੇ ਵਾਅਦਾ ਕੀਤਾ ਉਹ ਸੰਸਾਰ ਦੇ ਅੰਤ ਤੇ ਵਾਪਸ ਆਵੇਗਾ ਉਹ ਅਜੇ ਵੀ ਵਾਪਸ ਨਹੀ ਆਇਆ ਪਰ ਉਹ ਆਪਣਾ ਵਾਅਦਾ ਪੂਰਾ ਕਰੇਗਾ



ਜਵਿੇਂ ਅਸੀ ਯਸ਼ੂ ਦੇ ਵਾਪਸ ਆਣ ਦੀ ਉਡੀਕ ਕਰ ਰਹੇ ਹਾਂ ਪਰਮੇਸੁਰ ਚਾਹੁੰਦਾ ਹੈ ਕਿ ਸਾਨੂੰ ਪਵਿੱਤਿਰ ਤਰੀਕੇ ਨਾਲ ਜੀਵਨ ਬਤੀਤ ਕਰਨਾ ਚਾਹੀਦਾ ਹੈ ਜਸਿ ਨਾਲ ਉਸ ਨੂੰ ਆਦਰ ਮਲਿੇ ਉਹ ਇਹ ਵੀ ਚਾਹੁੰਦਾ ਹੈ ਕਿ ਅਸੀ ਉਸ ਦੇ ਰਾਜ ਬਾਰੇ ਹੋਰ ਲੋਕਾਂ ਨੂੰ ਦੱਸੀਏ ਜਦੋਂ ਯਸ਼ੂ ਧਰਤੀ ਤੇ ਰਹਿ ਰਹਿਾ ਸੀ ਉਸ ਨੇ ਆਪਣੇ ਚੇਲਿਆਂ ਨੂੰ ਕਹਿਾ, ਪਰਮੇਸੁਰ ਦੇ ਰਾਜ ਦੀ ਖੁਸ਼ ਖ਼ਬਰੀ ਦਾ ਪ੍ਰਚਾਰ ਸੰਸਾਰ ਵਿੱਚ ਹਰ ਜਗ੍ਹਾ ਦੇ ਲੋਕਾਂ ਵਿੱਚ ਕੀਤਾ ਜਾਵੇ ਅਤੇ ਫਰਿ ਅੰਤ ਆਵੇਗਾ



ਬਹੁਤ ਸਾਰੇ ਲੋਕਾਂ ਨੇ ਅਜੇ ਵੀ ਯਿਸੂ ਬਾਰੇ ਨਹੀ ਸੁਣਿਆ ਸਵਰਗ ਤੇ ਜਾਣ ਤੋਂ ਪਹਿਲਾਂ ਯਿਸੂ ਨੇ ਮਸੀਹੀ ਲੋਕਾਂ ਨੂੰ ਕਹਿਆ ਕਿ ਉਸ ਦਾ ਸੁਸਮਾਚਾਰ ਉਹਨਾਂ ਲੋਕਾਂ ਨੂੰ ਸੁਣਾਓ ਜੀਨਾਂ ਅਜੇ ਤੱਕ ਨਹੀ ਸੁਣਿਆ ਉਸ ਨੇ ਕਹਿਆ ਜਾਓ ਅਤੇ ਸਾਰੇ ਲੋਕਾਂ ਨੂੰ ਚੇਲੇ ਬਣਾਓ ਅਤੇ ਖੇਤ ਵਾਢੀ ਲਈ ਤਿਆਰ ਹਨ



ਯਿਸੂ ਨੇ ਇਹ ਵੀ ਕਹਿਆ ਇੱਕ ਦਾਸ ਆਪਣੇ ਮਾਲਕ ਨਾਲੋਂ ਵੱਧ ਮਹਾਨ ਨਹੀ ਇਸ ਸੰਸਾਰ ਦੇ ਪ੍ਰਸ਼ਾਸਨ ਨੇ ਮੈਨੂੰ ਵੀ ਨਫ਼ਰਤ ਕੀਤੀ, ਉਸੇ ਤਰਾਂ ਉਹ ਮੇਰੇ ਕਾਰਣ ਤੁਹਾਨੂੰ ਤਸੀਹੇ ਦੇ ਕੇ ਮਾਰ ਦੇਣਗੇ ਇਸ ਸੰਸਾਰ ਵੱਿਚ ਤੁਸੀ ਦੁੱਖ ਉਠਾਓਗੇ , ਪਰ ਉਤਸ਼ਾਹਤਿ ਹੋਵੋ ਕਉਿਕਿ ਮੈਂ ਸ਼ਤਾਨ ਨੂੰ ਹਰਾ ਦੱਿਤਾ ਜੋ ਇਸ ਜਗਤ ਦਾ ਰਾਜਾ ਹੈ ਜੇ ਤੁਸੀ ਅੰਤ ਤੱਕ ਮੇਰੇ ਨਾਲ ਵਫ਼ਾਦਾਰ ਰਹੋਗੇ, ਫਰਿ ਪਰਮੇਸੁਰ ਤੁਹਾਨੂੰ ਬਚਾਏਗਾ



ਯਸ਼ੂ ਨੇ ਆਪਣੇ ਚੇਲਿਆਂ ਨੂੰ ਸਮਝਾਉਣ ਲਈ ਇਕ ਕਹਾਣੀ ਦੱਸੀ ਸੰਸਾਰ ਦੇ ਅੰਤ ਤੇ ਲੋਕਾਂ ਦਾ ਕੀ ਹੋਵੇਗਾ  ਉਸ ਨੇ ਕਹਿਾ ਇੱਕ ਆਦਮੀ ਨੇ ਆਪਣੇ ਖੇਤ ਵੀੱਚ ਚੰਗਾ ਬੀਜ ਲਾਇਆ  ਜਦੋਂ ਉਹ ਸੁੱਤਾ ਪਆਿ ਸੀ ਉਸਦਾ ਵੈਰੀ ਆਇਆ ਅਤੇ ਉਸਦੀ ਕਣਕ ਦੇ ਨਾਲ-ਨਾਲ ਬੂਟੀ ਬੀਜ ਗਿਆ ਅਤੇ ਫਰਿ ਉਹ ਦੂਰ ਚਲਾ ਗਆਿ



ਜਦੋਂ ਪੌਦੇ ਨਕਿਲੇ ਤਾਂ ਮਨੁੱਖ ਦੇ ਸੇਵਕ ਨੇ ਕਹਿਾ ਸੁਆਮੀ ਜੀ ਤੁਸੀ ਤਾਂ ਖੇਤ ਵੀੱਚ ਚੰਗੇ ਬੀਜ ਲਾਏ ਸੀ ਇਸ ਲਈ ਉੱਥੇ ਬੂਟੀ ਕਉਿ ਹੈ ? ਸੁਆਮੀ ਨੇ ਜਵਾਬ ਦੀੱਤਾ ਪੱਕਾ ਕਸਿੇ ਵੈਰੀ ਨੇ ਲਾਏ ਹਨ '"



“ਸੇਵਕ ਨੇ ਆਪਣੇ ਮਾਲਕ ਨੂੰ ਪੁੱਛਿਆ ਸਾਨੂੰ ਬੂਟੀ ਨੂੰ ਬਾਹਰ ਕੱਢ ਦੇਣਾ ਚਾਹੀਦਾ ਹੈ ? ਸੁਆਮੀ ਨੇ ਕਹਿਾ, ਨਹੀ ਜੇ ਤੁਸੀ ਇੰਝ ਕਰੋਗੇ, ਤਾਂ ਤੁਸੀ ਇਸ ਦੇ ਨਾਲ ਕਣਕ ਵੀ ਪੁੱਟ ਦੇਵੋਗੇ ਵਾਢੀ ਦੀ ਉਡੀਕ ਕਰੋ ਅਤੇ ਫਰਿ ਬੂਟੀ ਨੂੰ ਸਾੜਨ ਲਈ ਢੇਰ ਵੀੱਚ ਇਕੱਠਾ ਕਰਨਾ, ਪਰ ਕਣਕ ਨੂੰ ਮੇਰੇ ਕੋਠੇ ਵੀੱਚ ਲੈ ਆਉਣਾ ”’



ਚੇਲੇ ਕਹਾਣੀ ਦਾ ਮਤਲਬ ਨਾ ਸਮਝ ਸਕੇ, ਇਸ ਲਈ ਉਹਨਾਂ ਯਸ਼ੂ ਨੂੰ ਕਹਾਣੀ ਸਮਝਾਉਣ ਲਈ ਕਹਿਾ ਯਸ਼ੂ ਨੇ ਕਹਿਾ ਚੰਗਾ ਬੀਜ ਬੀਜਣ ਵਾਲਾ ਮਨੁੱਖ ਮਸੀਹ ਨੂੰ ਦਰਸ਼ਾਉਂਦਾ ਹੈ ਖੇਤ ਸੰਸਾਰ ਨੂੰ ਦਰਸ਼ਾਉਂਦਾ ਹੈ ਚੰਗਾ ਬੀਜ ਪਰਮੇਸੁਰ ਦੇ ਰਾਜ ਦੇ ਲੋਕਾਂ ਨੂੰ ਦਰਸ਼ਾਉਂਦਾ ਹੈ



“ਜੰਗਲੀ ਬੂਟੀ ਦੁਸ਼ਟ ਨਾਲ ਸੰਬੰਧਤਿ ਲੋਕਾਂ ਨੂੰ ਦਰਸ਼ਾਉਂਦੀ ਹੈ ਦੁਸ਼ਮਣ ਜਸਿ ਨੇ ਬੂਟੀ ਨੂੰ ਲਾਇਆ ਸੀ ਉਹ ਸ਼ਤਾਨ ਨੂੰ ਦਰਸ਼ਾਉਂਦਾ ਹੈ ਵਾਢੀ ਦਾ ਵੇਲਾ ਜੁਗ ਦੇ ਅੰਤ ਨੂੰ ਦਰਸ਼ਾਉਂਦਾ ਹੈ ਅਤੇ ਵਾਢੀ ਕਰਨ ਵਾਲੇ ਪਰਮੇਸ਼ੁਰ ਦੇ ਦੂਤਾਂ ਨੂੰ ਦਰਸ਼ਾਉਂਦੇ ਹਨ ”



“ਜਦੋਂ ਸੰਸਾਰ ਦਾ ਅੰਤ ਹੋਵੇਗਾ, ਸਾਰੇ ਦੂਤ ਇਕੱਠੇ ਹੋਣਗੇ ਤੇ ਉਹ ਸਾਰੇ ਲੋਕਾਂ ਨੂੰ ਜੋ ਸ਼ਤਾਨ ਨਾਲ ਸੰਬੰਧਤਿ ਹਨ ਅਤੇ ਉਹਨਾਂ ਨੂੰ ਭਿਆਨਕ ਅੱਗ ਵੱਿਚ ਸੁੱਟਣਗੇ ਜੱਿਥੇ ਉਹ ਰੋਣਗੇ, ਦੰਦਾਂ ਨੂੰ ਪੀਸਣਗੇ, ਭਿਆਨਕ ਦੁੱਖ ਉਠਾਉਣਗੇ ਤਦ ਧਰਮੀ ਲੋਕ ਆਪਣੇ ਪਤਿਾ ਪਰਮੇਸ਼ੁਰ ਦੇ ਰਾਜ ਵੱਿਚ ਸੂਰਜ ਵਰਗਾ ਚਮਕਣਗੇ ”



ਯਸ਼ੂ ਨੇ ਇਹ ਵੀ ਕਹਿਾ ਉਹ ਸੰਸਾਰ ਦੇ ਅੰਤ ਤੋਂ ਪਹਲਿਾਂ ਧਰਤੀ ਤੇ ਵਾਪਸ ਆਵੇਗਾ  ਉਹ ਉਸੇ ਤਰੀਕੇ ਨਾਲ ਵਾਪਸ ਆਵੇਗਾ ਜਸਿ ਤਰਾਂ ਉਹ ਛੱਡ ਕੇ ਗਆਿ ਸੀ, ਉਹ ਭੌਤਕਿ ਸਰੀਰ ਨਾਲ ਅਕਾਸ਼ ਵੱਚਿ ਬੱਦਲਾਂ ਤੇ ਆਵੇਗਾ  ਜਦੋਂ ਯਸ਼ੂ ਵਾਪਸ ਆਏਗਾ, ਹਰ ਮਸੀਹੀ ਜੋ ਮਰ ਚੁਕਆਿ ਹੈ ਫਰਿ ਜੀ ਉੱਠੇਗਾ ਅਤੇ ਅਸਮਾਨ ਵਚਿ ਉਸ ਨੂੰ ਮਲਿਣਗੇ



ਫਰਿ ਉਹ ਮਸੀਹੀ ਜੋ ਅਜੇ ਵੀ ਜੀਂਦਾ ਅਕਾਸ਼ ਵੱਚਿ ਉੱਠਾਏ ਜਾਣਗੇ ਅਤੇ ਉਹਨਾਂ ਮਸੀਹੀਆਂ ਵੱਚਿ ਸ਼ਾਮਲ ਹੋਣਗੇ ਜੋ ਮੁਰਦਆਿਂ ਵੱਚੋਂ ਜੀ ਉਠੇ ਹਨ  ਉਹ ਸਾਰੇ ਉੱਥੇ ਯਸ਼ੂ ਦੇ ਨਾਲ ਹੋਣਗੇ  ਉਸ ਤੋਂ ਬਾਅਦ ਯਸ਼ੂ ਸਦਾ ਲਈ ਸੰਪੂਰਣ ਅਮਨ ਅਤੇ ਏਕਤਾ ਨਾਲ ਆਪਣੇ ਲੋਕਾਂ ਦੇ ਨਾਲ ਰਹੇਗਾ



ਯਸ਼ੂ ਨੇ ਹਰ ਇੱਕ ਜੋ ਉਸ ਵੱਿਚ ਵਸ਼ਿਵਾਸ ਕਰਦਾ ਹੈ, ਉਸ ਨੂੰ ਤਾਜ ਦੇਣ ਦਾ ਵਾਅਦਾ ਕੀਤਾ ਹੈ ਉਹ ਸਦਾ ਲਈ ਸੰਪੂਰਣ ਸਾਂਤੀ ਵੱਿਚ ਰਹਣਿਗੇ ਅਤੇ ਪਰਮੇਸੁਰ ਦੇ ਨਾਲ ਰਾਜ ਕਰਨਗੇ



ਪਰ ਪਰਮੇਸ਼ੁਰ ਹਰ ਇੱਕ ਦਾ ਨਰਿਣਾ ਕਰੇਗਾ ਜਸਿ ਨੇ ਯਸ਼ੂ ਤੇ ਵਸ਼ਿਵਾਸ ਨਹੀ ਕੀਤਾ ਉਹ ਉਹਨਾਂ ਨੂੰ ਨਰਕ ਵੱਿਚ ਸੁੱਟੇਗਾ, ਜੱਿਥੇ ਉਹ ਰੋਣਗੇ, ਆਪਣੇ ਦੰਦਾਂ ਨੂੰ ਕਰੀਚਣਗੇ ਅਤੇ ਸਦਾ ਲਈ ਕਸ਼ਟ ਭੋਗਣਗੇ ਅੱਗ ਕਦੇ ਵੀ ਬੁਜੇਗੀ ਨਹੀ ਲਗਾਤਾਰ ਉਹਨਾਂ ਨੂੰ ਸਾੜ ਦੀ ਰਹੇਗੀ ਅਤੇ ਕੀੜੇ ਉਹਨਾਂ ਨੂੰ ਖਾਣਾ ਕਦੇ ਵੀ ਬੰਦ ਨਹੀ ਕਰਨਗੇ



ਜਦੋਂ ਯਸ਼ੂ ਵਾਪਸ ਆਏਗਾ, ਉਹ ਸ਼ਤਾਨ ਨੂੰ ਅਤੇ ਉਸ ਦੇ ਰਾਜ ਨੂੰ ਪੂਰੀ ਤਰਾਂ ਤਬਾਹ ਕਰ ਦੇਵੇਗਾ ਉਹ ਸ਼ੈਤਾਨ ਨੂੰ ਨਰਕ ਵੱਿਚ ਸੁੱਟ ਦੇਵੇਗਾ ਜੱਿਥੇ ਉਹ ਸਦਾ ਲਈ ਸੜੇਗਾ, ਉਹਨਾਂ ਨੂੰ ਵੀ ਜੱਿਨਾਂ ਸ਼ੈਤਾਨ ਦੀ ਪਾਲਣਾ ਕੀਤੀ ਬਜਾਏ ਪਰਮੇਸੁਰ ਦੀ ਆਗਿਆ ਮੰਨਣ ਦੇ



ਆਦਮ ਅਤੇ ਹਵਾ ਨੇ ਪਰਮੇਸ਼ੁਰ ਦਾ ਕਹਣਿਾ ਨਾ ਮੰਨਿਆ ਅਤੇ ਇਸ ਸੰਸਾਰ ਵੱਿਚ ਪਾਪ ਨੂੰ ਲਆਿਂਦਾ, ਇਸ ਕਰਕੇ ਪਰਮੇਸ਼ੁਰ ਨੇ ਉਹਨਾਂ ਨੂੰ ਸਰਾਪ ਦੱਿਤਾ ਅਤੇ ਤਬਾਹ ਕਰਨ ਦਾ ਫੈਸਲਾ ਕੀਤਾ ਪਰ ਕੁਝ ਦਨਿ ਪਰਮੇਸੁਰ ਇੱਕ ਨਵਾਂ ਸਵਰਗ ਅਤੇ ਨਵੀ ਧਰਤੀ ਨੂੰ ਬਣਾਏਗਾ ਜੋ ਕਿ ਸੰਪੂਰਣ ਹੈ



ਯਸ਼ੂ ਅਤੇ ਉਸ ਦੇ ਲੋਕ ਨਵੀ ਧਰਤੀ ਤੇ ਰਹਣਿਗੇ ਅਤੇ ਉਹ ਸਦਾ ਲਈ ਹਰ ਚੀਜ਼ ਤੇ ਰਾਜ ਕਰਨਗੇ ਉਹ ਹਰ ਅੱਥਰੂ ਪੂੰਝ ਦੇਵੇਗਾ ਅਤੇ ਕੋਈ ਹੋਰ ਦੁੱਖ , ਉਦਾਸੀ , ਰੋਣਾ , ਬਦੀ , ਦਰਦ ਅਤੇ ਮੌਤ ਉਥੇ ਨਹੀ ਹੋਣਗੇ ਯਸ਼ੂ ਅਮਨ ਅਤੇ ਇਨਸਾਫ਼ ਨਾਲ ਆਪਣੇ ਰਾਜ ਤੇ ਸਾਸਨ ਕਰੇਗਾ ਅਤੇ ਉਹ ਹਮੇਸ਼ਾ ਲਈ ਆਪਣੇ ਲੋਕਾਂ ਨਾਲ ਰਹੇਗਾ

ਬਾਈਬਲ ਦੀ ਕਹਾਣੀ*: ਮੱਤੀ 24:14 ; 28:18 ; ਯੂਹੰਨਾ 15:20,16:33 ; ਪਰਕਾਸ਼ ਦੀ ਪੋਥੀ 2:10 ; ਮੱਤੀ 13 : 24–30,36–42 ; 1 ਥੱਸਲੁਲੀਕੀਆਂ 4: 13–5 : 11 ; ਯਾਕੂਬ 1:12 ; ਮੱਤੀ 22:13 ; ਪਰਕਾਸ਼ ਦੀ ਪੋਥੀ 20:10,21 : 1–22 : 21*

## Get Involved!

We want to make this visual mini-Bible available in*every language of the world* and you can help! This is not impossible—we think it can happen if the whole body of Christ works together to translate & distribute this resource.

## Share Freely

Give as many copies of this book away as you want, without restriction. All digital versions are free online, and because of the open license we are using, you can even republish Open Bible Stories commercially anywhere in the world without paying royalties! Find out more at (http://openbiblestories.com.)

## Extend!

Get Open Bible Stories as videos and mobile phone applications in other languages at (http://openbiblestories.com.) On the website, you can also get help translating Open Bible Stories into*your* language.